9-APRIL-PAGE-1.qxd 4/8/2024 9:38 PM Page 1

ਮੰਗਲਵਾਰ, 9 ਅਪ੍ਰੈਲ, 2024
27 ਚੇਤ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 309

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 9 APRIL, 2024 ਜਲੰਧਰ
YouTube nawan zamana TV
ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮੋਦੀ ਫਿਰ ਪ੍ਰਧਾਨ ਮੰਤਰੀ ਬਣੇ ਤਾਂ ਮਨੀਪੁਰ ਵਰਗੇ ਹਾਲਾਤ ਬਣ ਜਾਣਗੇ : ਪਰਕਲਾ



**ਨਵੀਂ ਦਿੱਲੀ** : ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਪਤੀ ਤੇ ਉੱਘੇ ਅਰਥ ਸ਼ਾਸਤਰੀ ਪਰਕਲਾ ਪ੍ਰਭਾਕਰ ਨੇ ਕਿਹਾ ਹੈ ਕਿ ਜੇ ਭਾਜਪਾ ਫਿਰ ਸੱਤਾ ਵਿਚ ਆਉਂਦੀ ਹੈ ਤਾਂ ਭਾਰਤ ਦਾ ਸੰਵਿਧਾਨ ਬਦਲ ਦੇਵੇਗੀ। 'ਭਾਰਤ ਕਾ ਨਕਸ਼ਾ ਬਦਲ ਜਾਏਗਾ ਔਰ ਆਪ ਇਸਕੋ ਪਹਿਚਾਨ ਭੀ ਨਹੀਂ ਸਕੋਗੇ।'

ਉਨ੍ਹਾ ਇਕ ਟੀ ਵੀ ਨਾਲ ਇੰਟਰਵਿਊ ਵਿਚ ਕਿਹਾ ਕਿ ਮੋਦੀ ਖੁਦ ਲਾਲ ਕਿਲ੍ਹੇ ਤੋਂ ਨਫਰਤੀ ਤਕਰੀਰ ਕਰਨਗੇ ਅਤੇ ਲੱਦਾਖ ਤੇ ਮਨੀਪੁਰ ਵਰਗੀ ਸਥਿਤੀ ਪੂਰੇ ਦੇਸ਼ ਵਿਚ ਬਣ ਜਾਵੇਗੀ। ਨਰਿੰਦਰ ਮੋਦੀ ਦੇ ਫਿਰ ਪ੍ਰਧਾਨ ਮੰਤਰੀ ਬਣਨ 'ਤੇ ਅੱਗੇ ਤੋਂ ਚੋਣਾਂ ਨਹੀਂ ਹੋਣਗੀਆਂ।

ਮੋਦੀ ਤੇ ਭਾਜਪਾ ਆਗੂਆਂ ਦੀਆਂ 'ਜਿਸਕੋ ਪਾਕਿਸਤਾਨ ਜਾਨੇ ਕਾ ਹੈ ਜਾਨੇ ਦੋ' ਵਰਗੀਆਂ ਤਕਰੀਰਾਂ ਦਾ ਹਵਾਲਾ ਦਿੰਦਿਆਂ ਉਨ੍ਹਾ ਖਬਰਦਾਰ ਕੀਤਾ ਕਿ ਇਹ ਤਕਰੀਰਾਂ ਹੁਣ ਲਾਲ ਕਿਲ੍ਹੇ ਤੋਂ ਕੀਤੀਆਂ ਜਾਣਗੀਆਂ। ਮੋਦੀ ਖੁਦ ਲਾਲ ਕਿਲ੍ਹੇ ਤੋਂ ਨਫਰਤੀ ਤਕਰੀਰ ਕਰਨਗੇ, ਕਿਸੇ ਲੁਕ-ਲੁਕਾ ਤੋਂ ਬਿਨਾਂ। ਨਫਰਤੀ ਤਕਰੀਰਾਂ 'ਖੁੱਲ੍ਹਾ ਖੇਲ' ਹੋਣਗੀਆਂ। ਜੇ ਮੋਦੀ ਫਿਰ ਪ੍ਰਧਾਨ ਮੰਤਰੀ ਬਣੇ ਤਾਂ ਮਨੀਪੁਰ ਵਿਚ ਕੁੱਕੀ ਤੇ ਮੈਤੇਈ ਭਾਈਚਾਰਿਆਂ ਵਿਚਾਲੇ ਹੋਏ ਟਕਰਾਅ ਵਰਗਾ ਟਕਰਾਅ ਸਾਰੇ ਦੇਸ਼ ਵਿਚ ਆਮ ਗੱਲ ਹੋ ਜਾਵੇਗੀ।

ਇਸ ਤੋਂ ਪਹਿਲਾਂ ਉਨ੍ਹਾ ਮਾਰਚ ਵਿਚ ਇਕ ਟੀ ਵੀ ਚੈਨਲ ਨਾਲ ਇੰਟਰਵਿਊ ਵਿਚ ਕਿਹਾ ਸੀ ਕਿ ਚੋਣ ਬਾਂਡ ਭਾਰਤ ਦਾ ਹੀ ਸਭ ਤੋਂ ਵੱਡਾ ਘੁਟਾਲਾ ਨਹੀਂ, ਸਗੋਂ ਦੁਨੀਆ ਦਾ ਸਭ ਤੋਂ ਵੱਡਾ ਘੁਟਾਲਾ ਹੈ। ਚੋਣ ਬਾਂਡਾਂ ਤੋਂ ਬਾਅਦ ਕੁਰੱਪਸ਼ਨ ਜਨਤਕ ਬਣ ਗਈ ਹੈ ਤੇ ਲੋਕ ਸਭਾ ਚੋਣਾਂ ਵਿਚ ਲੜਾਈ ਦੋ ਗਠਜੋੜਾਂ ਵਿਚਾਲੇ ਨਹੀਂ, ਸਗੋਂ ਭਾਜਪਾ ਤੇ ਭਾਰਤ ਦੇ ਲੋਕਾਂ ਵਿਚਾਲੇ ਹੈ।

## ਸੋਸ਼ਲ ਮੀਡੀਆ 'ਤੇ ਟਿੱਪਣੀਆਂ ਨੂੰ ਲੈ ਕੇ ਕਿੰਨਿਆਂ ਕੁ ਨੂੰ ਅੰਦਰ ਡੱਕਾਂਗੇ : ਸੁਪਰੀਮ ਕੋਰਟ

### ਮੁੱਖ ਮੰਤਰੀ ਵਿਰੁੱਧ ਟਿੱਪਣੀਆਂ ਕਰਨ ਵਾਲੇ ਯੂਟਿਊਬਰ ਦੀ ਜ਼ਮਾਨਤ ਬਹਾਲ



**ਨਵੀਂ ਦਿੱਲੀ** : ਇਹ ਕਹਿੰਦਿਆਂ ਕਿ ਸੋਸ਼ਲ ਮੀਡੀਆ 'ਤੇ ਦੋਸ਼ ਲਾਉਣ ਵਾਲੇ ਹਰ ਕਿਸੇ ਨੂੰ ਸਲਾਖਾਂ ਪਿੱਛੇ ਨਹੀਂ ਡੱਕਿਆ ਜਾ ਸਕਦਾ, ਸੁਪਰੀਮ ਕੋਰਟ ਨੇ ਸੋਮਵਾਰ ਇਕ ਯੂਟਿਊਬਰ ਦੀ ਜ਼ਮਾਨਤ ਬਹਾਲ ਕਰ ਦਿੱਤੀ, ਜਿਸ 'ਤੇ 2021 ਵਿਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੀ ਸ਼ਾਨ ਖਿਲਾਫ ਟਿੱਪਣੀਆਂ ਕਰਨ ਦਾ ਦੋਸ਼ ਲਾਇਆ ਗਿਆ ਸੀ। ਜਸਟਿਸ ਅਭੈ ਐੱਸ ਓਕਾ ਤੇ ਜਸਟਿਸ ਉੱਜਲ ਭੂਈਆਂ ਦੀ ਬੈਂਚ ਨੇ ਏ ਦੁਰਈਮੁਰੂਗਨ ਸੱਤਾਈ ਦੀ ਜ਼ਮਾਨਤ ਰੱਦ ਕਰਨ ਦੇ ਹੁਕਮ ਨੂੰ ਰੱਦ ਕਰਦਿਆਂ ਤਾਮਿਲਨਾਡੂ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੂੰ ਕਿਹਾ—ਜੇ ਚੋਣਾਂ ਤੋਂ ਪਹਿਲਾਂ ਅਸੀਂ ਯੂਟਿਊਬ 'ਤੇ ਦੋਸ਼ ਲਾਉਣ ਵਾਲੇ ਹਰੇਕ ਵਿਅਕਤੀ ਨੂੰ ਸਲਾਖਾਂ ਪਿੱਛੇ ਡੱਕਣਾ ਸ਼ੁਰੂ ਕਰਦੇ ਹਾਂ ਤਾਂ ਅੰਦਾਜ਼ਾ ਲਾ ਸਕਦੇ ਹੋ ਕਿ ਕਿੰਨੇ ਲੋਕ ਜੇਲ੍ਹਾਂ ਵਿਚ ਹੋਣਗੇ?

ਰੋਹਤਗੀ ਨੇ ਕਿਹਾ ਕਿ ਸੱਤਾਈ ਖਿਲਾਫ ਦਸੰਬਰ 2022 ਤੇ ਮਾਰਚ 2023 ਵਿਚ ਦੋ ਐੱਫ ਆਈ ਆਰ ਦਰਜ ਕੀਤੀਆਂ ਗਈਆਂ ਸਨ। ਐੱਫ ਆਈ ਆਰ ਘੋਖਣ ਤੋਂ ਬਾਅਦ ਸੁਪਰੀਮ ਕੋਰਟ ਨੇ ਕਿਹਾ ਕਿ ਸੱਤਾਈ ਖਿਲਾਫ ਦੋਸ਼ ਹਨ ਕਿ ਉਸ ਨੇ ਬਾਬਰੀ ਮਸਜਿਦ ਢਾਹੁਣ ਦੀ ਨਿੰਦਾ ਕਰਨ ਖਿਲਾਫ ਪ੍ਰੋਟੈਸਟ ਕੀਤਾ ਅਤੇ ਹਿਰਾਸਤ ਵਿਚ ਲਏ ਕੁਝ ਲੋਕਾਂ ਨੂੰ ਛੱਡਣ ਦੀ ਮੰਗ ਕਰਦਿਆਂ ਤਿੱਖੇ ਬੋਲ ਬੋਲੇ। ਕੋਰਟ ਨੇ ਕਿਹਾ—ਅਸੀਂ ਨਹੀਂ ਸਮਝਦੇ ਮੁਲਜ਼ਮ ਨੇ ਪ੍ਰੋਟੈਸਟ ਕਰਦਿਆਂ ਤੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਆਪਣੀ ਆਜ਼ਾਦੀ ਦੀ ਦੁਰਵਰਤੋਂ ਨਹੀਂ ਕੀਤੀ। ਕੋਰਟ ਨੇ ਸੂਬਾ ਸਰਕਾਰ ਦੀ ਇਹ ਬੇਨਤੀ ਵੀ ਰੱਦ ਕਰ ਦਿੱਤੀ ਕਿ ਸੱਤਾਈ 'ਤੇ ਜ਼ਮਾਨਤ 'ਤੇ ਹੁੰਦਿਆਂ ਘਟੀਆ ਟਿੱਪਣੀਆਂ ਕਰਨ ਤੋਂ ਰੋਕ ਲਾਈ ਜਾਵੇ। ਉਸ ਨੇ ਕਿਹਾ ਕਿ ਇਹ ਫੈਸਲਾ ਕੌਣ ਕਰੇਗਾ ਕਿ ਟਿੱਪਣੀਆਂ ਘਟੀਆ ਹਨ ਕਿ ਨਹੀਂ।

ਮਦਰਾਸ ਹਾਈ ਕੋਰਟ ਨੇ ਸੱਤਾਈ ਦੀ ਜ਼ਮਾਨਤ ਇਹ ਕਹਿੰਦਿਆਂ ਰੱਦ ਕਰ ਦਿੱਤੀ ਸੀ ਕਿ ਉਸ ਨੇ ਕੋਰਟ ਨੂੰ ਵਚਨ ਦੇਣ ਦੇ ਬਾਵਜੂਦ ਸਟਾਲਿਨ ਖਿਲਾਫ ਘਟੀਆ ਟਿੱਪਣੀਆਂ ਕੀਤੀਆਂ। ਸੱਤਾਈ ਨੇ ਇਸ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਸੀ। ਮਾਮਲੇ ਵਿਚ ਜ਼ਮਾਨਤ ਮੰਗਣ ਵੇਲੇ ਸੱਤਾਈ ਨੇ ਕੋਰਟ ਵਿਚ ਹਲਫਨਾਮਾ ਦਿੱਤਾ ਸੀ ਕਿ ਉਹ ਕਿਸੇ ਖਿਲਾਫ ਘਟੀਆ ਟਿੱਪਣੀਆਂ ਨਹੀਂ ਕਰੇਗਾ। ਉਸ ਨੂੰ ਸਟਾਲਿਨ ਤੇ ਹੋਰਨਾਂ ਖਿਲਾਫ ਘਟੀਆ ਟਿੱਪਣੀਆਂ ਕਰਨ 'ਤੇ ਪੁਲਸ ਨੇ ਗ੍ਰਿਫਤਾਰ ਕੀਤਾ ਸੀ, ਪਰ ਫਿਰ ਜ਼ਮਾਨਤ ਦੇ ਦਿੱਤੀ ਸੀ।

## ਇਮਰਾਨ ਦੀ ਰਿਹਾਈ ਇਸੇ ਮਹੀਨੇ ਸੰਭਵ



**ਇਸਲਾਮਾਬਾਦ** : ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਨੇਤਾ ਸਰਦਾਰ ਲਤੀਫ ਖੋਸਾ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਦੇ ਬਾਨੀ ਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅਪ੍ਰੈਲ 'ਚ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਜਾਵੇਗਾ। ਖੋਸਾ ਨੇ ਐਤਵਾਰ ਏ ਆਰ ਵਾਈ ਨਿਊਜ਼ 'ਤੇ ਇੱਕ ਸ਼ੋਅ ਦੌਰਾਨ ਕਿਹਾ—ਅਦਾਲਤ ਨੇ ਤੋਸ਼ਾਖਾਨਾ ਮਾਮਲੇ 'ਚ ਇਮਰਾਨ ਦੀ ਸਜ਼ਾ ਨੂੰ ਮੁਅੱਤਲ ਕਰ ਦਿੱਤਾ ਹੈ, ਜਦੋਂ ਕਿ ਸਿਫਰ ਕੇਸ ਇੱਕ ਹਫਤਾ ਵੀ ਨਹੀਂ ਚੱਲੇਗਾ। ਖੋਸਾ ਨੇ ਕਿਹਾ ਕਿ 9 ਮਈ ਦੇ ਦੰਗਿਆਂ ਨਾਲ ਸੰਬੰਧਤ ਕਿਸੇ ਵੀ ਮਾਮਲੇ 'ਚ ਇਮਰਾਨ ਦੀ ਸ਼ਮੂਲੀਅਤ ਸਾਬਤ ਨਹੀਂ ਹੋਈ। ਖੋਸਾ ਨੇ ਕਿਹਾ ਕਿ ਇਮਰਾਨ ਆਪਣੀ ਰਿਹਾਈ ਬਾਰੇ ਕੋਈ ਗੱਲਬਾਤ ਨਹੀਂ ਕਰਨਗੇ ਅਤੇ ਨਾ ਹੀ ਉਹ ਦੇਸ਼ ਛੱਡ ਕੇ ਭੱਜਣਗੇ। ਇਮਰਾਨ ਖਾਨ ਚਾਹੁੰਦੇ ਹਨ ਕਿ ਸਾਰੀਆਂ ਸੰਸਥਾਵਾਂ ਪਾਕਿਸਤਾਨ ਦੇ ਸੰਵਿਧਾਨ ਅਨੁਸਾਰ ਕੰਮ ਕਰਨ ਅਤੇ ਉਹ ਬਦਲਾਖੋਰੀ ਦੀ ਰਾਜਨੀਤੀ ਦੇ ਵਿਰੁੱਧ ਹਨ।

## ਨਿਸ਼ਾਨ ਸਿੰਘ ਜੇ ਜੇ ਪੀ ਛੱਡਣਗੇ



**ਚੰਡੀਗੜ੍ਹ** : ਹਰਿਆਣਾ 'ਚ ਜਨਨਾਇਕ ਜਨਤਾ ਪਾਰਟੀ (ਜੇ ਜੇ ਪੀ) ਨੂੰ ਵੱਡਾ ਝਟਕਾ ਦਿੰਦਿਆਂ ਇਸ ਦੇ ਸੂਬਾ ਪ੍ਰਧਾਨ ਨਿਸ਼ਾਨ ਸਿੰਘ ਨੇ ਕਿਹਾ ਕਿ ਉਹ ਇਕ-ਦੋ ਦਿਨਾਂ ਵਿਚ ਕੌਮੀ ਪ੍ਰਧਾਨ ਅਜੈ ਚੌਟਾਲਾ ਨੂੰ ਅਸਤੀਫਾ ਸੌਂਪ ਦੇਣਗੇ। ਉਨ੍ਹਾ ਦੇ ਕਾਂਗਰਸ 'ਚ ਸ਼ਾਮਲ ਹੋਣ ਦੀ ਸੰਭਾਵਨਾ ਹੈ। 2018 'ਚ ਜੇ ਜੇ ਪੀ ਦੇ ਗਠਨ ਤੋਂ ਬਾਅਦ ਨਿਸ਼ਾਨ ਸਿੰਘ ਨੂੰ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।

## ਕਿਸ਼ਤੀ ਪਲਟਣ ਨਾਲ 90 ਤੋਂ ਵੱਧ ਮੌਤਾਂ

**ਹਰਾਰੇ** : ਮੋਜ਼ੰਬੀਕ ਦੇ ਉੱਤਰੀ ਤੱਟ ਨੇੜੇ ਕਿਸ਼ਤੀ ਡੁੱਬਣ ਨਾਲ ਬੱਚਿਆਂ ਸਮੇਤ 90 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ। ਕਿਸ਼ਤੀ 'ਚ 130 ਵਿਅਕਤੀ ਸਵਾਰ ਸਨ ਅਤੇ ਡੁੱਬਣ ਵਾਲਿਆਂ ਵਿੱਚੋਂ ਬਹੁਤੇ ਬੱਚੇ ਹਨ। ਕਿਸ਼ਤੀ ਦੇਸ਼ ਦੇ ਉੱਤਰ 'ਚ ਨਾਮਪੁਲਾ ਸੂਬੇ 'ਚ ਲੁੰਗਾ ਅਤੇ ਮੋਜ਼ੰਬੀਕ ਦੇ ਟਾਪੂ ਦੇ ਵਿਚਕਾਰ ਪਲਟੀ। ਖਬਰਾਂ ਨੇ ਨਾਮਪੁਲਾ 'ਚ ਹੈਜ਼ਾ ਫੈਲਣ ਦੀ ਅਫਵਾਹ ਕਾਰਨ ਲੋਕ ਘਬਰਾ ਗਏ ਅਤੇ ਕਿਸ਼ਤੀ 'ਚ ਸਵਾਰ ਹੋ ਕੇ ਇਲਾਕੇ 'ਚੋਂ ਭੱਜਣ ਲੱਗੇ।

## ਸਿਮਰਨਜੀਤ ਸਿੰਘ ਮਾਨ ਨੇ ਤਿੰਨ ਉਮੀਦਵਾਰ ਐਲਾਨੇ

**ਸੰਗਰੂਰ** : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੋਮਵਾਰ ਲੋਕ ਸਭਾ ਲਈ ਪਾਰਟੀ ਦੇ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ। ਅੰਮ੍ਰਿਤਸਰ ਤੋਂ ਈਮਾਨ ਸਿੰਘ ਮਾਨ, ਖਡੂਰ ਸਾਹਿਬ ਤੋਂ ਹਰਪਾਲ ਸਿੰਘ ਬਲੇਰ ਅਤੇ ਫਿਰੋਜ਼ਪੁਰ ਤੋਂ ਭੁਪਿੰਦਰ ਸਿੰਘ ਭੁੱਲਰ ਲੜਨਗੇ।

## ਮੈਂ ਕਦੇ ਬੀਫ ਨਹੀਂ ਖਾਧਾ : ਕੰਗਣਾ

**ਚੰਡੀਗੜ੍ਹ** : ਹਿਮਾਚਲ ਦੇ ਮੰਡੀ ਤੋਂ ਭਾਜਪਾ ਦੀ ਲੋਕ ਸਭਾ ਉਮੀਦਵਾਰ ਅਤੇ ਅਦਾਕਾਰਾ ਕੰਗਣਾ ਰਣੌਤ ਨੇ ਸੋਮਵਾਰ ਸਪੱਸ਼ਟ ਕੀਤਾ ਕਿ ਉਸ ਨੇ ਕਦੇ ਗਾਂ ਦਾ ਮਾਸ (ਬੀਫ) ਨਹੀਂ ਖਾਧਾ। ਉਸ ਨੇ ਸੋਸ਼ਲ ਮੀਡੀਆ ਐਕਸ 'ਤੇ ਕਿਹਾ-ਮੈਂ ਬੀਫ ਜਾਂ ਕਿਸੇ ਹੋਰ ਕਿਸਮ ਦਾ ਲਾਲ ਮੀਟ ਨਹੀਂ ਖਾਂਦੀ, ਇਹ ਸ਼ਰਮਨਾਕ ਹੈ ਕਿ ਮੇਰੇ ਬਾਰੇ ਪੂਰੀ ਤਰ੍ਹਾਂ ਬੇਬੁਨਿਆਦ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਮੈਂ ਦਹਾਕਿਆਂ ਤੋਂ ਆਯੁਰਵੈਦਿਕ ਜੀਵਨ ਦੀ ਵਕਾਲਤ ਅਤੇ ਪ੍ਰਚਾਰ ਕਰ ਰਹੀ ਹਾਂ। ਹੁਣ ਅਜਿਹੀਆਂ ਅਫਵਾਹਾਂ ਮੇਰੇ ਅਕਸ ਨੂੰ ਖਰਾਬ ਕਰਨ ਲਈ ਆਈਆਂ ਹਨ। ਲੋਕ ਮੈਨੂੰ ਜਾਣਦੇ ਹਨ ਅਤੇ ਉਹ ਜਾਣਦੇ ਹਨ ਕਿ ਮੈਂ ਹਿੰਦੂ ਹਾਂ। ਉਸ ਨੇ ਜਿਵੇਂ ਹੀ ਅਫਵਾਹਾਂ ਨੂੰ ਰੱਦ ਕੀਤਾ, ਉਸ ਦਾ ਪੁਰਾਣਾ ਟਵੀਟ ਸਾਹਮਣੇ ਆ ਗਿਆ, ਜਿਸ 'ਚ ਉਹ ਕਹਿ ਰਹੀ ਹੈ ਕਿ ਬੀਫ ਖਾਣ 'ਚ ਕੁਝ ਵੀ ਗਲਤ ਨਹੀਂ ਹੈ।

## ਹਿੰਦੂ ਵਿਆਹ ਲਈ ਕੰਨਿਆਦਾਨ ਜ਼ਰੂਰੀ ਨਹੀਂ!

**ਲਖਨਊ** : ਅਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਹਾਲ ਹੀ ਵਿਚ ਕਿਹਾ ਹੈ ਕਿ ਹਿੰਦੂ ਮੈਰਿਜ ਐਕਟ ਤਹਿਤ ਹਿੰਦੂ ਵਿਆਹ ਲਈ ਕੰਨਿਆਦਾਨ ਜ਼ਰੂਰੀ ਨਹੀਂ ਹੈ। ਅਦਾਲਤ ਨੇ ਕਿਹਾ ਕਿ ਸਿਰਫ ਸੱਤ ਫੇਰੇ ਸਪਤਪਦੀ ਹੀ ਹਿੰਦੂ ਵਿਆਹ ਦੀ ਜ਼ਰੂਰੀ ਰਸਮ ਹੈ ਅਤੇ ਹਿੰਦੂ ਮੈਰਿਜ ਐਕਟ 'ਚ ਵਿਆਹ ਲਈ ਕੰਨਿਆਦਾਨ ਦੀ ਵਿਵਸਥਾ ਨਹੀਂ ਹੈ। ਜਸਟਿਸ ਸੁਭਾਸ਼ ਵਿਦਿਆਰਥੀ ਨੇ ਇਹ ਟਿੱਪਣੀ ਆਸ਼ੂਤੋਸ਼ ਯਾਦਵ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨ ਦੀ ਸੁਣਵਾਈ ਦੌਰਾਨ ਕੀਤੀ। ਅਦਾਲਤ ਨੇ ਹਿੰਦੂ ਮੈਰਿਜ ਐਕਟ ਦੀ ਧਾਰਾ 7 ਦਾ ਵੀ ਹਵਾਲਾ ਦਿੱਤਾ। ਅਦਾਲਤ ਨੇ ਕਿਹਾ-ਹਿੰਦੂ ਮੈਰਿਜ ਐਕਟ ਦੀ ਧਾਰਾ 7 ਮੁਤਾਬਕ ਹਿੰਦੂ ਵਿਆਹ ਕਿਸੇ ਵੀ ਧਿਰ ਦੀਆਂ ਰੀਤੀ ਰਿਵਾਜਾਂ ਅਤੇ ਰਸਮਾਂ ਅਨੁਸਾਰ ਕੀਤਾ ਜਾ ਸਕਦਾ ਹੈ ਅਤੇ ਲਾੜਾ-ਲਾੜੀ ਵੱਲੋਂ ਪਵਿੱਤਰ ਅਗਨੀ ਦੇ 7 ਫੇਰੇ ਲੈਣੇ ਜ਼ਰੂਰੀ ਹਨ। ਸੱਤਵੇਂ ਫੇਰੇ ਦੇ ਪੂਰਾ ਹੋਣ ਨਾਲ ਵਿਆਹ ਸੰਪੂਰਨ ਹੋ ਜਾਂਦਾ ਹੈ।

## ਟੀ ਐੱਮ ਸੀ ਨੇਤਾ ਚੁੱਕੇ



**ਨਵੀਂ ਦਿੱਲੀ** : ਤ੍ਰਿਣਮੂਲ ਕਾਂਗਰਸ ਦੇ 10 ਮੈਂਬਰੀ ਵਫਦ ਨੇ ਸੋਮਵਾਰ ਚੋਣ ਕਮਿਸ਼ਨ ਦੇ ਫੁੱਲ ਬੈਂਚ ਨਾਲ ਮੁਲਾਕਾਤ ਕਰਕੇ ਸੀ ਬੀ ਆਈ, ਇਨਕਮ ਟੈਕਸ ਵਿਭਾਗ, ਐੱਨ ਆਈ ਏ ਅਤੇ ਈ ਡੀ ਦੇ ਮੁਖੀਆਂ ਨੂੰ ਬਦਲਣ ਦੀ ਮੰਗ ਕੀਤੀ। ਪਾਰਟੀ ਦਾ ਦੋਸ਼ ਹੈ ਕਿ ਕੇਂਦਰੀ ਜਾਂਚ ਏਜੰਸੀਆਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਵਿਰੋਧੀ ਪਾਰਟੀਆਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਭਾਜਪਾ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਇਸ ਤੋਂ ਬਾਅਦ ਆਪਣੀ ਮੰਗ ਮੰਨਵਾਉਣ ਲਈ ਆਗੂ ਇੱਥੇ ਚੋਣ ਕਮਿਸ਼ਨ ਦੇ ਦਫਤਰ ਦੇ ਬਾਹਰ 24 ਘੰਟੇ ਦੇ ਧਰਨੇ 'ਤੇ ਬੈਠੇ, ਪਰ ਪੁਲਸ ਉਨ੍ਹਾਂ ਨੂੰ ਚੁੱਕ ਕੇ ਲੈ ਗਈ।

## ਚੌਧਰੀ ਬੀਰੇਂਦਰ ਸਿੰਘ ਵੱਲੋਂ ਭਾਜਪਾ ਛੱਡ ਕੇ ਕਾਂਗਰਸ 'ਚ ਵਾਪਸੀ ਦਾ ਐਲਾਨ



**ਚੰਡੀਗੜ੍ਹ** : ਸਾਬਕਾ ਕੇਂਦਰੀ ਮੰਤਰੀ ਚੌਧਰੀ ਬੀਰੇਂਦਰ ਸਿੰਘ ਨੇ ਭਾਜਪਾ ਛੱਡ ਕੇ ਕਾਂਗਰਸ 'ਚ ਵਾਪਸ ਆਉਣ ਦਾ ਐਲਾਨ ਕੀਤਾ ਹੈ। ਉਨ੍ਹਾ ਦੇ ਪੁੱਤਰ ਬ੍ਰਿਜੇਂਦਰ ਸਿੰਘ, ਜੋ ਹਿਸਾਰ ਤੋਂ ਮੌਜੂਦਾ ਸੰਸਦ ਮੈਂਬਰ ਹਨ, ਲੋਕ ਸਭਾ ਅਤੇ ਭਾਜਪਾ ਤੋਂ ਅਸਤੀਫਾ ਦੇਣ ਮਗਰੋਂ ਪਿਛਲੇ ਮਹੀਨੇ ਕਾਂਗਰਸ 'ਚ ਸ਼ਾਮਲ ਹੋ ਗਏ ਸਨ। ਚੌਧਰੀ ਬੀਰੇਂਦਰ ਸਿੰਘ ਨੇ ਕਿਹਾ—ਮੈਂ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ ਤੇ ਅਸਤੀਫਾ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੂੰ ਭੇਜ ਦਿੱਤਾ ਹੈ। ਮੇਰੀ ਪਤਨੀ ਪ੍ਰੇਮ ਲਤਾ, ਜਿਹੜੀ 2014 ਤੋਂ 2019 ਤੱਕ ਵਿਧਾਇਕ ਰਹੀ ਹੈ, ਨੇ ਵੀ ਭਾਜਪਾ ਛੱਡ ਦਿੱਤੀ ਹੈ। ਮੰਗਲਵਾਰ ਅਸੀਂ ਕਾਂਗਰਸ ਵਿਚ ਸ਼ਾਮਲ ਹੋ ਜਾਵਾਂਗੇ। ਚੌਧਰੀ ਬੀਰੇਂਦਰ ਸਿੰਘ ਕਾਂਗਰਸ ਦਾ ਕਰੀਬ ਚਾਰ ਦਹਾਕਿਆਂ ਦਾ ਸਾਥ ਛੱਡ ਕੇ 2014 ਵਿਚ ਵੇਲੇ ਦੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਲ ਹੋਏ ਸਨ। ਚੌਧਰੀ ਬੀਰੇਂਦਰ ਸਿੰਘ ਨੇ ਅਕਤੂਬਰ 2023 ਵਿਚ ਜੀਂਦ ਦੀ ਰੈਲੀ 'ਚ ਭਾਜਪਾ ਛੱਡਣ ਦਾ ਅਲਟੀਮੇਟਮ ਦਿੱਤਾ ਸੀ। ਉਨ੍ਹਾ ਕਿਹਾ ਸੀ ਕਿ ਜੇ ਭਾਜਪਾ ਨੇ ਦੁਸ਼ਯੰਤ ਚੌਟਾਲਾ ਦੀ ਜਨਤਾ ਜਨਨਾਇਕ ਪਾਰਟੀ ਨਾਲ ਗਠਜੋੜ ਜਾਰੀ ਰੱਖਿਆ ਤਾਂ ਉਹ ਭਾਜਪਾ ਛੱਡ ਦੇਣਗੇ। ਚੌਧਰੀ ਬੀਰੇਂਦਰ ਸਿੰਘ, ਜਿਹੜੇ ਸਰ ਛੋਟੂ ਰਾਮ ਦੇ ਪੋਤੇ ਹਨ, ਨੇ ਕਾਲੇ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਸੀ।

## ਕਾਂਗਰਸ ਵੱਲੋਂ ਮੋਦੀ ਖਿਲਾਫ ਚੋਣ ਕਮਿਸ਼ਨ ਕੋਲ ਸ਼ਿਕਾਇਤ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਭਾਜਪਾ ਦੇ ਕਈ ਹੋਰ ਵੱਡੇ ਨੇਤਾਵਾਂ ਵੱਲੋਂ ਕਾਂਗਰਸ ਦੇ ਚੋਣ ਮਨੋਰਥ ਪੱਤਰ ਦੀ ਮੁਸਲਿਮ ਲੀਗ ਦੇ ਚੋਣ ਮਨੋਰਥ ਪੱਤਰ ਨਾਲ ਤੁਲਨਾ ਕਰਨ ਖਿਲਾਫ ਕਾਂਗਰਸ ਵੀ ਭਾਜਪਾ 'ਤੇ ਹਮਲਾਵਰ ਹੋ ਗਈ ਹੈ। ਪਾਰਟੀ ਨੇ ਭਾਜਪਾ ਆਗੂਆਂ ਦੇ ਬਿਆਨਾਂ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਕੀਤੀ ਹੈ। ਕਾਂਗਰਸ ਨੇਤਾ ਪਵਨ ਖੇੜਾ ਨੇ ਕਿਹਾ ਕਿ ਉਨ੍ਹਾ ਮੋਦੀ ਦੇ ਬਿਆਨ ਤੋਂ ਲੈ ਕੇ ਕਈ ਮੁੱਦਿਆਂ 'ਤੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਖੇੜਾ ਨੇ ਕਿਹਾ ਕਿ ਮੋਦੀ ਦੇ ਬਿਆਨ ਦੇ ਨਾਲ ਹੀ ਕਾਂਗਰਸ ਨੇ ਪ੍ਰਧਾਨ ਮੰਤਰੀ ਦੇ ਯੂਨੀਵਰਸਿਟੀਆਂ 'ਚ ਲਗਾਏ ਹੋਰਡਿੰਗਜ਼ ਦੀ ਵੀ ਸ਼ਿਕਾਇਤ ਕੀਤੀ ਹੈ। ਉਨ੍ਹਾ ਕਿਹਾ ਕਿ ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ, ਜੋ ਕਿ ਤਿਰੂਅਨੰਤਪੁਰਮ ਤੋਂ ਉਮੀਦਵਾਰ ਹਨ, ਦੇ ਹਲਫਨਾਮੇ 'ਚ ਕਈ ਗਲਤੀਆਂ ਸਨ ਤੇ ਉਸ ਸੰਬੰਧੀ ਵੀ ਸ਼ਿਕਾਇਤ ਕੀਤੀ ਗਈ ਹੈ। ਸੀਨੀਅਰ ਵਕੀਲ ਅਤੇ ਕਾਂਗਰਸ ਨੇਤਾ ਸਲਮਾਨ ਖੁਰਸ਼ੀਦ ਨੇ ਕਿਹਾ—ਪ੍ਰਧਾਨ ਮੰਤਰੀ ਨੇ ਕਾਂਗਰਸ ਚੋਣ ਮਨੋਰਥ ਪੱਤਰ ਦੀ ਤੁਲਨਾ ਆਜ਼ਾਦੀ ਤੋਂ ਪਹਿਲਾਂ ਮੁਸਲਿਮ ਲੀਗ ਦੇ ਵਿਚਾਰਾਂ ਨਾਲ ਕਰਕੇ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਹੈ। ਇਸ ਤਰ੍ਹਾਂ ਕਰਕੇ ਉਨ੍ਹਾਂ ਦੋ ਫਿਰਕਿਆਂ ਵਿਚਾਲੇ ਨਫਰਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਉਹ ਮਾਮਲੇ ਦੀ ਜਾਂਚ ਕਰਨਗੇ ਅਤੇ ਕਾਨੂੰਨੀ ਰਾਏ ਲੈ ਕੇ ਬਣਦੀ ਕਾਰਵਾਈ ਕਰਨਗੇ।

## 3 ਕਿੱਲੋ ਸੋਨਾ ਤੇ ਸਾਢੇ ਪੰਜ ਕਰੋੜ ਤੋਂ ਵੱਧ ਜ਼ਬਤ



**ਬੇਲਾਰੀ (ਕਰਨਾਟਕ)** : ਲੋਕ ਸਭਾ ਚੋਣਾਂ ਤੋਂ ਪਹਿਲਾਂ ਕਰਨਾਟਕ ਪੁਲਸ ਨੇ ਬੇਲਾਰੀ ਜ਼ਿਲ੍ਹੇ 'ਚ 106 ਕਿੱਲੋ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਸਮੇਤ 5.60 ਕਰੋੜ ਰੁਪਏ ਦੀ ਨਕਦੀ ਜ਼ਬਤ ਕੀਤੀ ਹੈ।

ਪੁਲਸ ਨੇ ਦੱਸਿਆ-5.60 ਕਰੋੜ ਰੁਪਏ, 3 ਕਿੱਲੋ ਸੋਨਾ ਅਤੇ 103 ਕਿਲੋ ਚਾਂਦੀ ਦੇ ਗਹਿਣੇ ਸਮੇਤ 68 ਚਾਂਦੀ ਦੀਆਂ ਛੜਾਂ ਜ਼ਬਤ ਕੀਤੀਆਂ ਗਈਆਂ ਹਨ। ਇੱਕ ਵਿਅਕਤੀ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲਿਆ ਗਿਆ ਹੈ। ਕਰਨਾਟਕ 'ਚ 26 ਅਪਰੈਲ ਅਤੇ 7 ਮਈ ਨੂੰ ਦੋ ਪੜਾਵਾਂ 'ਚ ਲੋਕ ਸਭਾ ਚੋਣਾਂ ਹੋਣੀਆਂ ਹਨ।

## ਸਿਆਸਤ 'ਚ ਨਹੀਂ ਆ ਰਿਹਾ : ਸੰਜੇ ਦੱਤ

**ਮੁੰਬਈ** : ਕਿਆਸ ਲਾਏ ਜਾ ਰਹੇ ਸਨ ਕਿ ਅਦਾਕਾਰ ਸੰਜੇ ਦੱਤ ਨੂੰ ਕਾਂਗਰਸ ਕਰਨਾਲ ਤੋਂ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਦੇ ਖਿਲਾਫ ਮੈਦਾਨ 'ਚ ਉਤਾਰੇਗੀ ਪਰ ਸੋਮਵਾਰ ਸੰਜੇ ਦੱਤ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਕਿਹਾ—ਮੈਂ ਰਾਜਨੀਤੀ 'ਚ ਆਉਣ ਦੀਆਂ ਸਾਰੀਆਂ ਅਫਵਾਹਾਂ ਨੂੰ ਖਤਮ ਕਰਨਾ ਚਾਹੁੰਦਾ ਹਾਂ। ਮੈਂ ਨਾ ਤਾਂ ਕਿਸੇ ਪਾਰਟੀ 'ਚ ਸ਼ਾਮਲ ਹੋ ਰਿਹਾ ਹਾਂ ਅਤੇ ਨਾ ਹੀ ਚੋਣ ਲੜ ਰਿਹਾ ਹਾਂ। ਜੇਕਰ ਮੈਂ ਰਾਜਨੀਤੀ 'ਚ ਆਉਂਦਾ ਹਾਂ ਤਾਂ ਮੈਂ ਖੁਦ ਐਲਾਨ ਕਰਾਂਗਾ। ਇਸ ਵੇਲੇ ਮੇਰੇ ਚੋਣ ਲੜਨ ਦੀਆਂ ਖਬਰਾਂ 'ਤੇ ਯਕੀਨ ਨਾ ਕਰੋ। ਸੰਜੇ ਦੱਤ ਦੇ ਪਿਤਾ ਸੁਨੀਲ ਦੱਤ ਮਨਮੋਹਨ ਸਿੰਘ ਦੀ ਸਰਕਾਰ 'ਚ ਮੰਤਰੀ ਸਨ। ਭੈਣ ਪ੍ਰਿਆ ਦੱਤ ਸੰਸਦ ਮੈਂਬਰ ਰਹਿ ਚੁੱਕੀ ਹੈ। ਸੁਨੀਲ ਦੱਤ ਅਤੇ ਸੰਜੇ ਦੱਤ ਦਾ ਜੱਦੀ ਘਰ ਯਮੁਨਾਨਗਰ ਦੇ ਮੰਡੌਲੀ ਪਿੰਡ 'ਚ ਹੈ, ਜਿੱਥੇ ਉਨ੍ਹਾਂ ਦਾ ਪਰਿਵਾਰ ਆਉਂਦਾ ਰਹਿੰਦਾ ਹੈ। ਇਸ ਲਈ ਇਹ ਕਿਆਸ ਲਗਾਏ ਜਾ ਰਹੇ ਸਨ ਕਿ ਸੰਜੇ ਦੱਤ ਕਾਂਗਰਸ ਪਾਰਟੀ ਦੀ ਟਿਕਟ 'ਤੇ ਚੋਣ ਲੜ ਸਕਦੇ ਹਨ।

## ਮਜ਼ਦੂਰ ਨੂੰ ਕਰੋੜਾਂ ਰੁਪਏ ਦੀ ਟੈਕਸ ਚੋਰੀ ਦਾ ਨੋਟਿਸ



**ਮੋਦੀਨਗਰ** : ਆਮਦਨ ਕਰ ਵਿਭਾਗ ਨੇ ਗਾਜ਼ੀਆਬਾਦ ਜ਼ਿਲ੍ਹੇ ਦੇ ਮੋਦੀਨਗਰ 'ਚ ਹਰੀਸ਼ ਦੇ ਘਰ ਕਰੋੜਾਂ ਰੁਪਏ ਦੀ ਟੈਕਸ ਚੋਰੀ ਦਾ ਨੋਟਿਸ ਭੇਜਿਆ ਹੈ। ਹਰੀਸ਼ ਫੈਕਟਰੀ 'ਚ ਮਜ਼ਦੂਰ ਵਜੋਂ ਕੰਮ ਕਰਦਾ ਹੈ। ਗੋਵਿੰਦਪੁਰੀ 'ਚ ਡਬਲ ਸਟੋਰੀ ਕਾਲੋਨੀ 'ਚ ਰਹਿੰਦੇ ਹਰੀਸ਼ ਕੋਲ ਸਿਰਫ ਬੱਕਰੀ ਹੈ। ਉਸ ਦੀ ਆਰਥਕ ਹਾਲਤ ਠੀਕ ਨਹੀਂ ਹੈ। ਖਾਤੇ 'ਚ ਸਿਰਫ 130 ਰੁਪਏ ਹਨ। ਨੋਟਿਸ ਦੋ ਦਿਨ ਪਹਿਲਾਂ ਉਸ ਦੇ ਘਰ ਪਹੁੰਚਿਆ ਸੀ। ਨੋਟਿਸ ਅੰਗਰੇਜ਼ੀ 'ਚ ਸੀ। ਜਦੋਂ ਉਸਨੂੰ ਸਮਝ ਨਾ ਆਈ ਤਾਂ ਉਸਨੇ ਆਪਣੇ ਗੁਆਂਢੀ ਨੂੰ ਦਿਖਾਇਆ। ਜਦੋਂ ਉਸ ਨੂੰ ਟੈਕਸ ਚੋਰੀ ਦਾ ਪਤਾ ਲੱਗਾ ਤਾਂ ਉਸ ਦੀ ਬੇਚੈਨੀ ਹੋਰ ਵਧ ਗਈ। ਹਰੀਸ਼ ਨੇ ਦੋਸ਼ ਲਾਇਆ ਕਿ ਕਿਸੇ ਸ਼ਰਾਰਤੀ ਅਨਸਰ ਨੇ ਉਸ ਦੇ ਨਾਂ 'ਤੇ ਫਰਮ ਬਣਾ ਕੇ ਕਰੋੜਾਂ ਰੁਪਏ ਦਾ ਲੈਣ-ਦੇਣ ਕੀਤਾ ਹੈ। ਉਸਨੇ ਟੈਕਸ ਜਮ੍ਹਾ ਨਹੀਂ ਕੀਤਾ। ਉਸਦੇ ਦਸਤਾਵੇਜ਼ਾਂ ਦੀ ਦੁਰਵਰਤੋਂ ਕਰਕੇ ਫਰਮ ਸ਼ੁਰੂ ਕੀਤੀ ਗਈ। ਹਰੀਸ਼ ਨੇ ਇਸ ਮਾਮਲੇ 'ਚ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਹੈ।

## ਦੱਖਣੀ ਕੋਰੀਆ ਨੇ ਦੂਜਾ ਫੌਜੀ ਜਾਸੂਸੀ ਉਪ ਗ੍ਰਹਿ ਲਾਂਚ ਕੀਤਾ



**ਸਿਓਲ** : ਉੱਤਰੀ ਕੋਰੀਆ ਵੱਲੋਂ ਇਸ ਸਾਲ ਕਈ ਜਾਸੂਸੀ ਸੈਟੇਲਾਈਟ ਲਾਂਚ ਕਰਨ ਦੀ ਆਪਣੀ ਯੋਜਨਾ ਦੀ ਪੁਸ਼ਟੀ ਕਰਨ ਤੋਂ ਕੁਝ ਦਿਨ ਬਾਅਦ ਦੱਖਣੀ ਕੋਰੀਆ ਨੇ ਆਪਣਾ ਦੂਜਾ ਫੌਜੀ ਜਾਸੂਸੀ ਉਪਗ੍ਰਹਿ ਲਾਂਚ ਕੀਤਾ। ਉੱਤਰੀ ਕੋਰੀਆ ਨੇ ਪਿਛਲੇ ਸਾਲ ਨਵੰਬਰ 'ਚ ਅਤੇ ਦੱਖਣੀ ਕੋਰੀਆ ਨੇ ਪਿਛਲੇ ਸਾਲ ਦਸੰਬਰ 'ਚ ਆਪਣਾ ਪਹਿਲਾ ਜਾਸੂਸੀ ਉਪਗ੍ਰਹਿ ਲਾਂਚ ਕੀਤਾ ਸੀ। ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਵਿਚਾਲੇ ਵਧਦੇ ਤਣਾਅ ਕਾਰਨ ਦੋਵਾਂ ਦੇਸ਼ਾਂ ਨੇ ਕਿਹਾ ਕਿ ਉਨ੍ਹਾਂ ਦੇ ਉਪਗ੍ਰਹਿ ਇੱਕ-ਦੂਜੇ 'ਤੇ ਨਜ਼ਰ ਰੱਖਣਗੇ ਅਤੇ ਆਪਣੀ ਮਿਜ਼ਾਈਲ ਹਮਲੇ ਦੀ ਸਮਰੱਥਾ ਨੂੰ ਵਧਾਉਣਗੇ।

## ਕੇਜਰੀਵਾਲ ਦੇ ਪੀ ਏ ਤੋਂ ਪੁੱਛਗਿੱਛ

**ਨਵੀਂ ਦਿੱਲੀ** : ਈ ਡੀ ਨੇ ਸੋਮਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪੀ ਏ ਬਿਭਵ ਕੁਮਾਰ ਤੋਂ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਪੁੱਛ-ਪੜਤਾਲ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਉਸ ਦਾ ਬਿਆਨ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀਆਂ ਧਾਰਾਵਾਂ ਤਹਿਤ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਆਪ ਦੇ ਵਿਧਾਇਕ ਦੁਰਗੇਸ਼ ਪਾਠਕ ਨੂੰ ਵੀ ਪੁੱਛ-ਪੜਤਾਲ ਲਈ ਬੁਲਾਇਆ ਗਿਆ ਹੈ। ਇਸੇ ਦੌਰਾਨ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਆਬਕਾਰੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਬੀ ਆਰ ਐੱਸ ਆਗੂ ਕੇ ਕਵਿਤਾ ਨੂੰ ਅੰਤਰਿਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਪਟੀਸ਼ਨ ਨੂੰ ਖਾਰਜ ਕੀਤਾ। ਕਵਿਤਾ ਨੇ ਕਿਹਾ ਸੀ ਕਿ ਉਸ ਦੇ 16 ਸਾਲ ਦੇ ਬੇਟੇ ਦੇ ਇਮਤਿਹਾਨ ਹਨ ਅਤੇ ਉਸ ਨੂੰ ਆਪਣੀ ਮਾਂ ਦੀ ਲੋੜ ਹੈ, ਪਰ ਈਡੀ ਨੇ ਇਸ ਦਾ ਵਿਰੋਧ ਕੀਤਾ।

### ਜੇਲ੍ਹ ਕਾ ਜਵਾਬ ਵੋਟ ਸੇ

**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਤਿਹਾੜ ਜੇਲ੍ਹ 'ਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਈ ਜਨਤਕ ਸਮਰਥਨ ਹਾਸਲ ਕਰਨ ਲਈ ਸੋਮਵਾਰ 'ਜੇਲ੍ਹ ਕਾ ਜਵਾਬ ਵੋਟ ਸੇ' ਮੁਹਿੰਮ ਸ਼ੁਰੂ ਕੀਤੀ। 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ—ਕੇਜਰੀਵਾਲ ਨੂੰ ਵੱਡੀ ਸਾਜ਼ਿਸ਼ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਹ ਪਹਿਲੀ ਵਾਰ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਕਿਸੇ ਮੌਜੂਦਾ ਮੁੱਖ ਮੰਤਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅਸੀਂ 'ਜੇਲ੍ਹ ਕਾ ਜਵਾਬ ਵੋਟ ਸੇ' ਮੁਹਿੰਮ ਸ਼ੁਰੂ ਕਰ ਰਹੇ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ (ਲੋਕ) ਕੇਜਰੀਵਾਲ ਨੂੰ ਤਾਕਤਵਰ ਬਣਾਓ।

## ਸੀ ਐੱਮ ਓ ਬਲਾਤਕਾਰ ਦੇ ਦੋਸ਼ 'ਚ ਗ੍ਰਿਫਤਾਰ

**ਇੰਦੌਰ** : ਮੱਧ ਪ੍ਰਦੇਸ਼ ਦੇ ਸ਼ਹਡੋਲ ਜ਼ਿਲ੍ਹੇ ਦੇ ਸੀ ਐੱਮ ਓ ਨੂੰ ਇੰਦੌਰ 'ਚ ਕੌਮੀ ਯੋਗਤਾ-ਕਮ-ਪ੍ਰਵੇਸ਼ ਪ੍ਰੀਖਿਆ (ਨੀਟ) ਦੀ ਤਿਆਰੀ ਕਰ ਰਹੀ 20 ਸਾਲਾ ਵਿਦਿਆਰਥਣ ਨਾਲ ਬਲਾਤਕਾਰ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। 30 ਸਾਲਾ ਸੀ ਐੱਮ ਓ ਕ੍ਰਿਕਟ ਖੇਡ ਰਿਹਾ ਸੀ ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਸੀ ਐੱਮ ਓ ਅਤੇ ਪੀੜਤ ਪਹਿਲਾਂ ਤੋਂ ਹੀ ਇੱਕ-ਦੂਜੇ ਤੋਂ ਜਾਣੂ ਹਨ।

ਇੰਦੌਰ 'ਚ ਨੀਟ ਦੀ ਤਿਆਰੀ ਕਰ ਰਹੀ ਵਿਦਿਆਰਥਣ ਨੇ 23 ਮਾਰਚ ਨੂੰ ਸ਼ਹਿਰ ਦੇ ਥਾਣੇ 'ਚ ਸੀ ਐੱਮ ਓ ਖਿਲਾਫ ਬਲਾਤਕਾਰ ਦੇ ਦੋਸ਼ 'ਚ ਕੇਸ ਦਰਜ ਕਰਵਾਇਆ ਸੀ।

## ਅੱਜ-ਨਾਮਾ

ਲੁਟੇਰੇ ਇੱਕ ਥਾਂ ਫੜੇ ਨੇ ਪੁਲਸ ਸੁਣਿਆ,
ਹੋਈ ਆ ਦੂਸਰੀ ਉਦੋਂ ਤੱਕ ਲੁੱਟ ਮੀਆਂ।
ਇੱਕਾ-ਦੁੱਕਾ ਕੋਈ ਹੋਵੇ ਤਾਂ ਅਮਨ ਹੋਵੇ,
ਏਥੇ ਬਦਮਾਸ਼ਾਂ ਦੇ ਬੜੇ ਹਨ ਗੁੱਟ ਮੀਆਂ।
ਹਾਲਤ ਕਸ਼ਮੀਰ ਤੋਂ ਕੇਰਲਾ ਤੱਕ ਇਹੀ,
ਹਰ ਥਾਂ ਧੂੜ ਬਦਮਾਸ਼ ਰਹੇ ਪੁੱਟ ਮੀਆਂ।
ਆਪਸ ਵਿੱਚ ਬਦਮਾਸ਼ਾਂ ਦੇ ਤਾਰ ਜੁੜਦੇ,
ਸੰਪਰਕ ਪੁਲਸ ਦਾ ਜਾਂਵਦਾ ਟੁੱਟ ਮੀਆਂ।
ਕਿਸੇ ਥਾਂ ਪਏ ਡਾਕਾ, ਕਿਧਰੇ ਖੋਹ ਹੁੰਦੀ,
ਵਹਿੰਦਾ ਕਿਤੇ ਇਨਸਾਨ ਦਾ ਖੂਨ ਮੀਆਂ।
ਫਿਰ ਵੀ ਆਖੇ ਸਰਕਾਰ ਨਾ ਕਰੋ ਚਿੰਤਾ,
ਕਾਬੂ ਅੰਦਰ ਆ ਅਮਨ-ਕਾਨੂੰਨ ਮੀਆਂ।

-ਤੀਸ ਮਾਰ ਖਾਂ

## ਬਾਬਾ ਤਰਸੇਮ ਸਿੰਘ ਕਤਲ ਕੇਸ 'ਚ ਤਿੰਨ ਹੋਰ ਫੜੇ



**ਦੇਹਰਾਦੂਨ (ਉੱਤਰਾਖੰਡ)**-ਊਧਮ ਸਿੰਘ ਨਗਰ 'ਚ ਨਾਨਕਮੱਤਾ ਗੁਰਦੁਆਰੇ ਦੇ ਕਾਰਸੇਵਾ ਮੁਖੀ ਬਾਬਾ ਤਰਸੇਮ ਸਿੰਘ ਦੇ ਕਤਲ 'ਚ ਤਿੰਨ ਹੋਰ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਸ ਨੇ ਕਿਹਾ ਕਿ ਮੁਲਜ਼ਮ ਹਥਿਆਰਾਂ ਦੀ ਸਪਲਾਈ ਕਰਕੇ ਅਪਰਾਧ ਨੂੰ ਅੰਜਾਮ ਦੇਣ ਵਿਚ ਕਥਿਤ ਤੌਰ 'ਤੇ ਸ਼ਾਮਲ ਸਨ। ਬਾਬਾ ਤਰਸੇਮ ਸਿੰਘ ਦੀ 28 ਮਾਰਚ ਨੂੰ ਗੁਰਦੁਆਰਾ ਸਾਹਿਬ ਵਿਖੇ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਸਾਬਕਾ ਆਈ ਏ ਐੱਸ ਅਧਿਕਾਰੀ ਹਰਬੰਸ ਸਿੰਘ ਚੁੱਘ, ਪ੍ਰੀਤਮ ਸਿੰਘ ਅਤੇ ਬਾਬਾ ਅਨੂਪ ਸਿੰਘ ਵਿਰੁੱਧ ਕਥਿਤ ਤੌਰ 'ਤੇ ਕਤਲ 'ਚ ਸ਼ਾਮਲ ਹੋਣ ਦੇ ਦੋਸ਼ 'ਚ ਐੱਫ ਆਈ ਆਰ ਦਰਜ ਕੀਤੀ ਗਈ ਸੀ। ਇਸੇ ਦੌਰਾਨ ਊਧਮ ਸਿੰਘ ਨਗਰ ਦੇ ਐੱਸ ਐੱਸ ਪੀ ਨੇ ਦੋਨਾਂ ਫਰਾਰ ਸ਼ੂਟਰਾਂ ਅਮਰਜੀਤ ਸਿੰਘ ਅਤੇ ਸਰਬਜੀਤ ਸਿੰਘ ਲਈ ਇਨਾਮੀ ਰਾਸ਼ੀ 50 ਹਜ਼ਾਰ ਰੁਪਏ ਤੋਂ ਵਧਾ ਕੇ ਇੱਕ-ਇੱਕ ਲੱਖ ਰੁਪਏ ਕਰ ਦਿੱਤੀ ਹੈ। ਇਸ ਤੋਂ ਪਹਿਲਾਂ 4 ਅਪਰੈਲ ਨੂੰ ਉੱਤਰਾਖੰਡ ਪੁਲਸ ਨੇ ਕਥਿਤ ਤੌਰ 'ਤੇ ਹਮਲਾਵਰਾਂ ਦੀ ਮਦਦ ਕਰਨ ਦੇ ਦੋਸ਼ ਵਿਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ।

## ਡੇਰਾ ਬਸੀ ਦੀ ਫੈਕਟਰੀ 'ਚ ਭਿਆਨਕ ਅੱਗ



**ਚੰਡੀਗੜ੍ਹ** : ਡੇਰਾਬਸੀ ਵਿਚ ਮੈਂਗੋ ਕੈਮੀਕਲ ਫੈਕਟਰੀ ਵਿਚ ਭਿਆਨਕ ਅੱਗ ਲੱਗ ਗਈ। ਮੁਢਲੀ ਜਾਣਕਾਰੀ ਮੁਤਾਬਕ ਤਿੰਨ ਵਰਕਰ ਜ਼ਖਮੀ ਦੱਸੇ ਜਾ ਰਹੇ ਸਨ। ਸੂਚਨਾ ਮਿਲਦੇ ਹੀ ਪੁਲਿਸ ਤੇ ਪ੍ਰਸ਼ਾਸ਼ਨ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਇਸ ਤੋਂ ਪਹਿਲਾਂ ਵੀ ਇਸ ਫੈਕਟਰੀ ਵਿਚ ਇਸੇ ਤਰ੍ਹਾਂ ਹੀ ਭਿਆਨਕ ਅੱਗ ਲੱਗੀ ਸੀ। ਫੈਕਟਰੀ ਵਿਚ ਅੱਗ ਲੱਗਣ ਦੇ ਕਾਰਨ ਆਸ-ਪਾਸ ਦੇ ਪਿੰਡਾਂ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ।

## ਦਿਹਾਤੀ ਮਜ਼ਦੂਰ ਸਭਾ ਵੱਲੋਂ ਜੱਸੇਆਣਾ 'ਚ ਮੀਟਿੰਗ




ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਤਹਿਸੀਲ ਮੁਕਤਸਰ ਦੇ ਪਿੰਡ ਜੱਸੇਆਣਾ ਵਿੱਚ ਦਿਹਾਤੀ ਮਜ਼ਦੂਰ ਸਭਾ ਵੱਲੋਂ ਵਿਸ਼ਾਲ ਨੁੱਕੜ ਮੀਟਿੰਗ ਕੀਤੀ ਗਈ, ਜਿਸ ਦੀ ਅਗਵਾਈ ਗੁਰਮੀਤ ਸਿੰਘ ਸਰਪੰਚ ਨੇ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਨੇ ਕਿਹਾ ਕਿ ਮੋਦੀ ਸਰਕਾਰ ਨਰੇਗਾ ਵਿਰੋਧੀ ਸਾਬਤ ਹੋ ਰਹੀ ਹੈ। ਇਸ ਸਰਕਾਰ ਨੇ ਆਪਣੇ ਦਸ ਸਾਲ ਦੇ ਕਾਰਜਕਾਲ ਦੌਰਾਨ ਨਰੇਗਾ ਨੂੰ ਕਮਜ਼ੋਰ ਕਰਨ ਦਾ ਕੰਮ ਕੀਤਾ ਹੈ। ਨਰੇਗਾ ਬਜਟ ਵਿੱਚ ਹਰ ਸਾਲ ਕਟੌਤੀ ਕਰ ਦਿੱਤੀ ਜਾਂਦੀ ਹੈ ਤੇ ਮਜ਼ਦੂਰਾਂ ਦੀ ਦਿਹਾੜੀ ਵਿੱਚ ਇੱਕ ਰੁਪਏ ਦਾ ਵਾਧਾ ਵੀ ਨਹੀਂ ਕੀਤਾ ਅਤੇ ਮੋਦੀ ਸਰਕਾਰ ਦੇਸ਼ ਵਿੱਚ ਆਰ ਐੱਸ ਐੱਸ ਦੇ ਏਜੰਡੇ ਨੂੰ ਲਾਗੂ ਕਰਕੇ ਦੇਸ਼ 'ਚ ਧਰਮ ਦੇ ਨਾਂ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ। ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਇਨ੍ਹਾਂ ਪਾਰਟੀਆਂ ਤੇ ਫਿਰਕੂ ਸੰਗਠਨਾਂ ਦੀ ਭੋਰਾ ਵੀ ਯੋਗਦਾਨ ਨਹੀਂ, ਸਗੋਂ ਇਸ ਦੇ ਉਲਟ ਇਨ੍ਹਾਂ ਵੱਲੋਂ ਅੰਗਰੇਜ਼ਾਂ ਦਾ ਸਾਥ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਇਸ ਲਈ ਮਜ਼ਦੂਰ ਵਰਗ ਨੂੰ ਮੋਦੀ ਤੇ ਬੀਜੇਪੀ ਨੂੰ ਦੇਸ਼ ਦੀ ਸੱਤਾ ਤੋਂ ਹਟਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦਿਹਾਤੀ ਮਜ਼ਦੂਰ ਸਭਾ ਤਹਿਸੀਲ ਮੁਕਤਸਰ ਸਾਹਿਬ ਦਾ ਜਲਦ ਅਜਲਾਸ ਕਰਕੇ ਨਵੀਂ ਤਹਿਸੀਲ ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਹੁਣ ਤੱਕ ਤਹਿਸੀਲ ਦੇ ਦੋ ਦਰਜਨ ਦੇ ਕਰੀਬ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕਰਕੇ ਇਕਾਈਆਂ ਗਠਿਤ ਕੀਤੀਆਂ ਜਾ ਚੁੱਕੀਆਂ ਹਨ।

## ਯੂਥ ਆਗੂ ਜੱਗਾ ਸਿੰਘ ਮੁਰਕਵਾਲਾ ਪਾਰਟੀ ਦੇ ਕੌਮੀ ਸਲਾਹਕਾਰ ਨਿਯੁਕਤ



ਮਲੋਟ (ਹਰਪਾਲ ਸਿੰਘ ਸੇਠੀ)-ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਯੂਥ ਆਗੂ ਸਾਬਕਾ ਚੇਅਰਮੈਨ ਜੱਗਾ ਸਿੰਘ ਮੁਰਕਵਾਲਾ ਨੂੰ ਪਾਰਟੀ ਦਾ ਕੌਮੀ ਸਲਾਹਕਾਰ ਬਣਾਇਆ ਗਿਆ ਹੈ।ਜ਼ਿਕਰਯੋਗ ਹੈ ਕਿ ਜੱਗਾ ਸਿੰਘ ਮੁਰਕਵਾਲਾ ਅਕਾਲੀ ਦਲ ਟਕਸਾਲੀ ਆਗੂਆਂ ਵਜੋਂ ਜਾਣੇ ਜਾਂਦੇ ਹਨ।ਜੱਗਾ ਸਿੰਘ ਮੁਰਕਵਾਲਾ ਨੇ ਜਿੱਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਸ਼ੁਰੂ ਤੋਂ ਹੀ ਪਾਰਟੀ ਲਈ ਵੱਡੀ ਘਾਲਣਾ ਘਾਲੀ ਹੈ ਉੱਥੇ ਹੁਣ ਵੀ ਪਾਰਟੀ ਦੀ ਦਿਨ-ਰਾਤ ਸੇਵਾ ਕਰ ਰਹੇ ਹਨ।ਇਸੇ ਮਿਹਨਤ ਨੂੰ ਦੇਖਦੇ ਹੋਏ ਪਾਰਟੀ ਨੇ ਜੱਗਾ ਸਿੰਘ ਨੂੰ ਵੱਡੀ ਜ਼ੁੰਮੇਵਾਰੀ ਦਿੱਤੀ ਹੈ।

ਇਸ ਮੌਕੇ ਜੱਗਾ ਸਿੰਘ ਮੁਰਕਵਾਲਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਅਤੇ ਵਰਦੇਵ ਸਿੰਘ ਮਾਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਵੱਲੋਂ ਜੋ ਜ਼ੁੰਮੇਵਾਰੀ ਦਿੱਤੀ ਗਈ ਹੈ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਹੋਰ ਮਿਹਨਤ ਕਰਨਗੇ।

# ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਕੀਤੀ ਭੁੱਖ ਹੜਤਾਲ



ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ) ਆਮ ਆਦਮੀ ਪਾਰਟੀ ਪੰਜਾਬ ਦੇ ਸੱਦੇ 'ਤੇ ਪਾਰਟੀ ਸੁਪਰੀਮੋ ਤੇ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਦੀ ਬੇਵਜ੍ਹਾ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਭਰ ਵਿੱਚ ਭੁੱਖ ਹੜਤਾਲ ਦਾ ਪ੍ਰੋਗਰਾਮ ਉਲੀਕਿਆ ਗਿਆ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਨਾਲ ਸਮੂਹ ਐੱਮ ਐੱਲ ਏ ਵੱਲੋਂ ਖਟਕੜ ਕਲਾਂ ਵਿਖੇ ਤੇ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹੇ ਦੀ ਸਮੂਹ ਲੀਡਰਸ਼ਿਪ ਵੱਲੋਂ ਜ਼ਿਲ੍ਹਾ ਹੈੱਡਕੁਆਰਟਰ ਵਿਖੇ ਭੁੱਖ ਹੜਤਾਲ ਕੀਤੀ ਗਈ।

ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਇਹ ਪ੍ਰੋਗਰਾਮ ਸ਼ਹੀਦਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੁਸੈਨੀਵਾਲਾ ਵਿਖੇ ਰੱਖਿਆ ਗਿਆ। ਇਸ ਮੌਕੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਤੇ ਚੇਅਰਮੈਨ ਪੰਜਾਬ ਐਗਰੋ ਸ਼ਮਿੰਦਰ ਸਿੰਘ ਖਿੰਡਾ ਨੇ ਕਿਹਾ ਕਿ ਸਾਡੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਬਿਨਾਂ ਕਿਸੇ ਸਬੂਤ ਜੇਲ੍ਹ ਵਿੱਚ ਬੰਦ ਕਰਨਾ ਭਾਜਪਾ ਸਰਕਾਰ ਦੀ ਅੱਜ ਤੱਕ ਦੀ ਸਭ ਤੋਂ ਵੱਡੀ ਤਾਨਾਸ਼ਾਹੀ ਹੈ।ਉਨ੍ਹਾਂ ਕਿਹਾ ਕਿ ਕੇਜਰੀਵਾਲ ਸਾਹਿਬ ਵਰਗਾ ਇਮਾਨਦਾਰ ਲੀਡਰ ਨਾ ਤਾਂ ਅਜ ਤੱਕ ਕੋਈ ਪੈਦਾ ਹੋਇਆ ਹੈ ਅਤੇ ਨਾ ਹੀ ਹੋਣਾ ਹੈ।ਇਸ ਲਈ ਅਸੀਂ ਉਨ੍ਹਾਂ ਦੀ ਰਿਹਾਈ ਦੀ ਮੰਗ ਕਰਦਿਆਂ ਪੰਜਾਬ ਭਰ ਵਿੱਚ ਸ਼ਾਂਤਮਈ ਤਰੀਕੇ ਨਾਲ ਪ੍ਰੋਗਰਾਮ ਕਰ ਰਹੇ ਹਾਂ।ਜ਼ਿਲ੍ਹਾ ਪ੍ਰਧਾਨ ਮਲਕੀਤ ਥਿੰਦ ਨੇ ਕਿਹਾ ਕਿ ਦੇਸ਼ ਦਾ ਇੱਕੋ ਇਕ ਨੇਤਾ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਹੈ, ਜਿਸ ਤੋਂ ਮੋਦੀ ਅਤੇ ਉਸ ਦੀ ਭਾਜਪਾ ਸਰਕਾਰ ਨੂੰ ਡਰ ਲੱਗ ਰਿਹਾ ਹੈ।

# ਅਕਾਲੀ ਦਲ ਯੂਥ ਵਿੰਗ ਵੱਲੋਂ ਨਵੀਆਂ ਨਿਯੁਕਤੀਆਂ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)

ਸ਼੍ਰੋਮਣੀ ਅਕਾਲੀ ਦਲ ਮਜਬੂਤ ਕੀਤੇ ਜਾਣ ਦੇ ਮਕਸਦ ਨਾਲ ਦਲ ਦੇ ਯੂਥ ਵਿੰਗ ਵੱਲੋਂ ਕੀਤੀਆਂ ਗਈਆਂ ਨਵੀਆਂ ਨਿਯੁਕਤੀਆਂ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਆਗੂਆਂ ਨੂੰ ਸੂਬਾ ਪੱਧਰੀ ਅਹੁਦੇ ਉੱਤੇ ਨਾਮਜ਼ਦ ਕੀਤਾ ਗਿਆ ਹੈ।ਨੌਜਵਾਨ ਆਗੂ ਦਵਿੰਦਰ ਸਿੰਘ ਸਿੱਧੂ ਨੂੰ ਯੂਥ ਵਿੰਗ ਦੀ ਕੋਰ ਕਮੇਟੀ ਮੈਂਬਰ ਤੇ ਵਰਿੰਦਰਪਾਲ ਸਿੰਘ ਲਾਲਵਾ ਨੂੰ ਵਰਕਿੰਗ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਆਗੂਆਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਨੂੰ ਲੈ ਕੇ ਅਕਾਲੀ ਦਲ ਦੇ ਵਰਕਰਾਂ ਵਿੱਚ ਖੁਸ਼ੀ ਪਾਈ ਜਾ ਰਹੀ ਹੈ। ਨਵ ਨਿਯੁਕਤ ਕੋਰ ਕਮੇਟੀ ਮੈਂਬਰ ਦਵਿੰਦਰ ਸਿੰਘ ਸਿੱਧੂ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਨਵ ਨਿਯੁਕਤ ਕੋਰ ਕਮੇਟੀ ਮੈਂਬਰ ਦਵਿੰਦਰ ਸਿੰਘ ਸਿੱਧੂ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਯੂਥ ਵਿੰਗ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਸਾਬਕਾ ਲੋਕ ਸਭਾ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਹਲਕਾ ਇੰਚਾਰਜ ਕਬੀਰ ਦਾਸ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਦੌਰਾਨ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਸੀਨੀਅਰ ਆਗੂ ਚੇਅਰਮੈਨ ਸੁਖਵਿੰਦਰ ਸਿੰਘ ਬਰਾਸ, ਸ਼ਹਿਰੀ ਪ੍ਰਧਾਨ ਗੋਬਿੰਦ ਸਿੰਘ ਵਿਰਦੀ, ਰਣਜੀਤ ਸਿੰਘ ਸ਼ਾਹੀ, ਰਣਧੀਰ ਸਿੰਘ ਮਵੀ, ਤਰਲੋਕ ਸਿੰਘ ਚੁਪਕੀ, ਸੁਰਜੀਤ ਸਿੰਘ ਮਾਹਲ, ਬਲਦੇਵ ਸਿੰਘ ਚੀਮਾ, ਵਿਸ਼ਾਲ ਗੋਇਲ, ਚੇਅਰਮੈਨ ਰਸਪਾਲ ਸਿੰਘ, ਗੁਰਦੀਪ ਸਿੰਘ ਡਰੋਲੀ, ਨਾਜਰ ਸਿੰਘ ਕਕਰਾਲਾ, ਗੁਰਚਰਨ ਸਿੰਘ ਘੰਗਰੋਲੀ ਅਤੇ ਮੰਗਤ ਸ਼ਰਮਾ ਬਰਾਸ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ ਹੈ।

### ਸਿੱਧੂ ਕੋਰ ਕਮੇਟੀ ਤੇ ਲਾਲਵਾ ਵਰਕਿੰਗ ਕਮੇਟੀ ਮੈਂਬਰ ਬਣੇ



## ਦਾਮਨ ਬਾਜਵਾ ਵੱਲੋਂ ਪੁਲ ਦਾ ਮੁੱਦਾ ਚੁੱਕਣ 'ਤੇ ਪ੍ਰਸ਼ਾਸਨ ਹਰਕਤ 'ਚ



ਸੁਨਾਮ (ਹਾਕਮ ਭੱਟੀ, ਅਸ਼ੋਕ ਬਾਂਸਲ)-ਬੀਤੇ ਦਿਨ ਸੁਨਾਮ ਤੋਂ ਸੰਗਰੂਰ ਰੋਡ ਉੱਪਰ ਸਰਹਿੰਦੀ ਚੋਅ 'ਤੇ ਬਣੇ ਪੁਲ 'ਤੇ ਵਾਪਰੇ ਹਾਦਸੇ ਤੋਂ ਬਾਅਦ ਸੁਨਾਮ ਊਧਮ ਸਿੰਘ ਵਾਲਾ ਤੋਂ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਨੇ ਮੌਜੂਦਾ ਪੰਜਾਬ ਸਰਕਾਰ ਤੇ ਪ੍ਰਸ਼ਾਸਨ 'ਤੇ ਰੋਸ ਪ੍ਰਗਟਾਇਆ ਤੇ ਸਵਾਲ ਖੜੇ ਕੀਤੇ ਸਨ। ਇਸ ਮੁੱਦੇ 'ਤੇ ਮੌਕੇ ਉੱਪਰ ਪੁੱਲ ਤੇ ਪਹੁੰਚ ਕੇ ਪੰਜਾਬ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਨੇ ਪ੍ਰਸ਼ਾਸਨ ਨੂੰ ਤਿੰਨਾਂ ਮੰਗਾਂ ਸ਼ਾਮ ਤੱਕ ਪੂਰਾ ਕਰਨ ਲਈ ਬੇਨਤੀ ਕੀਤੀ ਸੀ ਤੇ ਕਿਹਾ ਸੀ ਕਿ ਨਹੀਂ ਅਸੀਂ ਅਣਮਿੱਥੇ ਸਮੇਂ ਲਈ ਧਰਨਾ ਲਾਵਾਂਗੇ।ਉਪਰੰਤ ਬੀਤੀ ਰਾਤ ਹੀ ਪ੍ਰਸ਼ਾਸਨ ਨੇ ਬੜੀ ਤੇਜ਼ੀ ਨਾਲ ਇਹ ਤਿੰਨੋਂ ਕੰਮ ਕਰ ਦਿੱਤੇ। ਇਸ ਨੂੰ ਦੇਖਦੇ ਹੋਏ ਮੈਡਮ ਦਾਮਨ ਬਾਜਵਾ ਨੇ ਡਿਪਟੀ ਕਮਿਸ਼ਨਰ ਸੰਗਰੂਰ, ਐੱਸ.ਡੀ.ਐੱਮ. ਸੁਨਾਮ ਤੇ ਸਮੁੱਚੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਭਾਵੇਂ ਮੌਜੂਦਾ ਪੰਜਾਬ ਸਰਕਾਰ ਦਾ ਕੋਈ ਨੁਮਾਇੰਦਾ ਇੱਥੇ ਨਹੀਂ ਪਹੁੰਚਾ, ਪਰ ਮੇਰੀ ਬੇਨਤੀ 'ਤੇ ਸਮੁੱਚੇ ਪ੍ਰਸ਼ਾਸਨ ਨੇ ਗੌਰ ਕੀਤੀ ਮੈਂ ਸਮੁੱਚੇ ਪ੍ਰਸ਼ਾਸਨ ਦੀ ਧੰਨਵਾਦੀ ਹਾਂ ਅਤੇ ਨਾਲ ਹੀ ਕਿਹਾ ਕਿ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਜਾਵੇ ਤਾਂ ਜੋ ਆਮ ਜਨਤਾ ਦਾ ਇਸ ਪੁਲ 'ਤੇ ਹੋਰ ਜਾਨੀ ਮਾਲੀ ਨੁਕਸਾਨ ਨਾ ਹੋਵੇ।

## ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਸੈਸ਼ਨ ਦੀ ਆਰੰਭਤਾ



ਸੰਗਰੂਰ (ਪ੍ਰਵੀਨ ਸਿੰਘ)-ਪਿੰਡ ਫ਼ਤਿਹਗੜ੍ਹ ਛੰਨਾ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਨਵੇਂ ਸੈਸ਼ਨ ਦੀ ਆਰੰਭਤਾ ਕੀਤੀ ਗਈ।ਸਕੂਲ ਸਟਾਫ਼ ਵੱਲੋਂ ਸ੍ਰੀ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ, ਜਿਸ ਵਿੱਚ ਸਕੂਲ ਸਟਾਫ਼, ਬੱਚਿਆਂ ਤੇ ਸਕੂਲ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ।ਸ਼੍ਰੀ ਜੋਤਇੰਦਰ ਸਿੰਘ ਦੇਹਕਲਾਂ ਵੱਲੋਂ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਆਪਣੇ ਪਿੰਡ ਦੇ ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਨ ਲਈ ਬੇਨਤੀ ਕੀਤੀ।ਇਸ ਮੌਕੇ ਪੁਸ਼ਪਾ ਰਾਣੀ (ਹੈੱਡ ਟੀਚਰ), ਜੈਪ੍ਰੀਤ ਕੌਰ, ਰਾਜਵੀਰ ਸਿੰਘ, ਗੁਰਪਾਲ ਸਿੰਘ, ਪ੍ਰੀਤਮ ਸਿੰਘ, ਸਰਦਾਰਾ ਸਿੰਘ, ਤਰਸੇਮ ਸਿੰਘ, ਵਿਨੈ ਸਿੰਗਲਾ, ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਤੇ ਸਮੂਹ ਮਾਤਾ-ਪਿਤਾ ਹਾਜ਼ਰ ਸਨ।

# ਦੇਸ਼ ਭਗਤ 'ਵਰਸਿਟੀ ਨੇ ਵਿਸ਼ਵ ਸਿਹਤ ਦਿਵਸ ਮਨਾਇਆ




ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਦੇਸ਼ ਭਗਤ ਯੂਨੀਵਰਸਿਟੀ ਦੀ ਨਰਸਿੰਗ ਤੇ ਡੈਂਟਲ ਕਾਲਜ ਤੇ ਹਸਪਤਾਲ ਦੀ ਫੈਕਲਟੀ ਨੇ ਕਈ ਗਤੀਵਿਧੀਆਂ ਅਤੇ ਜਾਗਰੂਕਤਾ ਮੁਹਿੰਮਾਂ ਤਹਿਤ ਵਿਸ਼ਵ ਸਿਹਤ ਦਿਵਸ ਮਨਾਇਆ।ਵਿਸ਼ਵ ਸਿਹਤ ਦਿਵਸ, ਵਿਸ਼ਵ ਸਿਹਤ ਸੰਗਠਨ ਦੀ ਸਰਪ੍ਰਸਤੀ ਹੇਠ ਹਰ ਸਾਲ 7 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ, ਇਸ ਸਾਲ ਦੇ ਥੀਮ, 'ਮੇਰੀ ਸਿਹਤ, ਮੇਰਾ ਅਧਿਕਾਰ' ਵਿੱਚ ਸ਼ਾਮਲ ਸਿਹਤ ਸੰਭਾਲ ਤੇ ਸਿੱਖਿਆ ਨੂੰ ਯਕੀਨੀ ਬਣਾਉਣ ਦੀ ਵਿਸ਼ਵਵਿਆਪੀ ਜ਼ਰੂਰਤ ਨੂੰ ਦਰਸਾਉਂਦਾ ਹੈ।ਨਰਸਿੰਗ ਫੈਕਲਟੀ ਨੇ ਆਪਣੇ ਵਿਦਿਆਰਥੀਆਂ ਨੂੰ ਸਿੱਖਿਅਤ ਤੇ ਪ੍ਰੇਰਿਤ ਕਰਨ ਲਈ ਵਿੱਦਿਅਕ ਤੇ ਰਚਨਾਤਮਕ ਗਤੀਵਿਧੀਆਂ ਹੇਠ ਕਈ ਪ੍ਰੋਗਰਾਮ ਉਲੀਕੇ।ਇਨ੍ਹਾਂ ਵਿੱਚ ਕੁਇਜ਼, ਰੰਗੋਲੀ, ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲਾ ਸ਼ਾਮਲ ਸੀ, ਜੋ ਸਾਰੇ ਵਿਸ਼ਵ ਸਿਹਤ ਦਿਵਸ ਦੇ ਵਿਸ਼ੇ ਦੇ ਦੁਆਲੇ ਕੇਂਦਰਿਤ ਸਨ।ਵੱਖ-ਵੱਖ ਨਰਸਿੰਗ ਪ੍ਰੋਗਰਾਮਾਂ ਦੇ ਭਾਗੀਦਾਰਾਂ ਨੇ ਆਪਣੀ ਪ੍ਰਤਿਭਾ ਅਤੇ ਗਿਆਨ ਦਾ ਪ੍ਰਦਰਸ਼ਨ ਕੀਤਾ, ਸਿਹਤ ਨਾਲ ਸਬੰਧਤ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਾਇਆ।ਇਸ ਮੌਕੇ ਡੀਬੀਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਪ੍ਰੋ. ਰਵੀਦੀਪ ਕੌਰ ਤੇ ਗੁਰਵਿੰਦਰ ਕੌਰ ਸਮਾਗਮ ਦੇ ਕੋਆਰਡੀਨੇਟਰ ਸਨ।ਫੈਕਲਟੀ ਆਫ ਨਰਸਿੰਗ ਦੇ ਡਾਇਰੈਕਟਰ ਵਿਕਟਰ ਦੇਵਾਸੀਰਵਦਮ ਐਸ, ਪ੍ਰੋ. ਲਵਸੰਪੂਰਨਜੋਤ ਕੌਰ ਤੇ ਪ੍ਰੋ. ਪ੍ਰਭਜੋਤ ਸਿੰਘ ਨੇ ਵਿਦਵਤਾ ਭਰਪੂਰ ਜਾਣਕਾਰੀ ਸਾਂਝੀ ਕੀਤੀ।

ਜੇਤੂਆਂ ਨੂੰ ਉਨ੍ਹਾਂ ਦੇ ਮਿਸਾਲੀ ਯੋਗਦਾਨ ਅਤੇ ਸਿਹਤ ਵਕਾਲਤ ਦੀ ਸਮਝ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਨੂੰ ਇਨਾਮਾਂ ਨਾਲ ਨਿਵਾਜਿਆ ਗਿਆ।ਇਸੇ ਦੌਰਾਨ ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਦੇ ਪਬਲਿਕ ਹੈਲਥ ਡੈਂਟਿਸਟਰੀ ਵਿਭਾਗ ਨੇ ਵਿਸ਼ਵ ਸਿਹਤ ਦਿਵਸ ਨੂੰ ਮਨਾਉਣ ਲਈ ਕਈ ਪਹਿਲਕਦਮੀਆਂ ਦਾ ਆਯੋਜਨ ਕੀਤਾ।ਡਾ. ਉੱਨਤੀ ਪਿਟਾਲੇ ਪ੍ਰਿੰਸੀਪਲ ਨੇ ਸਮੁੱਚੀ ਤੰਦਰੁਸਤੀ ਵਿੱਚ ਦੰਦਾਂ ਦੀ ਸਿਹਤ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ ਸਮਾਗਮ ਨੂੰ ਆਪਣੀ ਮੁਹਾਰਤ ਅਤੇ ਸਮਰਥਨ ਦਿੱਤਾ।ਡਾ. ਰਵਨੀਤ ਕੌਰ ਨੇ ਗਤੀਵਿਧੀਆਂ ਤੋਂ ਜਾਣੂ ਕਰਾਇਆ।ਇਨ੍ਹਾਂ ਵਿੱਚ ਰੀਲ ਮੇਕਿੰਗ ਮੁਕਾਬਲੇ, ਜਾਗਰੂਕਤਾ ਵਿਗਿਆਪਨ ਐਕਟ, ਫੋਟੋਗ੍ਰਾਫੀ ਮੁਕਾਬਲੇ ਅਤੇ ਸਕੈਚਿੰਗ ਸ਼ਾਮਲ ਸਨ।

# ਲੋਕ ਸਭਾ ਚੋਣਾਂ 'ਚ ਭਾਜਪਾ ਉਮੀਦਵਾਰਾਂ ਦਾ ਬੀ ਕੇ ਯੂ ਡਟ ਕੇ ਵਿਰੋਧ ਕਰੇਗੀ : ਕਾਦੀਆਂ/ਖੀਰਨੀਆਂ



ਸਮਰਾਲਾ (ਸੁਰਜੀਤ ਸਿੰਘ)

ਤੀਜੀ ਵਾਰ ਸੱਤਾ ਵਿੱਚ ਆਉਣ ਦਾ ਸੁਫਨਾ ਲਈ ਬੈਠੀ ਭਾਰਤੀ ਜਨਤਾ ਪਾਰਟੀ, ਵੋਟਾਂ ਤੋਂ ਪਹਿਲਾਂ ਹੀ ਆਪਣੀਆਂ ਮਾੜੀਆਂ ਕਰਤੂਤਾਂ 'ਤੇ ਆ ਚੁੱਕੀ ਹੈ। ਹੱਕ ਮੰਗਦੇ ਲੋਕਾਂ ਨੂੰ ਬਿਨਾਂ ਪੁੱਛੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਜੇਕਰ 2024 ਦੀਆਂ ਵੋਟਾਂ ਪਿੱਛੋਂ ਭਾਜਪਾ ਸੱਤਾ ਵਿੱਚ ਆ ਗਈ ਤਾਂ ਆਮ ਲੋਕਾਂ ਤਾਂ ਅੱਤਿਆਚਾਰ ਅੱਤ ਦਰਜੇ 'ਤੇ ਪੁੱਜ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਮਾਲਵਾ ਜ਼ੋਨ ਦੇ ਪ੍ਰਧਾਨ ਇੰਦਰਵੀਰ ਸਿੰਘ ਕਾਦੀਆਂ ਅਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਨੇ ਕੀਤਾ।ਉਨ੍ਹਾਂ ਅੱਗੇ ਕਿਹਾ ਕਿ ਮੋਦੀ ਸਰਕਾਰ ਦਾ ਸ਼ਰਮਨਾਕ ਕਾਰਾ ਉਸ ਵਕਤ ਸਾਹਮਣੇ ਆਇਆ ਜਦੋਂ ਤਾਮਿਲਨਾਡੂ ਵਿੱਚ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਨੂੰ ਲੈ ਕੇ ਰੈਲੀ ਦੇ ਵਿੱਚ ਸ਼ਾਮਲ ਹੋਣ ਲਈ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪ੍ਰਧਾਨ ਮਨਜੀਤ ਸਿੰਘ ਰਾਏ, ਸਰਵਣ ਸਿੰਘ ਭੰਦੇਰ ਅਤੇ ਹੋਰ ਮੋਰਚੇ ਦੇ ਕਿਸਾਨ ਆਗੂ ਪਹੁੰਚੇ ਤਾਂ ਰੈਲੀ ਵਿੱਚ ਜਾਣ ਤੋਂ ਪਹਿਲਾਂ ਕਰਨਾਟਕ ਪੁਲਿਸ ਵੱਲੋਂ ਹੋਟਲ ਵਿੱਚੋਂ ਗ੍ਰਿਫ਼ਤਾਰ ਕਰਕੇ ਥਾਣੇ ਲੈ ਗਏ, ਜੋ ਬਹੁਤ ਹੀ ਮੰਦਭਾਗੀ ਘਟਨਾ ਹੈ। ਲੋਕਤੰਤਰ ਦੇਸ਼ ਵਿੱਚ ਸ਼ਾਂਤਮਈ ਢੰਗ ਨਾਲ ਆਪਣੀ ਗੱਲ ਰੱਖਣ ਦਾ ਹਰ ਇੱਕ ਨੂੰ ਅਧਿਕਾਰ ਹੈ। ਐੱਮ.ਐੱਸ.ਪੀ ਗਰੰਟੀ ਕਾਨੂੰਨ ਨੂੰ ਮੋਦੀ ਸਰਕਾਰ ਮੰਨ ਕੇ ਮੁੱਕਰ ਰਹੀ ਹੈ। ਇਸ ਕਰਕੇ ਕਿਸਾਨ ਪੂਰੇ ਦੇਸ਼ ਵਿੱਚ ਸੜਕਾਂ 'ਤੇ ਧਰਨੇ ਦੇ ਰਿਹਾ ਹੈ, ਇਸ ਦੇ ਨਾਲ ਹੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਬਿਆਨ ਜੋ ਦਿੱਤਾ ਸੀ, ਉਹਦੇ ਵਿੱਚ ਵੀ ਭਾਜਪਾ ਸਰਕਾਰ ਅਸਫ਼ਲ ਰਹੀ ਹੈ।


ਉਨ੍ਹਾਂ ਅੱਗੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਕਿਸਾਨ ਆਗੂਆਂ ਨੂੰ ਜਲਦੀ ਰਿਹਾਅ ਨਾ ਕੀਤਾ ਤਾਂ ਸੰਘਰਸ਼ ਕੀਤਾ ਜਾਵੇਗਾ ਅਤੇ ਗ੍ਰਿਫਤਾਰੀ ਵਾਲੀ ਨਿੰਦਣਯੋਗ ਘਟਨਾ ਦੀ ਬੀ.ਕੇ.ਯੂ. (ਦੁਆਰਾ) ਪੁਰਜ਼ੋਰ ਖੰਡਨ ਕਰਦਾ ਹੈ ਅਤੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਕਿਸਾਨ ਆਗੂਆਂ ਨੂੰ ਭਾਜਪਾ ਸਰਕਾਰ ਤੰਗ ਪ੍ਰੇਸ਼ਾਨ ਕਰਨੋਂ ਨਾ ਹਟੀ ਤਾਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ, ਹਰਿਆਣਾ ਅਤੇ ਨਾਲ ਲੱਗਦੇ ਸੂਬਿਆਂ ਵਿੱਚ ਬੀਜੇਪੀ ਦੇ ਲੋਕ ਸਭਾ ਉਮੀਦਵਾਰਾਂ ਦਾ ਕਿਸਾਨ ਕਰਨਗੇ ਤਿੱਖਾ ਵਿਰੋਧ ਕਰਨਗੇ।

## 52ਵਾਂ ਵਿਸ਼ਾਲ ਭੰਡਾਰਾ ਤੇ ਵਲੰਟੀਅਰ ਸੇਵਾ ਕੈਂਪ 16 ਤੱਕ




ਸੰਗਰੂਰ (ਪ੍ਰਵੀਨ ਸਿੰਘ)-ਸ਼੍ਰੀ ਦੁਰਗਾ ਸੇਵਾ ਦਲ, ਪੰਜਾਬ ਵੱਲੋਂ ਚੇਤ ਦੇ ਨਵਰਾਤਰੇ ਦੌਰਾਨ ਮਾਤਾ ਸ਼੍ਰੀ ਮਨਸਾ ਦੇਵੀ ਜੀ, ਪੰਚਕੂਲਾ (ਹਰਿਆਣਾ) ਵਿਖੇ 52ਵਾਂ ਵਿਸ਼ਾਲ ਭੰਡਾਰਾ ਤੇ ਵਲੰਟੀਅਰ ਸੇਵਾ ਕੈਂਪ ਲਾਇਆ ਜਾ ਰਿਹਾ ਹੈ, ਜਿਸ ਵਿੱਚ ਸ਼੍ਰੀ ਦੁਰਗਾ ਸੇਵਾ ਦਲ, ਲੰਗਰ ਭਵਨ, ਸਿਵਲ ਹਸਪਤਾਲ ਵੱਲੋਂ ਭੰਡਾਰੇ ਦੇ ਲਈ ਪ੍ਰਧਾਨ ਸ਼੍ਰੀ ਅਰੂਪ ਸਿੰਗਲਾ ਜੀ ਦੀ ਅਗਵਾਈ ਹੇਠ ਮੁੱਖ ਮਹਿਮਾਨ ਸਮਾਜ ਸੇਵੀ ਡਾ. ਪੰਕਜ ਗੁਪਤਾ ਤੇ ਉਨ੍ਹਾਂ ਦੀ ਧਰਮ ਪਤਨੀ ਨੇ ਹਰੀ ਝੰਡੀ ਦੇ ਕੇ ਰਾਸ਼ਨ ਦੇ ਟਰੱਕਾਂ ਨੂੰ ਰਵਾਨਾ ਕੀਤਾ।ਮੁੱਖ ਮਹਿਮਾਨ ਨੇ ਕਿਹਾ ਕਿ ਸ਼੍ਰੀ ਦੁਰਗਾ ਸੇਵਾ ਦਲ ਵੱਲੋਂ ਸਮਾਜ ਸੇਵਾ ਦੇ ਲਈ ਕੀਤੇ ਜਾ ਰਹੇ ਕੰਮ ਸ਼ਲਾਘਾਯੋਗ ਹਨ।ਸੰਸਥਾ ਦੇ ਪ੍ਰਧਾਨ ਸ਼੍ਰੀ ਅਰੂਪ ਸਿੰਗਲਾ ਨੇ ਦੱਸਿਆ ਕਿ ਮਾਤਾ ਸ਼੍ਰੀ ਮਨਸਾ ਦੇਵੀ, ਪੰਚਕੂਲਾ ਹਰਿਆਣਾ ਵਿਖੇ 8 ਅਪ੍ਰੈਲ ਤੋਂ ਲੈ ਕੇ 16 ਅਪ੍ਰੈਲ ਅਸ਼ਟਮੀ ਤੱਕ ਭੰਡਾਰਾ ਚੱਲੇਗਾ।ਉਨ੍ਹਾਂ ਦੱਸਿਆ ਕਿ ਸੇਵਾ ਦਲ ਵੱਲੋਂ ਲੰਗਰ ਦੇ ਨਾਲ-ਨਾਲ 150 ਦੇ ਲਗਭਗ ਵਲੰਟੀਅਰ ਮਾਤਾ ਸ਼੍ਰੀ ਮਨਸਾ ਦੇਵੀ ਵਿਖੇ ਆਪਣੀਆਂ ਵਰਦੀਆਂ ਪਾ ਕੇ ਮਾਤਾ ਦੇ ਸ਼ਰਧਾਲੂਆਂ ਨੂੰ ਦਰਸ਼ਨ ਕਰਾਉਣ ਵਿੱਚ ਪੁਲਸ ਦੀ ਸਹਾਇਤਾ ਕਰਨਗੇ।ਇਸੇ ਤਰ੍ਹਾਂ 100 ਦੇ ਲਗਭਗ ਸੰਸਥਾ ਦੇ ਮੈਂਬਰ ਲੰਗਰ ਵਿੱਚ ਆਪਣੀਆਂ ਡਿਊਟੀਆਂ ਨਿਭਾਉਣਗੇ।ਇਸ ਦੇ ਨਾਲ ਹੀ ਸ਼੍ਰੀ ਦੁਰਗਾ ਸੇਵਾ ਦਲ, ਸੰਗਰੂਰ ਦੇ ਵੱਲੋਂ ਮੈਡੀਕਲ ਕੈਂਪ ਵੀ ਲਾਇਆ ਜਾਵੇਗਾ। ਉਨ੍ਹਾਂ ਆਪਣੇ ਮੈਂਬਰਾਂ ਨੂੰ ਦਰਸ਼ਨ ਕਰਨ ਆਉਣ ਵਾਲੇ ਸ਼ਰਧਾਲੂਆਂ ਦੇ ਲਈ ਵਧੀਆ ਪ੍ਰਬੰਧ ਕਰਨ ਲਈ ਵੀ ਪ੍ਰੇਰਤ ਕੀਤਾ।

## ਰਾਮਗੜ੍ਹੀਆ ਅਕਾਲ ਜਥੇਬੰਦੀ ਦੀ ਮੀਟਿੰਗ 'ਚ ਅਹਿਮ ਵਿਚਾਰਾਂ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਦੀ ਮੀਟਿੰਗ ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਹਲਕਾ ਪ੍ਰਧਾਨ ਮੁਕੰਦ ਸਿੰਘ ਰਾਮਗੜ੍ਹੀਆ ਦੀ ਪ੍ਰਧਾਨਗੀ ਹੇਠ ਹੋਈ।ਇਸ ਸਮੇਂ 18ਵੀਂ ਸਦੀ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ 5 ਮਈ ਨੂੰ ਮਨਾਉਣ ਸਬੰਧੀ ਰਣਨੀਤੀ ਉਲੀਕੀ ਗਈ।ਇਸ ਮੌਕੇ ਜਥੇਬੰਦੀ ਦੇ ਸਰਗਰਮ ਦੇ ਆਗੂ ਜਰਨੈਲ ਸਿੰਘ ਮਠਾੜੂ ਨੂੰ ਜ਼ਿਲ੍ਹਾ ਬਰਨਾਲਾ ਦਾ ਚੇਅਰਮੈਨ, ਜਸਵੀਰ ਸਿੰਘ ਕੋਟਦੁੱਨਾ ਨੂੰ ਸੂਬਾ ਜਥੇਬੰਦਕ ਸਕੱਤਰ, ਨਰਿੰਦਰ ਸਿੰਘ ਸੋਹਲ ਨੂੰ ਸੂਬਾ ਸਕੱਤਰ, ਬੂਟਾ ਸਿੰਘ ਨੂੰ ਪ੍ਰਧਾਨ ਯੂਥ ਵਿੰਗ ਜ਼ਿਲ੍ਹਾ ਬਰਨਾਲਾ ਨਿਯੁਕਤ ਕੀਤਾ ਗਿਆ।ਨਵ-ਨਿਯੁਕਤ ਅਹੁਦੇਦਾਰਾਂ ਨੂੰ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਮੰਗਲ ਸਿੰਘ ਤੇ ਆਗੂਆਂ ਵੱਲੋਂ ਸਨਮਾਨਤ ਕੀਤਾ ਗਿਆ।ਇਸ ਸਮੇਂ ਪ੍ਰਧਾਨ ਅਮਨਦੀਪ ਸਿੰਘ ਬਰਨਾਲਾ, ਜੁਗਿੰਦਰ ਸਿੰਘ ਧੰਜਲ, ਭਰਪੂਰ ਸਿੰਘ ਜਗਦੇ, ਬਾਬਾ ਬੁੱਧ ਸਿੰਘ ਕਲਸੀ, ਰਣਜੀਤ ਸਿੰਘ ਧਨੇਰ, ਗੁਰਤੇਜ ਸਿੰਘ ਛੀਨੀਵਾਲ, ਗੁਰਮੇਲ ਸਿੰਘ ਛੀਨੀਵਾਲ, ਜਗਰੂਪ ਸਿੰਘ ਛੀਨੀਵਾਲ, ਹਰੀ ਸਿੰਘ ਛੀਨੀਵਾਲ, ਸੁਖਵਿੰਦਰ ਸਿੰਘ ਧਨੌਲਾ, ਰਣਜੀਤ ਸਿੰਘ ਗੁਪਾਲ ਧੋਲਾ, ਪਰਮਜੀਤ ਸਿੰਘ ਬਰਨਾਲਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

## ਡੈਮੋਕ੍ਰੇਟਿਕ ਟੀਚਰ ਫਰੰਟ ਦੀ ਮੀਟਿੰਗ 'ਚ ਸਿੱਖਿਆ ਨੀਤੀ 'ਤੇ ਵਿਚਾਰ ਵਟਾਂਦਰਾ



ਸਮਰਾਲਾ (ਸੁਰਜੀਤ ਸਿੰਘ)-ਡੈਮੋਕ੍ਰੇਟਿਕ ਟੀਚਰ ਫਰੰਟ ਲੁਧਿਆਣਾ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਮਨਜੀਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਜੰਡਿਆਲੀ, ਰਾਕੇਸ਼ ਪੁਹੀੜ, ਰਜਿੰਦਰ ਜੰਡਿਆਲੀ, ਯਾਦਵਿੰਦਰ ਸਿੰਘ, ਸੁਰਿੰਦਰਪਾਲ ਸਿੰਘ, ਅਵਤਾਰ ਸਿੰਘ ਖਾਲਸਾ, ਅਮਨਦੀਪ ਵਰਮਾ, ਤਰਸੇਮ ਸਿੰਘ ਤੋਂ ਇਲਾਵਾ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਲੀਲ੍ਹ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।ਡੈਮੋਕ੍ਰੇਟਿਕ ਟੀਚਰ ਫਰੰਟ ਲੁਧਿਆਣਾ ਦੀ ਮੈਂਬਰਸ਼ਿਪ 30 ਅਪ੍ਰੈਲ ਤੱਕ ਮੁਕੰਮਲ ਕਰਨ ਦਾ ਫੈਸਲਾ ਕੀਤਾ ਗਿਆ।ਇਸ ਸਬੰਧੀ ਵੱਖ-ਵੱਖ ਬਲਾਕ ਪੱਧਰੀ ਟੀਮਾਂ ਦਾ ਗਠਨ ਕਰ ਦਿੱਤਾ ਗਿਆ।ਮਾਰਚ 23 ਸ਼ਹੀਦ ਭਗਤ ਸਿੰਘ ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾਣ ਵਾਲੀ ਸਿੱਖਿਆ ਨੀਤੀ 2020 ਉੱਪਰ ਕੀਤੀ ਗਈ ਵਿਚਾਰ ਚਰਚਾ ਸਬੰਧੀ ਰੀਵਿਊ ਰਿਪੋਰਟ ਕੀਤੀ।ਇਸ ਸਿੱਖਿਆ ਨੀਤੀ ਵਾਰੇ ਅਧਿਆਪਕ ਵਰਗ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਦੇ ਤਹਿਸੀਲ ਪੱਧਰ ਤੇ ਚਰਚਾ ਕਰਨ ਦਾ ਫੈਸਲਾ ਕੀਤਾ ਗਿਆ।ਇਸ ਤੋਂ ਇਲਾਵਾ ਇਲੈਕਸ਼ਨ ਕਮਿਸ਼ਨ ਵੱਲੋਂ ਅਚਨਚੇਤ ਛੁੱਟੀਆਂ ਰੋਕਣ ਦੇ ਜਾਰੀ ਕੀਤੇ ਪੱਤਰ ਸਬੰਧੀ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਡੈਪੂਟੇਸ਼ਨ ਮਿਲਣ ਦਾ ਫੈਸਲਾ ਕੀਤਾ ਗਿਆ।

# ਮਹਾਪ੍ਰਗਿਆ ਸਕੂਲ ਨੇ ਮਨਾਇਆ 19ਵਾਂ ਸਥਾਪਨਾ ਦਿਵਸ



ਜਗਰਾਉਂ (ਅਮਿਤ ਖੰਨਾ)-ਮਹਾਪ੍ਰਗਿਆ ਸਕੂਲ ਵਿੱਚ 19ਵਾਂ ਸਥਾਪਨਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਐਨ ਸੀ ਸੀ ਟੀਮ ਨੇ ਮੁੱਖ ਮਹਿਮਾਨ ਨੂੰ ਸਲਾਮੀ ਦਿੱਤੀ ਤੇ ਪ੍ਰੋਗਰਾਮ ਦੀ ਸ਼ੁਰੂਆਤ ਨਵਕਾਰ ਮੰਤਰ ਦੇ ਜਾਪ ਅਤੇ ਦੀਪ ਜਗਾ ਕੇ ਕੀਤੀ ਗਈ।ਬੱਚਿਆਂ ਨੇ ਆਪਣੀਆਂ ਮਿੱਠੀਆਂ ਆਵਾਜ਼ਾਂ ਵਿੱਚ ਸਰਸਵਤੀ ਵੰਦਨਾ ਦਾ ਗਾਇਨ ਕੀਤਾ।

ਸਕੂਲ ਦੀ ਪ੍ਰਿੰਸੀਪਲ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ, ਸਕੂਲ ਦੀ ਅਧਿਆਪਨ ਪ੍ਰਣਾਲੀ ਬਾਰੇ ਚਾਨਣਾ ਪਾਇਆ ਅਤੇ ਮਾਪਿਆਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ।ਸਕੂਲ ਦੇ ਸੀਨੀਅਰ ਅਧਿਆਪਕਾਂ ਨੇ ਸਕੂਲ ਗੀਤ ਅਤੇ ਜੂਨੀਅਰ ਅਧਿਆਪਕਾਂ ਨੇ ਫਾਊਂਡੇਸ਼ਨ ਨਾਲ ਸਬੰਧਿਤ ਗੀਤ ਪੇਸ਼ ਕੀਤਾ।ਸੰਗੀਤ ਅਧਿਆਪਕ ਅਮਨਦੀਪ ਸਿੰਘ ਨੇ ਆਪਣੀ ਮਿੱਠੀ ਆਵਾਜ਼ ਵਿੱਚ ਗ਼ਜ਼ਲ ਗਾ ਕੇ ਸੈਸ਼ਨ ਦੀ ਸਮਾਪਤੀ ਕੀਤੀ।

ਗੁਲਸ਼ਨ ਅਰੋੜਾ ਚੇਅਰਮੈਨ, (ਲੋਕ ਸੇਵਾ ਸੁਸਾਇਟੀ) ਨੂੰ ਮਹਾਪ੍ਰਗਿਆ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਅਧਿਆਪਕਾਂ ਨੂੰ ਇਨਾਮ ਦਿੱਤੇ ਗਏ।ਤ੍ਰਿਸ਼ਾਲਾ ਜੈਨ ਮੈਮੋਰੀਅਲ ਸਕਾਲਰਸ਼ਿਪ ਐਵਾਰਡ ਲੋੜਵੰਦ ਵਿਦਿਆਰਥੀਆਂ ਨੂੰ ਦਿੱਤਾ ਗਿਆ।ਇਸ ਤੋਂ ਬਾਅਦ ਸਕੂਲ ਦੇ 2023-24 ਦੇ ਹੋਣਹਾਰ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਨੇ ਸਾਰਿਆਂ ਨੂੰ ਵਧਾਈ ਦਿੱਤੀ। ਅਧਿਆਪਕਾਂ ਅਤੇ ਸਟਾਫ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਮੈਂ ਇਸ ਸੰਸਥਾ ਨੂੰ ਸਖ਼ਤ ਮਿਹਨਤ ਅਤੇ ਲਗਨ ਨਾਲ ਉੱਚੀਆਂ ਬੁਲੰਦੀਆਂ 'ਤੇ ਪੁਚਾਉਣ ਲਈ ਧੰਨਵਾਦ ਕਰਦਾ ਹਾਂ।ਕੋਆਰਡੀਨੇਟਰ ਅਧਿਆਪਕਾ ਸੁਰਿੰਦਰ ਕੌਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ ਤੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਅਤੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।ਸਟੇਜ ਸੰਚਾਲਨ ਦੀ ਭੂਮਿਕਾ ਅਰੁਣਾ ਜੈਨ ਨੇ ਬਾਖੂਬੀ ਨਿਭਾਈ।

# ਕਰਮਜੀਤ ਅਨਮੋਲ ਨੂੰ ਸ਼ਾਨ ਨਾਲ ਜਿਤਾਵਾਂਗੇ : ਸਾਜਨ ਛਾਬੜਾ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਪੰਜਾਬ ਦਾ ਹਰ ਵਰਗ ਖੁਸ਼ ਹੈ, ਕਿਉਂਕਿ ਸਾਡੀ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਗਏ ਹਰ ਇੱਕ ਵਾਅਦੇ ਨੂੰ ਪੂਰਾ ਕੀਤਾ ਹੈ ਅਤੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਮੁਹੱਈਆ ਕਰਾਈਆਂ ਗਈਆਂ ਹਨ। ਉਪਰੋਕਤ ਸ਼ਬਦ ਸਾਜਨ ਛਾਬੜਾ ਯੂਥ ਆਗੂ ਆਮ ਆਦਮੀ ਪਾਰਟੀ ਹਲਕਾ ਧਰਮਕੋਟ ਨੇ ਕਹੇ। ਉਨ੍ਹਾਂ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੇ ਸੂਬੇ ਦੇ ਲੋਕ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਮੋਹਰ ਲਾਉਣਗੇ ਅਤੇ ਪੰਜਾਬ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ। ਧਰਮਕੋਟ ਹਲਕੇ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿਤਾਵਾਂਗੇ ਛਾਬੜਾ ਨੇ ਕਿਹਾ ਕਿ ਧਰਮਕੋਟ ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਹਲਕੇ ਦੇ ਲੋਕਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਹੈ ਅਤੇ ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਨੇਪਰੇ ਚਾੜ੍ਹੇ ਹਨ। ਇਸ ਤੋਂ ਇਲਾਵਾ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਦਾ ਸਰਵ ਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ ਤੇ ਉਨ੍ਹਾਂ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਸਰਬਪੱਖੀ ਵਿਕਾਸ ਲਈ ਹੋਰ ਵੀ ਕਈ ਯੋਜਨਾਵਾਂ ਉਲੀਕੀਆਂ ਜਾ ਰਹੀਆਂ ਹਨ।


**ਉੱਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ – ਤੀਸਰੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ 26.04.2024 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 04.04.2024 | 12.04.2024 | 26.04.2024/15:00 ਵਜੇ |

| ਲ. ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | |
|---|---|---|---|---|
| 1. | 04-2024-25-ADEN-JUC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸ਼ਹਿਰ ਦੇ ਅੰਤਰਗਤ ਫਿਲੌਰ-ਲੋਹਿਖਾਸ ਖੰਡ ਉਤੇ ਨੂਰਮਹਲ ਵਿਚ ਗੁਡਸ ਸ਼ੇਡ ਦਾ ਉਨਨਯਨ/ਸੁਧਾਰ। | | |
| | | | | |
| | 1,70,21,111.36/- | 2,35,100.00/- | 60 ਦਿਨ | 06 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ:- "ਕੋਈ ਵੀ ਸਿਵਿਲ ਕੰਮ ਟ੍ਰੈਕ ਕੰਮ ਦੇ ਇਲਾਵਾ" | | | |
| 2. | 06-2024-25-ADEN-JUC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸ਼ਹਿਰ ਦੇ ਅਧਿਕਾਰ ਖੇਤਰ ਵਿਚ ਜਲੰਧਰ ਸ਼ਹਿਰ ਵਿਚ 50 ਕੇਐਲਡੀ ਦੇ ਐਸਟੀਪੀ ਦਾ ਪ੍ਰਾਵਧਾਨ। | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | 82,96,895.83/- | 1,65,900/- | 60 ਦਿਨ | 06 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ:- "ਸੀਵਰੇਜ ਜਾਂ ਅਪਸ਼ਿਸ਼ਟ ਉਪਚਾਰ ਸੰਯੰਤਰ ਦੀ ਆਪੂਰਤੀ, ਡਿਜਾਇਨ, ਨਿਰਮਾਣ ਅਤੇ ਕਮੀਸ਼ਨਿੰਗ"। | | | |

ਨੋਟ: 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। ਪੱਤਰ ਨੰ: 04 & 06-2024-24-ADEN-JUC Date : 05.04.2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1022/24


# ਕੇਜਰੀਵਾਲ ਦੀ ਫੋਟੋ ਲਾਉਣ ਦੀ ਨਿਖੇਧੀ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਭਾਰਤੀਆ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਨੇ ਆਮ ਆਦਮੀ ਪਾਰਟੀ ਨਿਖੇਧੀ ਕਰਦਿਆ ਦੋਸ਼ ਲਾਇਆ ਕਿ ਦੇਸ਼ ਦੇ ਮਹਾਨ ਆਗੂਆਂ ਭਗਤ ਸਿੰਘ ਅਤੇ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੀਆਂ ਫੋਟੋਆਂ ਵਿਚਕਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫੋਟੋ ਲਾਉਣ ਨੂੰ ਲੈ ਕੇ ਫ਼ਤਿਹਗੜ੍ਹ ਸਾਹਿਬ ਡਿਪਟੀ ਕਮਿਸ਼ਨਰ ਦਫਤਰ ਦੇ ਸਾਹਮਣੇ 10 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਵਿਰੋਧ ਕਰਨ ਲਈ ਸ਼ਾਂਤਮਈ ਰੋਸ ਧਰਨਾ ਪ੍ਰਦਰਸ਼ਨ ਕਰਨ ਦਾ ਫੈਸਲਾ ਲਿਆ ਹੈ।

ਸੂਬਾਈ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਤੇ ਇੰਚਾਰਜ ਲੋਕ ਸਭਾ ਫ਼ਤਿਹਗੜ੍ਹ ਸਾਹਿਬ ਤੇ ਸਹਿ ਇੰਚਾਰਜ ਸ਼੍ਰੀਮਤੀ ਨਰਿੰਦਰ ਕੌਰ ਅਤੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਸਹੋਤਾ ਨੇ ਸਾਂਝੇ ਬਿਆਨ ਵਿੱਚ ਦੱਸਿਆ ਕਿ ਪਿਛਲੇ ਦਿਨੀ ਆਮ ਆਦਮੀ ਪਾਰਟੀ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾ ਵਿੱਚ ਫਸੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੇਂਦਰੀ ਜਾਂਚ ਏਜੰਸੀਆਂ ਦੀ ਪੁੱਛ ਪੜਤਾਲ ਕਰਨ ਨਾਲ ਹੈਰਾਨੀਜਨਕ ਤੱਥ ਪੇਸ਼ ਹੋ ਰਹੇ ਹਨ।

ਆਮ ਆਦਮੀ ਪਾਰਟੀ ਦੇ ਆਗੂ ਆਪਣੀ ਰਾਜਨੀਤਕ ਸ਼ਾਖ ਬਚਾਉਣ ਲਈ ਦੇਸ਼ ਦੇ ਮਹਾਨ ਆਗੂਆਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਭਾਰਤ ਰਤਨ ਡਾਂ ਭੀਮ ਰਾਓ ਅੰਬੇਡਕਰ ਜੀ ਦੀਆਂ ਫੋਟੋਆਂ ਵਿਚਕਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫੋਟੋ ਨੂੰ ਲੈ ਕੇ ਅਨੁਸੂਚਿਤ ਜਾਤੀ ਸਮਾਜ ਗੁੱਸੇ 'ਚ ਹੈ। ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੂੰ ਇਸ ਤਰ੍ਹਾਂ ਮਹਾਨ ਲੋਕਾਂ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸੀ।

# ਚੇਅਰਮੈਨ ਨੇ ਸਮੂਹਿਕ ਵਰਤ 'ਚ ਕੀਤੀ ਸ਼ਿਰਕਤ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਆਮ ਆਦਮੀ ਪਾਰਟੀ ਦੇ ਸਮੂਹ ਆਗੂਆਂ ਅਤੇ ਵਰਕਰਾਂ ਵੱਲੋਂ ਇੱਕ ਰੋਜ਼ਾ ਰੱਖੇ ਗਏ ਸਮੂਹਿਕ ਵਰਤ ਵਿੱਚ ਪੰਜਾਬ ਸਟੇਟ ਵੇਅਰ ਹਾਊਸਿੰਗ ਅਤੇ ਕੰਨਟੇਨਰ ਕਾਰਪੋਰੇਸ਼ਨ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਸ਼ਮੂਲੀਅਤ ਕੀਤੀ।ਉਨ੍ਹਾਂ ਕਿਹਾ ਕਿ ਇਹ ਭਾਜਪਾ ਦਾ ਜਨਤਕ ਵਰਤ ਤਾਨਾਸ਼ਾਹਾਂ ਲਈ ਸੰਦੇਸ਼ ਹੈ।ਉਨ੍ਹਾਂ ਕਿਹਾ ਕਿ ਸਿਰਫ਼ 10 ਸਾਲ ਵਿੱਚ ਆਮ ਆਦਮੀ ਪਾਰਟੀ ਇਕ ਕੌਮੀ ਪਾਰਟੀ ਬਣ ਗਈ, ਜਿਸ ਦਾ ਡਰ ਉਨ੍ਹਾਂ ਨੂੰ ਸਤਾਉਂਦਾ ਰਹਿੰਦਾ ਹੈ।ਡਰ ਦੇ ਮਾਰੇ ਉਨ੍ਹਾਂ ਨੇ ਹੁਣ ਕੌਮੀ ਪੱਧਰ ਦੇ ਆਗੂਆਂ 'ਤੇ ਛਾਪੇ ਮਾਰਨ ਅਤੇ ਅੰਦਰ ਪਾ ਕੇ ਉਨ੍ਹਾਂ ਨੂੰ ਚੁੱਪ ਕਰਾਉਣ ਦਾ ਤਰੀਕਾ ਲੱਭ ਲਿਆ ਹੈ।

ਉਹ ਚਾਹੁੰਦੇ ਹਨ ਕਿ ਕੋਈ ਵੀ ਅਜਿਹੀ ਆਵਾਜ਼ ਨਾ ਹੋਵੇ, ਜੋ ਸਾਡੀ ਆਵਾਜ਼ ਨੂੰ ਰੋਕ ਸਕੇ।ਅਰਵਿੰਦ ਕੇਜਰੀਵਾਲ ਦੀ ਆਵਾਜ਼ ਪੂਰੇ ਦੇਸ਼ ਵਿੱਚ ਫੈਲ ਗਈ ਹੈ ਉਹ ਜਦੋਂ ਵੀ ਬੋਲੇ ਸੱਚ ਬੋਲੇ।ਅੱਜ ਵੀ ਜਦੋਂ ਉਹ ਬੋਲਦੇ ਹਨ ਤਾਂ ਸੱਚ ਹੀ ਬੋਲਦੇ ਹਨ।ਅਸੀਂ ਵੀ ਉਨ੍ਹਾਂ ਦੇ ਸਿਪਾਹੀ ਹਾਂ, ਨਹੀਂ ਤਾਂ ਸਾਨੂੰ ਕਿਸ ਨੇ ਪੁੱਛਣਾ ਸੀ ? ਅੱਜ ਅਸੀਂ ਆਗੂਆਂ ਦੇ ਰੂਪ ਵਿੱਚ ਸਿਰਫ਼ ਇਸ ਲਈ ਬੈਠੇ ਹਾਂ ਕਿਉਂਕਿ ਅਰਵਿੰਦ ਕੇਜਰੀਵਾਲ ਨੇ ਸਧਾਰਨ ਪਰਵਾਰਾਂ ਦੇ ਧੀਆਂ-ਪੁੱਤਾਂ ਨੂੰ ਰਾਜਨੀਤੀ ਵਿੱਚ ਲਿਆ ਕੇ ਇਨ੍ਹਾਂ ਕੁਰਸੀਆਂ 'ਤੇ ਬਿਠਾਇਆ।

# ਯੂ ਕੇ ਇੰਟਰਨੈਸ਼ਨਲ ਸਕੂਲ ਵੱਲੋਂ ਡਰਾਈਵਰ ਤੇ ਸ.ਫ਼ਾਈ ਕਰਮਚਾਰੀ ਸਨਮਾਨਤ



ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਹਰ ਸਾਲ ਦੀ ਤਰ੍ਹਾਂ ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਅਤੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ ਤੇ ਬਲਕਾਰ ਸਿੰਘ ਵੱਲੋਂ ਸਾਰੇ ਹੀ ਡਰਾਈਵਰਾਂ ਅਤੇ ਸਕੂਲ ਦੇ ਸਫ਼ਾਈ ਕ੍ਰਮਚਾਰੀਆਂ ਨੂੰ ਵਰਦੀਆਂ ਦੇ ਕੇ ਸਨਮਾਨਤ ਕੀਤਾ।ਉਨ੍ਹਾਂ ਕਿਹਾ ਕਿ ਅਸੀਂ ਸਾਰੇ ਹੀ ਡਰਾਈਵਰਾਂ ਅਤੇ ਸਫ਼ਾਈ ਕ੍ਰਮਚਾਰੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸਕੂਲ ਨੂੰ ਉੱਚੀਆਂ ਬੁਲੰਦੀਆਂ ਤੱਕ ਪੁਚਾਉਣ ਵਿੱਚ ਸਾਡੀ ਮਦਦ ਕੀਤੀ ਅਤੇ ਸਾਨੂੰ ਪੂਰਨ ਤੌਰ 'ਤੇ ਆਪਣਾ ਸਹਿਯੋਗ ਦਿੱਤਾ।ਉਨ੍ਹਾਂ ਕਿਹਾ ਕਿ ਅਸੀਂ ਸਕੂਲ ਦੀਆਂ ਉੱਚੀਆਂ ਬੁਲੰਦੀਆਂ ਲਈ ਦਿਨ-ਰਾਤ ਇੱਕ ਕਰਦੇ ਰਹਾਂਗੇ। ਪ੍ਰਿੰਸੀਪਲ ਨੇ ਕਮੇਟੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਡਰਾਈਵਰਾਂ ਤੇ ਸਫ਼ਾਈ ਕ੍ਰਮਚਾਰੀਆਂ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਸਨਮਾਨਤ ਕੀਤਾ।ਇਸ ਮੌਕੇ ਸਾਰੇ ਹੀ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਤੇ ਸਮੂਹ ਸਟਾਫ਼ ਦੇ ਮੈਂਬਰ ਸਾਰੇ ਸ਼ਾਫ਼ਮਲ ਸਨ।


ਬੈਂਕ ਆੱਫ਼ ਬੜੌਦਾ Bank of Baroda

BRANCH: Kakowal Ludhiana. SCO- 1, Dhir Colony Kakowal Road Ludhiana -141007

**ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਬੈਂਕ ਆਫ ਬੜੌਦਾ, ਕਾਕੋਵਾਲ, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦੇ ਦਿੰਦੇ ਨੋਟਿਸ ਜਾਰੀ ਕੀਤੇ ਹਨ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਰੀਕਾਂ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਕਾਕੋਵਾਲ, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ, ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਖੜੀ ਰਕਮ |
|---|---|---|---|---|
| 1. (ਕਰਜ਼ਦਾਰ) : ਸ੍ਰੀ ਇੰਦਲ ਮਾਹਤੋ ਪੁੱਤਰ ਸ੍ਰੀ ਬਲਦੇਵ ਮਾਹਤੋ, ਪਤਾ 1 : ਪਲਾਟ ਨੰ. 100 ਮਿਨ, ਨੇੜੇ ਮਹਾਂਵੀਰ ਹੋਮਜ਼, ਨੇੜੇ ਗੁਰਨਾਮ ਨਗਰ, ਪਿੰਡ ਜੱਸੀਆਂ, ਪੰਜਾਬ, ਪਤਾ : 2 : ਮਕਾਨ ਨੰ. 167, ਗਲੀ ਨੰ. 4, ਗ੍ਰੀਨ ਸਿਟੀ ਲੁਧਿਆਣਾ, ਪੰਜਾਬ (2) (ਕਰਜ਼ਦਾਰ) : ਸ੍ਰੀਮਤੀ ਸੁਨੀਤਾ ਦੇਵੀ ਪਤਨੀ ਸ੍ਰੀ ਇੰਦਲ ਮਾਹਤੋ, ਪਤਾ : 1-ਪਲਾਟ ਨੰ. 100 ਮਿਨ, ਨੇੜੇ ਮਹਾਂਵੀਰ ਹੋਮਜ਼, ਨੇੜੇ ਗੁਰਨਾਮ ਨਗਰ, ਪਿੰਡ ਜੱਸੀਆਂ, ਪੰਜਾਬ, ਪਤਾ : 2- ਮਕਾਨ ਨੰ. 167, ਗਲੀ ਨੰ. 4, ਗ੍ਰੀਨ ਸਿਟੀ, ਲੁਧਿਆਣਾ, ਪੰਜਾਬ | ਵਸੀਕਾ ਨੰ. 2019-20/101/1/4159 ਮਿਤੀ 02.09.2019 ਰਾਹੀਂ ਸ੍ਰੀਮਤੀ ਸੁਨੀਤਾ ਦੇਵੀ ਪਤਨੀ ਇੰਦਲ ਮਾਹਤੋ ਦੇ ਹੱਕ 'ਚ ਜਾਇਦਾਦ 56.00 ਵਰਗ ਗਜ਼, ਪਲਾਟ ਨੰ. 100 ਮਿਨ, ਨੇੜੇ ਮਹਾਂਵੀਰ ਹੋਮਜ਼, ਨਿਊ ਗੁਰਨਾਮ ਨਗਰ, ਪਿੰਡ ਜੱਸੀਆਂ, ਜ਼ਿਲ੍ਹਾ ਲੁਧਿਆਣਾ, ਪੰਜਾਬ, ਖਸਰਾ ਨੰ. 5//24/1, 24/2, 25, 9//5, 10//10, ਖੱਤਾ ਨੰ. 670/685, ਜਮ੍ਹਾਂਬੰਦੀ ਸਾਲ 2006-2007, ਹਦਬਸਤ ਨੰ. 101, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਦਾ ਉਚਿਤ ਗਿਰਵੀਨਾਮਾ | 01-02-2024 | 03.04.2024 | ਸੰਕੇਤਕ ਕਬਜ਼ਾ<br>01.02. 2024 ਨੂੰ ਰੁ. 19, 05,764.00 (ਉਨੀ ਲੱਖ ਪੰਜ ਹਜ਼ਾਰ ਸੱਤ ਸੌ ਚੌਂਹਠ ਰੁਪਏ ਕੇਵਲ) (01.02.2024 ਤੱਕ ਵਿਆਜ ਸ਼ਾਮਲ) ਸਮੇਤ ਇਸ ਉੱਪਰ ਭਵਿੱਖੀ ਵਿਆਜ |

ਮਿਤੀ : 08.04.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜ਼ਖਮੀ ਨੌਜਵਾਨ ਨੂੰ ਹਸਪਤਾਲ ਦਾਖਲ ਕਰਵਾ ਕੇ ਆਪ ਭੱਜ ਗਏ !

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਬੀਤੀ ਰਾਤ ਇੱਕ ਨੌਜਵਾਨ ਜ਼ਖਮੀ ਹਾਲਤ ਵਿੱਚ ਸੀ ਜਿਸ ਨੂੰ ਕੁਝ ਅਣਪਛਾਤੇ ਵਿਅਕਤੀ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਾ ਕੇ ਆਪ ਭੱਜ ਗਏ ਜਿਸ ਦੀ ਮੌਤ ਹੋਣ ਤੋਂ ਬਾਅਦ ਤਰਸਿੱਕਾ ਪੁਲਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਵਿੰਦਰ ਸਿੰਘ ਬਾਜਵਾ ਮੁੱਖ ਅਫਸਰ ਥਾਣਾ ਤਰਸਿੱਕਾ ਵੱਲੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਮਿਤੀ 7/8-4-2024 ਦੀ ਦਰਮਿਆਨੀ ਰਾਤ ਨੂੰ ਅਮਨਦੀਪ ਹਸਪਤਾਲ ਅੰਮ੍ਰਿਤਸਰ ਤੋਂ ਥਾਣਾ ਤਰਸਿੱਕਾ ਵਿਖੇ ਇਤਲਾਹ ਮਿਲੀ ਕਿ ਤਿੰਨ ਅਣਪਛਾਤੇ ਨੌਜਵਾਨਾਂ ਵੱਲੋਂ ਪ੍ਰੀਤਪਾਲ ਸਿੰਘ ਪੁੱਤਰ ਬਲਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਹਸਨਪੁਰ ਥਾਣਾ ਬਿਆਸ ਜ਼ਿਲ੍ਹਾ ਅੰਮ੍ਰਿਤਸਰ ਜਿਸ ਦੀ ਉਮਰ ਕਰੀਬ 31 ਸਾਲ ਹੈ, ਨੂੰ ਅਣਪਛਾਤੇ ਵਿਅਕਤੀ ਹਸਪਤਾਲ ਛੱਡ ਕੇ ਇਹ ਕਹਿ ਕੇ ਚਲੇ ਗਏ ਹਨ ਕਿ ਪ੍ਰੀਤਪਾਲ ਸਿੰਘ ਨੂੰ ਮੋੜ ਮੁੱਛਲ ਨਜ਼ਦੀਕ ਗੋਲੀ ਲੱਗੀ ਹੈ। ਇਸ ਲਈ ਇਸਦਾ ਇਲਾਜ ਕੀਤਾ ਜਾਵੇ।ਹਸਪਤਾਲ ਦੇ ਡਾਕਟਰ ਵੱਲੋਂ ਚੈੱਕ ਕਰਨ ਤੇ ਪ੍ਰੀਤਪਾਲ ਸਿੰਘ ਪਹਿਲਾਂ ਤੋਂ ਮ੍ਰਿਤਕ ਹਾਲਤ ਵਿਚ ਪਾਇਆ ਗਿਆ ਜਿਸ 'ਤੇ ਮੁੱਖ ਅਫਸਰ ਥਾਣਾ ਤਰਸਿੱਕਾ ਸਮੇਤ ਸਾਥੀ ਕਰਮਚਾਰੀਆਂ ਅਮਨਦੀਪ ਹਸਪਤਾਲ ਅੰਮ੍ਰਿਤਸਰ ਪੁੱਜੇ ਜਿਥੇ ਡਾਕਟਰਾਂ ਵੱਲੋਂ ਦੱਸਿਆ ਗਿਆ ਕਿ ਪ੍ਰੀਤਪਾਲ ਸਿੰਘ ਦੀ ਮੌਤ ਸਿਰ ਦੀ ਪੁਰਪੁੜੀ 'ਚ ਗੋਲੀ ਲੱਗਣ ਨਾਲ ਹੋਈ ਹੈ। ਮ੍ਰਿਤਕ ਪ੍ਰੀਤਪਾਲ ਸਿੰਘ ਦੇ ਪਿਤਾ ਬਲਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਹਸਨਪੁਰ ਥਾਣਾ ਬਿਆਸ ਜ਼ਿਲਾ ਅੰਮ੍ਰਿਤਸਰ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਭੇਜਿਆ ਗਿਆ।ਮੁਕੱਦਮੇ ਦੀ ਤਫਤੀਸ਼ ਟੈਕਨੀਕਲ ਤਰੀਕਿਆਂ ਨਾਲ ਕਰ ਕੇ ਦੋਸ਼ੀਆਂ ਨੂੰ ਜਲਦ ਹੀ ਗ੍ਰਿਫਤਾਰ ਕੀਤਾ ਜਾਵੇਗਾ।

# ਰਾਮ ਤੀਰਥ ਮੰਦਰ ਖਾਨਮਲੱਕ ਵਿਖੇ ਸਾਲਾਨਾ ਜੋੜ ਮੇਲਾ ਸ਼ਰਧਾਪੂਰਵਕ ਸਮਾਪਤ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪਿੰਡ ਖਾਨਮਲੱਕ ਦੇ ਬਾਹਰਵਾਰ ਸਥਿਤ ਇਤਿਹਾਸਕ ਮੰਦਰ ਛੋਟਾ ਰਾਮ ਤੀਰਥ ਵਿਖੇ ਸਾਲਾਨਾ ਜੋੜ ਮੇਲਾ ਸ਼ਰਧਾਪੂਰਵਕ ਸਮਾਪਤ ਹੋਇਆ। ਇਸ ਮੌਕੇ ਰਾਮ ਤੀਰਥ ਮੰਦਰ ਵਿੱਚ ਭਜਨ ਮੰਡਲੀਆਂ ਨੇ ਭਗਵਾਨ ਸ੍ਰੀ ਰਾਮ ਚੰਦਰ ਦੀ ਮਹਿਮਾ ਵਿੱਚ ਭਜਨ ਗਾਇਨ ਕੀਤੇ ਅਤੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ। ਮੇਲੇ ਦੌਰਾਨ ਇਲਾਕੇ ਭਰ ਅਤੇ ਦੂਰ ਦੁਰਾਡੇ ਤੋਂ ਪਹੁੰਚੀਆਂ ਸੰਗਤਾਂ ਨੇ ਬੜੀ ਸ਼ਰਧਾ ਨਾਲ ਰਾਮ ਤੀਰਥ ਮੰਦਰ ਵਿਖੇ ਨਤਮਸਤਕ ਹੋਈਆਂ। ਮੇਲੇ ਦੌਰਾਨ ਕੋਈ ਪੰਘੂੜੇ ਝੂੱਲਿਆਂ ਅਤੇ ਔਰਤਾਂ ਲਈ ਖਿੱਚ ਦਾ ਕੇਂਦਰ ਬਣੇ ਰਹੇ। ਮੇਲੇ ਆਏ ਲੋਕਾਂ ਨੇ ਕਤਾਰਾਂ ਵਿੱਚ ਲੱਗੀਆਂ ਵੱਖ ਵੱਖ ਦੁਕਾਨਾਂ ਤੋਂ ਬੜੇ ਸ਼ੌਕ ਨਾਲ ਖਰੀਦੋ ਫਰੋਖਤ ਕੀਤੀ। ਮੇਲੇ ਦੌਰਾਨ ਖੁੱਲ੍ਹੇ ਮੈਦਾਨ ਵਿੱਚ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ।

ਕਬੱਡੀ ਟੂਰਨਾਮੈਂਟ ਦਾ ਉਦਘਾਟਨ ਬਾਬਾ ਜੋਗਾ ਸਿੰਘ ਜੀ ਕਾਰ ਸੇਵਾ ਵਾਲਿਆਂ ਵੱਲੋਂ ਕੀਤਾ ਗਿਆ। ਬਜ਼ੁਰਗਾਂ ਦੇ ਕਬੱਡੀ ਮੁਕਾਬਲੇ ਵਿੱਚ ਜਫਰਵਾਲ ਦੀ ਟੀਮ ਨੇ ਸਲਾਹਪੁਰ ਦੀ ਟੀਮ ਨੂੰ 28-18 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਕਬੱਡੀ ਸ਼ੋਅ ਮੈਚ ਸੰਤ ਬਾਬਾ ਹਜ਼ਾਰਾ ਸਿੰਘ ਕਬੱਡੀ ਕਲੱਬ ਨੜਾਂਵਾਲੀ ਅਤੇ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਕਬੱਡੀ ਕਲੱਬ ਰਮਦਾਸ ਦੇ ਦਰਮਿਆਨ ਹੋਇਆ। ਇਸ ਫਸਵੇਂ ਕਬੱਡੀ ਮੁਕਾਬਲੇ ਵਿੱਚ ਸੰਤ ਬਾਬਾ ਹਜ਼ਾਰਾ ਸਿੰਘ ਕਬੱਡੀ ਕਲੱਬ ਨੜਾਂਵਾਲੀ ਦੀ ਟੀਮ ਅੱਧੇ ਅੰਕ ਦੇ ਫਰਕ ਨਾਲ ਜੇਤੂ ਰਹੀ। ਟੂਰਨਾਮੈਂਟ ਦੌਰਾਨ ਪਹਿਲਵਾਨ ਦਿਲਬਾਗ ਸਿੰਘ ਪਸਨਾਵਾਲ ਅਤੇ ਨਰਿੰਦਰ ਸਿੰਘ ਚਾਹਲ ਖਾਨਮਲੱਕ ਨੇ ਰੈਫਰੀ ਦੀ ਡਿਊਟੀ ਬਾਖੂਬੀ ਨਿਭਾਈ ਅਤੇ ਕੁਮੈਂਟਰੀ ਦੀ ਡਿਊਟੀ ਹਰਪਾਲ ਸਿੰਘ ਧਾਰੀਵਾਲ ਕਲਾਂ ਨੇ ਨਿਭਾਈ। ਇਨਾਮ ਵੰਡ ਸਮਾਗਮ ਵਿੱਚ ਮੇਲੇ ਦੇ ਮੁੱਖ ਪ੍ਰਬੰਧਕ ਬਾਬਾ ਜੋਗਾ ਸਿੰਘ ਕਾਰ ਸੇਵਾ ਵਾਲਿਆਂ ਦੁਆਰਾ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਟੂਰਨਾਮੈਂਟ ਪ੍ਰਬੰਧਕਾਂ ਵਿੱਚ ਸਰਪੰਚ ਜੰਗਬੀਰ ਸਿੰਘ ਚਾਹਲ, ਸੰਤੋਖ ਸਿੰਘ ਚਾਹਲ, ਕੁਲਜੀਤ ਸਿੰਘ ਕਾਹਲੋਂ, ਇੰਦਰਬੀਰ ਸਿੰਘ ਕਨੇਡਾ, ਸ਼ਮਸ਼ੇਰ ਸਿੰਘ ਚਾਹਲ, ਗੁਰਇਕਬਾਲ ਸਿੰਘ ਸੋਨੂੰ, ਡਾ. ਨਰਿੰਦਰ ਸਿੰਘ ਚਾਹਲ, ਦਿਲਬਾਗ ਸਿੰਘ ਲਾਡੀ, ਡਾ. ਜਸਵੰਤ ਸਿੰਘ ਜਫਰਵਾਲ, ਪ੍ਰਤਾਪ ਸਿੰਘ, ਮਨਜੀਤ ਸਿੰਘ ਸੋਨੂੰ ਆਦਿ ਤੋਂ ਇਲਾਵਾ ਇਲਾਕਾ ਭਰ ਤੋਂ ਲੋਕ ਹਾਜ਼ਰ ਸਨ।

# ਹਲਕਾ ਮਜੀਠਾ ਦੇ ਭਾਜਪਾ ਇੰਚਾਰਜ ਭੁੱਲਰ ਨੇ ਪਾਰਟੀ ਨੀਤੀਆਂ ਬਾਰੇ ਜਾਣੂ ਕਰਵਾਇਆ



**ਮਜੀਠਾ (ਸੋਇਮ ਆਨੰਦ)**-ਵਿਧਾਨ ਸਭਾ ਹਲਕਾ ਮਜੀਠਾ ਦੇ ਭਾਰਤੀ ਜਨਤਾ ਪਾਰਟੀ ਦੇ ਇੰਚਾਰਜ ਪ੍ਰਦੀਪ ਸਿੰਘ ਭੁੱਲਰ ਦੀ ਅਗਵਾਈ ਵਿਚ ਮਜੀਠਾ ਵਿਖੇ ਭਾਰਤੀ ਜਨਤਾ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਹਲਕਾ ਮਜੀਠਾ ਤੋਂ ਵੱਡੀ ਗਿਣਤੀ ਵਿਚ ਭਾਜਪਾ ਦੇ ਆਗੂ ਅਤੇ ਵਰਕਰ ਸ਼ਾਮਲ ਹੋਏ।ਵਰਕਰਾਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਪ੍ਰਦੀਪ ਸਿੰਘ ਭੁੱਲਰ ਨੇ ਪਾਰਟੀ ਦੀਆਂ ਨੀਤੀਆਂ ਤੋਂ ਜਾਣੂੰ ਕਰਾਇਆ। ਉਨ੍ਹਾਂ ਨੇ ਦਾਅਵੇ ਨਾਲ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਅੰਮ੍ਰਿਤਸਰ ਵਾਸਤੇ ਐਲਾਨੇ ਗਏ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਹਲਕਾ ਮਜੀਠਾ ਤੋਂ ਵੋਟਾਂ ਦੇ ਵੱਡੇ ਫਰਕ ਨਾਲ ਜਿਤਾ ਕੇ ਕੇਂਦਰ ਸਰਕਾਰ ਵਿਚ ਭੇਜਿਆ ਜਾਵੇਗਾ।ਇਸ ਮੌਕੇ ਪ੍ਰਦੀਪ ਸਿੰਘ ਭੁੱਲਰ ਦੇ ਨਾਲ ਜ਼ਿਲ੍ਹਾ ਜਨਰਲ ਸਕੱਤਰ ਰਾਕੇਸ਼ ਕੁਮਾਰ ਅਰੋੜਾ, ਸਕੱਤਰ ਜਸਬੀਰ ਸਿੰਘ, ਮੰਡਲ ਪ੍ਰਧਾਨ ਅਰੁਨ ਨੰਦਾ, ਕੁਲਵਿੰਦਰ ਸਿੰਘ, ਡਾ: ਸੁਖਵਿੰਦਰ ਸਿੰਘ, ਅਕਾਸ਼ਦੀਪ ਸਿੰਘ, ਵਿਨੋਦ ਕੁਮਾਰ ਸਾਰੇ ਮੰਡਲ ਪ੍ਰਧਾਨ, ਕੁਲਵੰਤ ਰਾਏ ਮੀਤ ਪ੍ਰਧਾਨ, ਸੁਖਦੇਵ ਸਿੰਘ ਜਨਰਲ ਸਕੱਤਰ, ਅਭਿਲੇਸ਼ ਕੁਮਾਰ, ਸਵਿੰਦਰ ਸਿੰਘ ਚੌਹਾਨ ਮੀਤ ਪ੍ਰਧਾਨ, ਧਰਮ ਪਾਲ, ਨਵਲ ਕੁਮਾਰ, ਸੁਰਿੰਦਰ ਸਿੰਘ ਲਾਲੀ ਪ੍ਰਧਾਨ ਕਿਸਾਨ ਮੋਰਚਾ, ਦਲਬੀਰ ਸਿੰਘ, ਸਲਾਮਤ ਮਸੀਹ, ਕਰਮਜੀਤ ਸਿੰਘ, ਗੋਪੀ ਮਜੀਠਾ ਆਦਿ ਹਾਜ਼ਰ ਸਨ।

# ਪੁੱਤ ਦੇ ਕੈਨੇਡਾ ਜਾਣ ਦੀ ਖੁਸ਼ੀ 'ਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਿੰਡ ਲਾਲੂਘੁੰਮਣ ਦੇ ਕਾਂਗਰਸੀ ਆਗੂ ਪ੍ਰਮਜੀਤ ਸਿੰਘ ਨੇ ਦੱਸਿਆ ਕਿ ਸਾਡਾ ਲੜਕਾ ਜੁਗਰਾਜ ਸਿੰਘ ਜੋ ਸਤਿਗੁਰਾਂ ਦੀ ਅਪਾਰ ਕ੍ਰਿਪਾ ਨਾਲ ਕੈਨੇਡਾ ਗਿਆ, ਦੀ ਖੁਸ਼ੀ 'ਚ ਗੁਰਦੁਆਰਾ ਬਾਬਾ ਸ਼ਹੀਦਾਂ ਸਿੰਘਾਂ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ।ਕਥਾਵਾਚਕ ਭਾਈ ਮਹਿਲ ਸਿੰਘ ਨੇ ਧੰਨ-ਧੰਨ ਬਾਬਾ ਬੁੱਢਾ ਸਾਹਿਬ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਜੀਵਨ ਕਥਾ ਸਰਵਣ ਕਰਵਾ ਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਇਸ ਮੌਕੇ ਉਚੇਚੇ ਤੌਰ 'ਤੇ ਹਲਕਾ ਤਰਨ ਤਾਰਨ ਦੇ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ, ਝਬਾਲ ਤੋਂ ਸੀਨੀਅਰ ਕਾਂਗਰਸੀ ਆਗੂ ਬਿਕਰਮ ਸਿੰਘ ਢਿੱਲੋਂ, ਪੱਤਰਕਾਰ ਤੇਜਿੰਦਰ ਸਿੰਘ ਬੱਬੂ ਨੇ ਹਾਜ਼ਰੀ ਭਰੀ। ਹੋਰ ਕਾਂਗਰਸ ਸੀਨੀਅਰ ਆਗੂ ਮਨਿੰਦਰਪਾਲ ਸਿੰਘ ਪਲਾਸੌਰ, ਗੁਰਪ੍ਰਤਾਪ ਸਿੰਘ ਪਲਾਸੌਰ, ਸੀਨੀਅਰ ਕਾਂਗਰਸੀ ਆਗੂ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੇ ਵੀ ਇਸ ਖੁਸ਼ੀ ਦੇ ਪਲਾਂ 'ਚ ਸ਼ਿਰਕਤ ਕੀਤੀ। ਇਸ ਮੌਕੇ ਪਰਮਜੀਤ ਸਿੰਘ ਚੇਅਰਮੈਨ ਵੱਲੋਂ ਆਏ ਲੀਡਰ ਸਾਹਿਬਾਨ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਰਾਜ ਸਿੰਘ, ਗੁਰਵੰਤ ਸਿੰਘ ਢਿੱਲੋਂ, ਗੁਰਮੀਤ ਸਿੰਘ, ਬਲਵਿੰਦਰ ਸਿੰਘ ਢਿੱਲੋਂ, ਹਰਪ੍ਰੀਤ ਸਿੰਘ, ਮੁੱਖ ਸੇਵਾਦਾਰ ਬਾਬਾ ਪ੍ਰਿੰਸ ਸਿੰਘ, ਹਰਜੀਤ ਸਿੰਘ ਲਾਲੂਘੁੰਮਣ, ਦਿਲਬਾਗ ਸਿੰਘ ਮਾੜੀਵਾਲਾ, ਲਵਲੀ ਸਿੱਧਵਾਂ ਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

# ਜੀਐੱਨਡੀਯੂ 'ਚ ਅੰਤਰ-ਵਿਭਾਗੀ ਕਲਾ ਮੁਕਾਬਲੇ ਜਸ਼ਨ-2024 ਜੋਸ਼ੋ-ਖਰੋਸ਼ ਨਾਲ ਸ਼ੁਰੂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਦਾ ਅੰਤਰ-ਵਿਭਾਗੀ ਚਾਰ ਰੋਜ਼ਾ ਸੱਭਿਆਚਾਰਕ ਉਤਸਵ ਜਸ਼ਨ-2024, ਜਿਸ ਦੀ ਕੈਂਪਸ ਵਿਦਿਆਰਥੀਆਂ ਨੂੰ ਸਾਰਾ ਸਾਲ ਉਡੀਕ ਰਹਿੰਦੀ ਹੈ। ਅੱਜ ਇੱਥੇ ਦਸਮੇਸ਼ ਆਡੀਟੋਰੀਅਮ ਵਿਖੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: (ਡਾ.) ਜਸਪਾਲ ਸਿੰਘ ਸੰਧੂ ਦੀ ਅਗਵਾਈ ਹੇਠ ਸ਼ੁਰੂ ਹੋਇਆ।11 ਅਪ੍ਰੈਲ ਤਕ ਚੱਲਣ ਵਾਲੇ ਇਸ ਜਸ਼ਨ ਵਿਚ ਯੂਨੀਵਰਸਿਟੀ ਦੇ 40 ਵਿਭਾਗਾਂ ਦੇ ਵਿਦਿਆਰਥੀ-ਕਲਾਕਾਰ ਇਸ ਚਾਰ ਰੋਜ਼ਾ ਸਮਾਗਮ ਵਿੱਚ ਭਾਗ ਲੈ ਰਹੇ ਹਨ।ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਇਹ ਯੁਵਕ ਮੇਲਾ ਪ੍ਰਤਿਭਾ ਦੀ ਖੋਜ, ਉਸ ਨੂੰ ਨਿਖਾਰਨ ਅਤੇ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ।ਗੁਰੂ ਨਾਨਕ ਦੇਵ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਹ ਮੇਲਾ ਯੂਨੀਵਰਸਿਟੀ ਦੀ ਵਚਨਬੱਧਤਾ ਦਾ ਅਹਿਮ ਹਿੱਸਾ ਹੈ।ਜਸ਼ਨ ਦੇ ਆਰੰਭ ਦੇ ਜਸ਼ਨਾਂ ਵਿਚ ਮੇਜਰ ਜਨਰਲ ਮੁਕੇਸ਼ ਸ਼ਰਮਾ, ਜੀ.ਓ.ਸੀ. 15 ਇਨਫੈਂਟਰੀ ਡਿਵੀਜ਼ਨ, ਅੰਮ੍ਰਿਤਸਰ ਕੈਂਟ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਰਸਮੀ ਤੌਰ 'ਤੇ ਦੀਪ ਜਗਾ ਕੇ ਮੇਲੇ ਦਾ ਉਦਘਾਟਨ ਕੀਤਾ।ਪ੍ਰੋ. ਪ੍ਰੀਤ ਮਹਿੰਦਰ ਸਿੰਘ ਬੇਦੀ, ਡੀਨ, ਵਿਦਿਆਰਥੀ ਭਲਾਈ ਨੇ ਮੇਜਰ ਜਨਰਲ ਸ਼ਰਮਾ ਅਤੇ ਰਾਕੇਸ਼ ਸ਼ਰਮਾ, ਬ੍ਰਿਗੇਡੀਅਰ ਅਤੇ ਰਵਿੰਦਰ, ਕਰਨਲ ਅਤੇ ਥਾਮਸ ਜੌਹਨ, ਕਰਨਲ ਅਤੇ ਸੰਦੀਪ ਕੁਮਾਰ, ਕਰਨਲ ਅਤੇ ਮਿਲਨ ਪਾਂਡੇ ਅਤੇ ਹੋਰ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ।ਇਸ ਮੌਕੇ ਯੁਵਕ ਭਲਾਈ ਵਿਭਾਗ ਦੇ ਇੰਚਾਰਜ, ਡਾ. ਅਮਨਦੀਪ ਸਿੰਘ, ਯੂਨੀਵਰਸਿਟੀ ਕਲਚਰਲ ਕਮੇਟੀ ਦੇ ਮੈਂਬਰ, ਵਿਦਿਆਰਥੀ, ਫੈਕਲਟੀ ਮੈਂਬਰ ਅਤੇ ਅਧਿਕਾਰੀ ਹਾਜ਼ਰ ਸਨ। ਪ੍ਰੋ. ਬੇਦੀ ਨੇ ਆਪਣੇ ਸਵਾਗਤੀ ਭਾਸ਼ਣ ਵਿਚ ਕਿਹਾ ਕਿ ਯੂਨੀਵਰਸਿਟੀ ਖੋਜ, ਅਕਾਦਮਿਕ, ਖੇਡਾਂ, ਕਲਾ ਅਤੇ ਹੋਰ ਨਿਵੇਕਲੀ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਅੰਦਰੂਨੀ ਗੁਣਾਂ ਨੂੰ ਨਿਖਾਰਨ ਲਈ ਵਚਨਬੱਧ ਹੈ। ਮੇਜਰ ਜਨਰਲ ਮੁਕੇਸ਼ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੱਭਿਆਚਾਰਕ ਅਤੇ ਕਲਾਤਮਕ ਗਤੀਵਿਧੀਆਂ ਦੇ ਕਈ ਵਿਹਾਰਕ ਪ੍ਰਭਾਵ ਹੁੰਦੇ ਹਨ।ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਨਾਲ ਵਿਦਿਆਰਥੀ ਵਧੇਰੇ ਜੋਸ਼ੀਲੇ ਅਤੇ ਵਧੇਰੇ ਆਤਮ ਵਿਸ਼ਵਾਸੀ ਬਣਦੇ ਹਨ।ਮੇਜਰ ਜਨਰਲ ਮੁਕੇਸ਼ ਸ਼ਰਮਾ ਨੇ ਵਿਦਿਆਰਥੀ ਕਲਾਕਾਰਾਂ ਨੂੰ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਰਸਮੀ ਪੜ੍ਹਾਈ ਦੇ ਨਾਲ-ਨਾਲ ਇਨ੍ਹਾਂ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ।ਪਹਿਲੇ ਦਿਨ ਦਸਮੇਸ਼ ਆਡੀਟੋਰੀਅਮ ਵਿੱਚ ਭੰਗੜਾ, ਗੀਤ ਗਜ਼ਲ, ਲੋਕ ਗੀਤ ਦੇ ਮੁਕਾਬਲੇ ਕਰਵਾਏ ਗਏ ਅਤੇ ਗੁਰੂ ਨਾਨਕ ਭਵਨ ਆਡੀਟੋਰੀਅਮ ਵਿੱਚ ਸ਼ਬਦ/ਭਜਨ, ਵੈਸਟਰਨ ਵੋਕਲ, ਇੰਸਟਰੂਮੈਂਟਲ (ਪਰਕਸ਼ਨ), ਇੰਸਟਰੂਮੈਂਟਲ (ਨਾਨ ਪਰਕਸ਼ਨ) ਦੇ ਮੁਕਾਬਲੇ ਕਰਵਾਏ ਗਏ।9 ਅਪ੍ਰੈਲ ਨੂੰ ਦਸਮੇਸ਼ ਆਡੀਟੋਰੀਅਮ ਵਿੱਚ ਮਿਮਿਕਰੀ, ਨਾਟਕ ਅਤੇ ਸਕਿੱਟ ਦੇ ਮੁਕਾਬਲੇ ਕਰਵਾਏ ਜਾਣਗੇ ਅਤੇ ਯੂਨੀਵਰਸਿਟੀ ਦੇ ਕਾਨਫਰੰਸ ਹਾਲ ਵਿੱਚ ਕੁਇਜ਼ ਅਤੇ ਡਿਬੇਟ ਦੀਆਂ ਆਈਟਮਾਂ ਕਰਵਾਈਆਂ ਜਾਣਗੀਆਂ। ਇਸ ਦਿਨ ਕੋਲਾਜ, ਕਾਰਟੂਨਿੰਗ, ਰੰਗੋਲੀ, ਪੋਸਟਰ ਮੇਕਿੰਗ, ਪੇਂਟਿੰਗ ਆਨ ਦਾ ਸਪਾਟ, ਆਨ ਦਾ ਸਪਾਟ ਥੀਮ ਫੋਟੋਗ੍ਰਾਫੀ, ਫਲਾਵਰ ਅਰੇਜਮੈਂਟ, ਮਹਿੰਦੀ ਮੁਕਾਬਲੇ ਅਤੇ ਕਲੇ ਮਾਡਲਿੰਗ ਦੇ ਮੁਕਾਬਲੇ ਕਰਵਾਏ ਜਾਣਗੇ।ਵੈਸਟਰਨ ਗਰੁੱਪ ਡਾਂਸ, ਕ੍ਰਿਏਟਿਵ ਗਰੁੱਪ ਡਾਂਸ ਅਤੇ ਕੋਰੀਓਗ੍ਰਾਫੀ ਦੀਆਂ ਆਈਟਮਾਂ ਦਾ ਆਯੋਜਨ ਦਸਮੇਸ਼ ਆਡੀਟੋਰੀਅਮ ਵਿੱਚ ਹੋਵੇਗਾ ਅਤੇ 10 ਅਪ੍ਰੈਲ ਨੂੰ ਕਾਨਫਰੰਸ ਹਾਲ ਵਿੱਚ ਪੋਇਟੀਕਲ ਸਿੰਪੋਜ਼ੀਅਮ ਅਤੇ ਐਕਸਟੈਂਪੋਰ ਦਾ ਆਯੋਜਨ ਕੀਤਾ ਜਾਵੇਗਾ।ਇਸ ਦਿਨ ਗੁਰੂ ਨਾਨਕ ਭਵਨ ਆਡੀਟੋਰੀਅਮ ਵਿੱਚ ਲਘੂ ਫਿਲਮ ਮੇਕਿੰਗ ਮੁਕਾਬਲੇ ਹੋਣਗੇ।ਆਖਰੀ ਦਿਨ 11 ਅਪ੍ਰੈਲ ਨੂੰ ਯੂਨੀਵਰਸਿਟੀ ਦੇ ਦਸਮੇਸ਼ ਆਡੀਟੋਰੀਅਮ ਵਿੱਚ ਡਾਂਸ ਟੂ ਟਿਊਨ, ਗਿੱਧਾ ਅਤੇ ਇਨਾਮ ਵੰਡ ਸਮਾਗਮ ਹੋਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਵੀ ਹਾਜ਼ਰ ਸਨ। ਪ੍ਰੋ. ਪ੍ਰੀਤ ਮਹਿੰਦਰ ਸਿੰਘ ਬੇਦੀ, ਡੀਨ, ਵਿਦਿਆਰਥੀ ਭਲਾਈ ਨੂੰ ਯੂਨੀਵਰਸਿਟੀ ਵਿੱਚ ਚੋਣ ਸਾਖਰਤਾ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਿਤ ਕੀਤਾ ਗਿਆ।

# ਸੈਦੋ ਲੇਹਲ ਦੇ ਸ੍ਰੀ ਗੁਰੂ ਹਰਗੋਬਿੰਦ ਸੀਨੀ. ਸੈਕੰ. ਸਕੂਲ ਦਾ ਨਤੀਜਾ ਆਇਆ ਮਾਣਮੱਤਾ




**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਅੱਡਾ ਸੈਦੋ ਲੇਹਲ ਖੁਜਾਲਾ ਮਹਿਤਾ ਰੋਡ ਦਾ ਬੋਰਡ ਦੀਆਂ ਕਲਾਸਾਂ ਨੂੰ ਛੱਡ ਕੇ ਬਾਕੀ ਕਲਾਸਾਂ ਦਾ ਨਤੀਜਾ 100% ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁੰਮਟਾਲਾ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ +2 ਦੀ ਪ੍ਰੀਖਿਆ ਲਈ ਗਈ ਹੈ ਜਿਸ ਦਾ ਨਤੀਜਾ ਆਉਣਾ ਅਜੇ ਬਾਕੀ ਹੈ ਜਦਕਿ ਸਕੂਲ ਵੱਲੋਂ ਲਈ ਗਈ ਬਾਕੀ ਕਲਾਸਾਂ ਦੀ ਪ੍ਰੀਖਿਆ ਦੇ ਐਲਾਨ ਕੀਤੇ ਨਤੀਜੇ ਵਿੱਚ ਸਕੂਲ ਦੇ ਸਾਰੇ ਹੀ ਬੱਚੇ ਚੰਗੀਆਂ ਪੁਜ਼ੀਸ਼ਨਾਂ ਲੈ ਕੇ ਪਾਸ ਹੋਏ ਹਨ। ਜਿਨ੍ਹਾਂ ਬੱਚਿਆਂ ਨੇ ਪਹਿਲੀ ਦੂਜੀ ਅਤੇ ਤੀਸਰੀ ਪੁਜ਼ੀਸ਼ਨ ਲਈ ਹੈ, ਨੂੰ ਅੱਜ ਸਕੂਲ ਵਿੱਚ ਕੀਤੇ ਗਏ ਬੜੇ ਸਾਦੇ ਜਿਹੇ ਅਤੇ ਪ੍ਰਭਾਵਸ਼ਾਲੀ ਸਮਾਗਮ ਕਰਕੇ ਟਰਾਫੀਆਂ, ਸਰਟੀਫਿਕੇਟ ਤੇ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਅਤੇ ਪ੍ਰਿੰਸੀਪਲ ਮੈਡਮ ਬਲਵਿੰਦਰ ਕੌਰ ਨੇ ਬੱਚਿਆਂ ਨੂੰ ਹੋਰ ਵੀ ਮਿਹਨਤ ਅਤੇ ਤਨਦੇਹੀ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਉਨ੍ਹਾਂ ਇਸ ਸ਼ਾਨਦਾਰ ਨਤੀਜੇ ਲਈ ਸਕੂਲ ਦੇ ਮਿਹਨਤੀ ਸਟਾਫ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੇ ਸਮੁੱਚੇ ਸਟਾਫ ਤੋਂ ਇਲਾਵਾ ਬੱਚਿਆਂ ਦੇ ਮਾਪੇ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 16 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਵਿਅਕਤੀ ਗ੍ਰਿਫਤਾਰ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਾਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏਐੱਸਆਈ ਗੁਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਮੁੱਖਬਰ ਦੀ ਇਤਲਾਹ 'ਤੇ ਰਵਿੰਦਰ ਕੁਮਾਰ ਪੁੱਤਰ ਖਜਾਨ ਚੰਦ ਵਾਸੀ ਕਾਦਰੀ ਮੁਹੱਲਾ ਗੁਰਦਾਸਪੁਰ ਦੀ ਦੁਕਾਨ ਕਲਾਨੌਰ ਰੋਡ ਚੌਕ ਗੁਰਦਾਸਪੁਰ ਵਿਖੇ ਰੇਡ ਕਰਕੇ ਰਵਿੰਦਰ ਕੁਮਾਰ ਨੂੰ 16 ਬੋਤਲਾਂ ਸ਼ਰਾਬ ਠੇਕਾ ਮਾਰਕਾ ਰੋਇਲ ਸਟੈਗ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ ਉਪਰ ਸੋਲਰ ਲਾਈਟਾਂ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੀ ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ 'ਤੇ ਲੱਗੀਆਂ ਸੋਲਰ ਲਾਈਟਾਂ ਰਾਤ ਨੂੰ ਨਾ ਜਗਣ ਕਾਰਨ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਜਿਸ ਕਾਰਨ ਇਲਾਕਾ ਵਾਸੀਆਂ ਦਾ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਵੱਲੋਂ ਧਿਆਨ ਨਾ ਦੇਣ ਕਰਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਸਾਲ ਪਹਿਲਾ ਨਹਿਰ ਅਪਰਬਾਰੀ ਦੁਆਬ ਤੇ ਕਸੂਰ ਬਰਾਂਚ ਨਹਿਰ ਨੂੰ ਜਾਣ ਵਾਸਤੇ ਇਕ ਹੀ ਪੁਲ ਬਣਾਇਆ ਗਿਆ ਸੀ ਅਤੇ ਰਾਤ ਨੂੰ ਰੌਸ਼ਨੀ ਵਾਸਤੇ ਸੋਲਰ ਲਾਈਆਂ ਦੇ ਕਰੀਬ 18 ਪੋਲ ਲਗਾਏ ਗਏ ਸੀ ਜੋ ਕੁਝ ਸਮੇਂ ਬਾਅਦ ਹੀ ਲਾਈਟਾਂ ਜਗਣੋਂ ਬੰਦ ਹੋ ਗਈਆਂ ਅਤੇ ਖੰਭੇ ਵੀ ਟੁੱਟ-ਭੱਜ ਗਏ ਸਨ। ਹੁਣ ਇਹ ਪੋਲ ਟੁੱਟੇ ਭੱਜੇ ਜਿੱਥੇ ਨਜ਼ਰ ਆਉਂਦੇ ਹਨ ਉਥੇ ਹੀ ਇਨ੍ਹਾਂ ਪੁਲਾਂ 'ਤੇ ਲੱਗੀਆਂ ਬੈਟਰੀਆਂ ਵੀ ਗਾਇਬ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਨਹਿਰ 'ਤੇ ਬਣੇ ਪੁਲ ਰਾਹੀਂ ਰੋਜ਼ਾਨਾ ਦਿਨ-ਰਾਤ ਸੈਂਕੜਿਆਂ ਦੀ ਗਿਣਤੀ ਵਿਚ ਛੋਟੇ ਵੱਡੇ ਵਾਹਨ ਦਿੱਲੀ, ਜਲੰਧਰ, ਚੰਡੀਗੜ੍ਹ ਆਦਿ ਸ਼ਹਿਰਾਂ ਤੋਂ ਇਲਾਵਾ ਜੰਮੂ-ਸ੍ਰੀਨਗਰ ਨੂੰ ਵੀ ਆਉਂਦੇ ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਪੁਲ 'ਤੇ ਰਾਤ ਸਮੇਂ ਹਨੇਰਾ ਹੋਣ ਕਾਰਨ ਕਈ ਵਾਰ ਦੋ ਪਹੀਆ ਵਾਹਨ ਆਪਸ ਵਿਚ ਟਕਰਾ ਕੇ ਹਾਦਸਾਗ੍ਰਸਤ ਹੋ ਚੁੱਕੇ ਹਨ ਅਤੇ ਵੱਡੇ ਵਾਹਨਾਂ ਦਾ ਵੀ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਲਾਕਾ ਵਾਸੀਆਂ ਨੇ ਗੁਰਦਾਸਪੁਰ ਪ੍ਰਸ਼ਾਸਨ ਅਤੇ ਨਹਿਰੀ ਵਿਭਾਗ ਦੇ ਉੱਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਪੁਲ 'ਤੇ ਬੰਦ ਅਤੇ ਖ਼ਰਾਬ ਹੋਈਆਂ ਲਾਈਟਾਂ ਨੂੰ ਚਾਲੂ ਕੀਤਾ ਜਾਵੇ।

# ਨਗਰ ਪੰਚਾਇਤ ਪ੍ਰਧਾਨ ਦੀਪਕ ਅਰੋੜਾ ਵੱਲੋਂ ਡੀ ਆਈ ਜੀ ਕੌਸ਼ਲ ਸਨਮਾਨਿਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਨਗਰ ਪੰਚਾਇਤ ਅਜਨਾਲਾ ਦੇ ਸਾਬਕਾ ਪ੍ਰਧਾਨ ਦੀਪਕ ਅਰੋੜਾ ਵੱਲੋਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਅੰਮ੍ਰਿਤਸਰ ਬਾਰਡਰ ਰੇਂਜ ਦੇ ਡੀਆਈਜੀ ਦੀਪਕ ਕੌਸ਼ਲ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਸਨਮਾਨਿਤ ਕਰਨ ਮੌਕੇ ਦੀਪਕ ਅਰੋੜਾ ਨੇ ਦੱਸਿਆ ਕਿ ਇਹੋ ਜਿਹੇ ਇਮਾਨਦਾਰ ਅਫਸਰ ਪੰਜਾਬ ਵਿੱਚ ਬਹੁਤ ਘੱਟ ਹਨ ਜੋ ਹਮੇਸ਼ਾ ਲੋਕ-ਨਿਆਂ ਅਤੇ ਸੇਵਾਵਾਂ 'ਚ ਪਾਰਦਰਸ਼ਤਾ ਨੂੰ ਤਰਜੀਹ ਦਿੰਦੇ ਹਨ। ਇਹ ਸਨਮਾਨ ਡੀਆਈਜੀ ਸਾਹਿਬ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਵਧੀਆ ਸੇਵਾਵਾਂ ਦੇਣ ਕਰਕੇ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਗਮ ਅਰੋੜਾ, ਦਾਨਿਸ਼ ਧਾਮੀ, ਪ੍ਰਿੰਸ ਜੈਨ ਆਦਿ ਹਾਜ਼ਰ ਸਨ।

# ਪੰਜਾਬ ਨੈਸ਼ਨਲ ਬੈਂਕ ਤਰਸਿੱਕਾ ਦੇ ਬਾਹਰੋਂ ਮੋਟਰਸਾਈਕਲ ਚੋਰੀ



**ਤਰਸਿੱਕਾ, ਤਰਸੇਮ ਸਿੰਘ ਸਾਧਪੁਰ)**—ਪੰਜਾਬ ਨੈਸ਼ਨਲ ਬੈਂਕ ਤਰਸਿੱਕਾ ਵਿੱਚ ਨੌਕਰੀ ਕਰਦੇ ਇੱਕ ਮੁਲਾਜ਼ਮ ਦਾ ਬੈਂਕ ਦੇ ਬਾਹਰ ਲੱਗਾ ਮੋਟਰਸਾਈਕਲ ਚੋਰੀ ਕਰ ਲਿਆ ਗਿਆ ਜਿਸ ਦਾ ਅੱਜ ਤੱਕ ਪੁਲਸ ਸੁਰਾਗ ਲਾਉਣ ਵਿੱਚ ਨਾਕਾਮ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਕੀਰਤ ਸਿੰਘ ਪੁੱਤਰ ਮਿਲਖਾ ਸਿੰਘ ਵਾਸੀ ਪਿੰਡ ਸਾਧਪੁਰ ਨੇ ਦੱਸਿਆ ਕਿ ਉਹ ਪੰਜਾਬ ਨੈਸ਼ਨਲ ਬੈਂਕ ਵਿੱਚ ਬੀਸੀ ਵਜੋਂ ਨੌਕਰੀ ਕਰਦਾ ਹੈ ਅਤੇ ਰੋਜ਼ਾਨਾ ਹੀ ਆਪਣੀ ਡਿਊਟੀ 'ਤੇ ਆਉਂਦਾ ਹੈ। ਬੀਤੇ ਕੱਲ ਕਰੀਬ 10 ਕੁ ਵਜੇ ਜਦੋਂ ਬੈਂਕ ਵਿੱਚ ਆਇਆ ਤਾਂ ਬਾਹਰ ਉਸਨੇ ਆਪਣਾ ਮੋਟਰਸਾਈਕਲ ਬਜਾਜ ਸੀਟੀ-100 ਨੰਬਰ 4729 ਲਗਾ ਦਿੱਤਾ।ਜਦੋਂ 2 ਵਜੇ ਲੰਚ ਟਾਈਮ ਤੇ ਉਹ ਬਾਹਰ ਆਇਆ ਤਾਂ ਉਸ ਦਾ ਮੋਟਰਸਾਈਕਲ ਗਾਇਬ ਹੋ ਚੁੱਕਾ ਸੀ ਜਿਸ ਦੀ ਆਲੇ-ਦੁਆਲੇ ਭਾਲ ਕੀਤੀ ਗਈ ਪਰ ਕਿਧਰੇ ਨਹੀਂ ਮਿਲਿਆ ਜਿਸ ਸਬੰਧੀ ਗੁਰਕੀਰਤ ਸਿੰਘ ਵੱਲੋਂ ਥਾਣਾ ਤਰਸਿੱਕਾ ਵਿੱਚ ਰਿਪੋਰਟ ਦੇ ਕੇ ਮੋਟਰਸਾਈਕਲ ਅਤੇ ਚੋਰਾਂ ਨੂੰ ਫੜਨ ਦੀ ਮੰਗ ਕੀਤੀ ਗਈ ਹੈ। ਵਰਨਣਯੋਗ ਹੈ ਕਿ ਇਸ ਤੋਂ ਬਾਅਦ ਵੀ ਥਾਣਾ ਤਰਸਿੱਕਾ ਵਿੱਚ ਕਈ ਚੋਰੀ ਦੀਆਂ ਵਾਰਦਾਤਾਂ ਹੋ ਚੁੱਕੀਆਂ ਹਨ ਪਰ ਸਿੱਕਾ ਪੁਲਸ ਅੱਖਾਂ ਬੰਦ ਕਰਕੇ ਟਾਈਮ ਪਾਸ ਕਰ ਰਹੀ ਹੈ।

# ਦਾਜ 'ਚ ਬੁਲਟ ਮੋਟਰਸਾਈਕਲ ਮੰਗਣ ਵਾਲੇ ਪਤੀ ਤੇ ਸੱਸ ਵਿਰੁੱਧ ਕੇਸ ਦਰਜ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਥਾਣਾ ਧਾਰੀਵਾਲ ਦੀ ਪੁਲਸ ਨੇ ਇਕ ਵਿਆਹੁਤਾ ਨੂੰ ਦਾਜ ਦੀ ਖਾਤਰ ਤੰਗ-ਪ੍ਰੇਸ਼ਾਨ ਕਰਨ ਅਤੇ ਦਾਜ ਵਿੱਚ ਬੁੱਲਟ ਮੋਟਰਸਾਈਕਲ ਦੀ ਮੰਗ ਕਰਨ ਵਾਲੇ ਉਸ ਦੇ ਪਤੀ ਅਤੇ ਸੱਸ ਵਿਰੁੱਧ ਕੇਸ ਦਰਜ ਕੀਤਾ ਹੈ। ਹਰਵਿੰਦਰ ਕੌਰ ਪੁੱਤਰੀ ਓਮ ਪ੍ਰਕਾਸ਼ ਵਾਸੀ ਜਾਪੂਵਾਲ, ਧਾਰੀਵਾਲ ਨੇ ਇਨਸਾਫ ਦੀ ਮੰਗ ਕਰਦਿਆਂ ਉੱਚ ਪੁਲਸ ਅਧਿਕਾਰੀਆਂ ਨੂੰ ਦੱਸਿਆ ਕਿ ਉਸਦੀ ਸ਼ਾਦੀ 8 ਦਸੰਬਰ 2019 ਨੂੰ ਸੰਦੀਪ ਕੁਮਾਰ ਪੁੱਤਰ ਪ੍ਰੀਤਮ ਦਾਸ ਵਾਸੀ ਭੁੰਬਲੀ, ਥਾਣਾ ਤਿੱਬੜ ਨਾਲ ਹੋਈ ਸੀ। ਵਿਆਹ ਤੋਂ ਬਾਅਦ ਉਸਦਾ ਪਤੀ ਸੰਦੀਪ ਕੁਮਾਰ ਅਤੇ ਸੱਸ ਰਤਨ ਕੌਰ ਦਹੇਜ ਦੀ ਖਾਤਰ ਉਸ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗ ਪਏ ਅਤੇ ਦਾਜ ਵਿੱਚ ਬੁਲਟ ਮੋਟਰਸਾਈਕਲ ਦੀ ਮੰਗ ਕਰਦੇ ਸਨ। ਉਸ (ਹਰਵਿੰਦਰ ਕੌਰ) ਦੇ ਮਾਪਿਆਂ ਵਲੋਂ ਦਿੱਤਾ ਇਸਤਰੀ ਧਨ ਵੀ ਉਨ੍ਹਾਂ ਨੇ ਆਪਣੀ ਵਰਤੋਂ ਵਿੱਚ ਲਿਆ ਕੇ ਖੁਰਦ-ਬੁਰਦ ਕਰ ਦਿੱਤਾ ਹੈ। ਉਹ ਪਿਛਲੇ 9 ਮਹੀਨੇ ਤੋਂ ਆਪਣੀ ਤਿੰਨ ਸਾਲ ਦੀ ਬੱਚੀ ਨਾਲ ਆਪਣੇ ਪੇਕੇ ਘਰ ਰਹਿ ਰਹੀ ਹੈ। ਥਾਣਾ ਧਾਰੀਵਾਲ ਦੇ ਏਐੱਸਆਈ ਯੂਸਫ ਮਸੀਹ ਨੇ ਦੱਸਿਆ ਕਿ ਇਸ ਮਾਮਲੇ ਦੀ ਇਨਕੁਆਰੀ ਉਪ ਕਪਤਾਨ ਪੁਲਸ (ਸੀਏਡਬਲਯੂ) ਗੁਰਦਾਸਪੁਰ ਦੁਆਰਾ ਕਰਨ ਦੇ ਬਾਅਦ ਹਰਵਿੰਦਰ ਕੌਰ ਦੇ ਬਿਆਨਾਂ ਅਨੁਸਾਰ ਉਸਦੇ ਪਤੀ ਸੰਦੀਪ ਕੁਮਾਰ ਤੇ ਸੱਸ ਰਤਨ ਕੌਰ ਵਿਰੁੱਧ ਧਾਰਾ 498-ਏ, 406 ਭ.ਦ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਪਿੰਡ ਰਣੀਆ ਦੀ ਹਵੇਲੀ 'ਚੋਂ ਡੋਡਿਆਂ ਦੇ 29 ਕਿੱਲੋ 200 ਗ੍ਰਾਮ ਹਰੇ ਬੂਟੇ ਬਰਾਮਦ

## ਹਵੇਲੀ ਦੇ ਮਾਲਕ ਤੇ ਉਸਦੇ ਨੌਕਰ ਵਿਰੁੱਧ ਕੇਸ ਦਰਜ; ਨੌਕਰ ਡੋਡਿਆਂ ਸਮੇਤ ਕਾਬੂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਥਾਣਾ ਧਾਰੀਵਾਲ ਦੀ ਪੁਲਸ ਨੇ ਪਿੰਡ ਰਣੀਆ ਦੀ ਇਕ ਹਵੇਲੀ ਵਿੱਚੋਂ ਡੋਡਿਆਂ ਦੇ 29 ਕਿੱਲੋ 200 ਗ੍ਰਾਮ ਹਰੇ ਬੂਟੇ ਬਰਾਮਦ ਕਰਕੇ ਦੋ ਵਿਅਕਤੀਆਂ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਸਬ-ਇਸਪੈਕਟਰ ਬਲਦੇਵ ਸਿੰਘ ਨੇ ਦੱਸਿਆ ਕਿ ਹਵੇਲੀ ਦਾ ਮਾਲਕ ਆਪਣੇ ਨੌਕਰ ਨਾਲ ਰਲ ਕੇ ਆਪਣੀ ਹਵੇਲੀ ਦੇ ਨਾਲ ਆਪਣੀ ਜ਼ਮੀਨ ਵਿੱਚ ਡੋਡਿਆਂ ਦੀ ਖੇਤੀ ਕਰਦਾ ਸੀ ਅਤੇ ਉਸਦੇ ਨੌਕਰ ਕਸ਼ਮੀਰ ਮਸੀਹ ਉਰਫ ਭੋਲਾ ਪੁੱਤਰ ਰਤਨ ਮਸੀਹ ਵਾਸੀ ਸਿੱਧਵਾਂ ਨੂੰ ਮੌਕੇ ਤੋਂ ਡੋਡਿਆਂ ਦੇ 29 ਕਿੱਲੋ 200 ਗ੍ਰਾਮ ਹਰੇ ਬੂਟਿਆਂ ਸਮੇਤ ਕਾਬੂ ਕਰ ਲਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਜਦੋਂ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਗਸ਼ਤ ਸਮੇਂ ਪਿੰਡ ਰਣੀਆ ਵਿਖੇ ਪਹੁੰਚੇ ਤਾਂ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਮਨਦੀਪ ਸਿੰਘ ਉਰਫ ਅਮਨ ਪੁੱਤਰ ਅਜਮੇਰ ਸਿੰਘ ਵਾਸੀ ਰਣੀਆ ਆਪਣੇ ਨੌਕਰ ਕਸਮੀਰ ਮਸੀਹ ਉਰਫ ਭੋਲਾ ਪੁੱਤਰ ਰਤਨ ਮਸੀਹ ਵਾਸੀ ਸਿੱਧਵਾਂ ਨਾਲ ਰਲ ਕੇ ਆਪਣੀ ਹਵੇਲੀ ਦੇ ਨਾਲ ਆਪਣੀ ਜ਼ਮੀਨ ਵਿੱਚ ਡੋਡਿਆਂ ਦੀ ਖੇਤੀ ਕਰਦਾ ਹੈ ਜਿਨ੍ਹਾਂ ਨੇ ਆਪਣੀ ਜ਼ਮੀਨ ਵਿੱਚੋਂ ਡੋਡਿਆਂ ਦੀ ਖੇਤੀ ਦੇ ਬੂਟੇ ਵੱਢ ਕੇ ਆਪਣੀ ਹਵੇਲੀ ਵਿੱਚ ਸੁਕਾਉਣ ਲਈ ਰੱਖੇ ਹੋਏ ਹਨ। ਇਸ ਬਾਰੇ ਇਤਲਾਹ ਮਿਲਣ ਤੇ ਜਦੋਂ ਪੁਲਸ ਪਾਰਟੀ ਸਮੇਤ ਉਨ੍ਹਾਂ ਨੇ ਅਮਨਦੀਪ ਸਿੰਘ ਦੀ ਹਵੇਲੀ ਵਿੱਚ ਰੇਡ ਕੀਤਾ ਉਥੇ ਕਸ਼ਮੀਰ ਮਸੀਹ ਉਰਫ ਭੋਲਾ ਹਾਜ਼ਰ ਮਿਲਿਆ ਅਤੇ ਮੌਕੇ ਤੋਂ ਡੋਡਿਆਂ ਦੇ 29 ਕਿੱਲੋ 200 ਗ੍ਰਾਮ ਹਰੇ ਬੂਟੇ ਬਰਾਮਦ ਹੋਏ। ਪੁਲਸ ਨੇ ਕਸ਼ਮੀਰ ਮਸੀਹ ਉਰਫ ਭੋਲਾ ਅਤੇ ਅਮਨਦੀਪ ਸਿੰਘ ਉਰਫ ਅਮਨ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ ਅਤੇ ਦੋਸ਼ੀ ਕਸ਼ਮੀਰ ਮਸੀਹ ਉਰਫ ਭੋਲਾ ਨੂੰ ਮੌਕੇ ਤੋਂ 29 ਕਿੱਲੋ 200 ਗ੍ਰਾਮ ਡੋਡਿਆਂ ਦੇ ਹਰੇ ਬੂਟਿਆਂ ਸਮੇਤ ਗ੍ਰਿਫਤਾਰ ਕਰ ਲਿਆ ਹੈ।

# ਨਹਿਰੀ ਵਿਭਾਗ ਦੀ ਅਣਦੇਖੀ ਕਾਰਨ ਸਿਲਟ ਇਜੈਕਟਰ ਦੀ ਹਾਲਤ ਖਸਤਾ



**ਗੁਰਦਾਸਪੁਰ, (ਜਨਕ ਮਹਾਜਨ)**-ਮਾਧੋਪੁਰ ਹੈੱਡਵਰਕਸ ਤੋਂ ਨਿਕਲਦੀ ਨਹਿਰ ਅਪਰਬਾਰੀ ਦੋਆਬ ਵਿਚ ਪਾਣੀ ਦਾ ਵਹਾਅ ਠੀਕ ਢੰਗ ਨਾਲ ਰਹਿਣ ਸਬੰਧੀ ਪੁਲ ਗਾਜ਼ੀਕੋਟ ਨੇੜੇ ਕਈ ਸਾਲ ਪਹਿਲਾਂ ਸਿਲਟ ਇਜੈਕਟਰ ਨਹਿਰ ਦਾ ਨਿਰਮਾਣ ਕੀਤਾ ਗਿਆ ਸੀ ਜਿਸ ਨਾਲ ਪਿੰਡ ਜੱਟੂਵਾਲ ਦੇ ਕੋਲ ਛੋਟੀ ਨਹਿਰ ਸਿਲਟ ਇਜੈਕਟਰ ਦਾ ਵੀ ਨਿਰਮਾਣ ਹੋਇਆ ਜਿਸ ਨਾਲ ਇਥੇ ਨਹਿਰ ਕੰਢੇ ਪੋਨੇ ਲਗਾਏ ਗਏ ਸਨ ਜਿਸ ਨਾਲ ਨਹਿਰ ਦੇ ਪਾਣੀ ਵਿਚੋਂ ਰੇਤ ਨਿਕਲ ਕੇ ਇਸ ਸਿਲਟ ਇਜੈਕਟਰ ਵਿਚ ਚਲੀ ਜਾਂਦੀ ਸੀ। ਇਹ ਸਿਲਟ ਇਜੈਕਟਰ ਪਿੰਡ ਜੱਟੂਵਾਲ, ਰਸੂਲਪੁਰ ਟਿੱਬਾ, ਨਡਾਲਾ ਆਦਿ ਤੋਂ ਹੁੰਦਾ ਹੋਇਆ ਦਰਿਆ ਬਿਆਸ ਵੱਲ ਚੱਲ ਜਾਂਦਾ ਹੈ। ਮੌਜੂਦਾ ਸਮੇਂ ਵਿਚ ਨਹਿਰੀ ਵਿਭਾਗ ਦੀ ਅਣਦੇਖੀ ਕਾਰਨ ਇਸ ਸਿਲਟ ਇਜੈਕਟਰ ਦੀ ਹਾਲਤ ਖਸਤਾ ਬਣੀ ਪਈ ਹੈ ਜਦਕਿ ਇਸ ਵਿਚ ਥਾਂ-ਥਾਂ ਲੋਕਾਂ ਨੇ ਕਬਜ਼ੇ ਕਰਕੇ ਇਸ ਵਿਚ ਖੇਤੀ ਆਦਿ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਸਿਲਟ ਇਜੈਕਟਰ ਪੂਰੀ ਤਰ੍ਹਾਂ ਬੰਦ ਹੈ। ਨਹਿਰ ਅਪਰਬਾਰੀ ਦੋਆਬ ਵਿਚੋਂ ਇਸ 'ਚ ਪਾਣੀ ਆਉਣਾ ਬੰਦ ਹੈ ਅਤੇ ਨਹਿਰ ਅਪਰਬਾਰੀ ਦੋਆਬ ਵਿਚੋਂ ਨਿਕਲਦੇ ਇਸ ਸਿਲਟ ਇਜੈਕਟਰ ਸਬੰਧੀ ਹੁਣ ਵੀ ਲੋਹੇ ਦੇ ਜੰਗ ਖਾਦੇ ਗੇਟ ਆਦਿ ਲੱਗੇ ਦਿਖਾਈ ਦਿੰਦੇ ਹਨ, ਜੋ ਨਹਿਰੀ ਵਿਭਾਗ ਵੱਲੋਂ ਅਣਦੇਖੀ ਕਾਰਨ ਬੰਦ ਪਏ ਹਨ। ਇਲਾਕਾ ਵਾਸੀਆਂ ਦੀ ਪੰਜਾਬ ਸਰਕਾਰ ਤੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਪਾਸੋਂ ਮੰਗ ਹੈ ਕਿ ਨਹਿਰ ਅਪਰਬਾਰੀ ਦੋਆਬ ਪੁਲ ਗਾਜ਼ੀਕੋਟ ਨੇੜੇ ਨਹਿਰ ਕੰਢੇ ਪਿੰਡ ਜੱਟੂਵਾਲ ਵਾਲੇ ਪਾਸੇ ਨਿਕਲਦੇ ਸਿਲਟ ਇਜੈਕਟਰ ਦੀ ਸਾਰ ਲਈ ਜਾਵੇ ਅਤੇ ਇਸ ਨੂੰ ਚਾਲੂ ਕੀਤਾ ਜਾਵੇ। ਇਥੇ ਕੀਤੇ ਨਾਜਾਇਜ਼ ਕਬਜ਼ੇ ਵੀ ਛੁਡਵਾਏ ਜਾਣ ਜਿਸ ਨਾਲ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਵਹਾਅ ਠੀਕ ਢੰਗ ਨਾਲ ਹੋ ਸਕੇ। ਜਦ ਇਸ ਸਬੰਧੀ ਨਹਿਰੀ ਵਿਭਾਗ ਦੇ ਐੱਸਡੀਓ ਸੰਜੀਵ ਸ਼ਰਮਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਸਿਲਟ ਇਜੈਕਟਰ ਸਬੰਧੀ ਸਟੇਜ-3 ਸਬੰਧੀ ਪ੍ਰਾਜੈਕਟ ਤਿਆਰ ਕੀਤਾ ਜਾ ਰਿਹਾ ਹੈ ਜਿਸ ਰਾਹੀਂ ਇਸ ਨੂੰ ਰੈਨੋਵੇਟ ਕਰਕੇ ਇਸ ਨੂੰ ਮਾਡਰਨ ਕੀਤਾ ਜਾਵੇਗਾ। ਨਹਿਰ ਅਪਰਬਾਰੀ ਦੋਆਬ ਤੇ ਬਿਜਲੀ ਉਤਪਾਦਨ ਕਰਨ ਦੇ ਇਲਾਵਾ ਰੇਤ ਵਾਲਾ ਪਾਣੀ ਇਸ ਸਿਲਟ ਇਜੈਕਟਰ ਵਿਚ ਪਾਇਆ ਜਾਵੇਗਾ ਅਤੇ ਲੋਕਾਂ ਵਲੋਂ ਜ਼ਮੀਨ 'ਤੇ ਕੀਤੇ ਕਬਜ਼ੇ ਆਪਣੇ ਆਪ ਹਟ ਜਾਣਗੇ।

# ਕਿਸਾਨਾਂ ਨੇ ਰੋਸ ਮਾਰਚ ਕਰਕੇ ਮੋਦੀ ਦਾ ਪੁਤਲਾ ਫੂਕਿਆ



**ਮਜੀਠਾ (ਸੋਇਮ ਆਨੰਦ)**-ਸੂਬਾ ਕਮੇਟੀ ਦੀ ਕਾਲ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਬਲਾਕ ਮਜੀਠਾ ਦੇ ਕਿਸਾਨਾਂ ਵੱਲੋਂ ਪ੍ਰਧਾਨ ਭਗਵੰਤ ਸਿੰਘ ਭੋਮਾ ਦੀ ਅਗਵਾਈ ਵਿੱਚ ਰੋਸ ਮਾਰਚ ਕਰਕੇ ਮਜੀਠਾ ਦੇ ਬੱਸ ਅੱਡੇ ਸਾਹਮਣੇ ਮੋਦੀ ਦਾ ਪੁਤਲਾ ਫੂਕ ਕੇ ਮੁਜ਼ਾਹਰਾ ਕੀਤਾ ਗਿਆ।ਆਗੂਆਂ ਨੇ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦਾ ਕਰਜ਼ਾ ਮੁਆਫ ਕਰਕੇ ਦੇਸ਼ ਦਾ ਟੈਕਸ ਦਾ ਪੈਸਾ ਪਾਰਟੀ ਫੰਡ ਰਾਹੀਂ ਆਪਣੀਆਂ ਜੇਬਾਂ ਵਿੱਚ ਪਾ ਕੇ ਬੀਜੇਪੀ ਸਰਕਾਰ ਦੇਸ਼ ਨੂੰ ਲੁੱਟ ਰਹੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇ ਕੇਂਦਰ ਵਿੱਚ ਤੀਜੀ ਵਾਰ ਵੀ ਬੀਜੇਪੀ ਦੀ ਸਰਕਾਰ ਆ ਗਈ ਤਾਂ ਭਾਰਤ ਵਿੱਚ ਲੋਕਤੰਤਰ ਪੂਰੀ ਤਰਾਂ ਖਤਮ ਹੋ ਜਾਵੇਗਾ।


ਆਗੂਆਂ ਕਿਹਾ ਕਿ ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਕਿਸਾਨੀ ਮੋਰਚੇ ਦੌਰਾਨ ਮੰਨੀਆਂ ਮੰਗਾਂ ਲਾਗੂ ਕੀਤੀਆਂ ਜਾਣ।ਆਗੂਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹੱਕ ਮੰਗਦੇ ਕਿਸਾਨਾਂ 'ਤੇ ਤਸ਼ੱਦਦ ਢਾਹ ਰਹੀ ਹੈ। ਸ਼ੰਭੂ ਬਾਰਡਰ ਦੇ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ ਜਦੋਂਕਿ 450 ਦੇ ਕਰੀਬ ਕਿਸਾਨ ਅੱਖਾਂ, ਬਾਹਾਂ, ਲੱਤਾਂ ਤੇ ਹੋਰ ਅੰਗ ਗਵਾ ਚੁੱਕੇ ਹਨ।ਇਸ ਮੌਕੇ ਭਗਵੰਤ ਸਿੰਘ ਭੋਮਾ, ਅਰਵਿੰਦਰਜੀਤ ਸਿੰਘ ਅਕਾਈ ਪ੍ਰਧਾਨ, ਅਵਤਾਰ ਸਿੰਘ ਫੌਜੀ, ਗੁਰਮੀਤ ਸਿੰਘ ਨੰਬਰਦਾਰ, ਸਾਬਕਾ ਸਰਪੰਚ ਸੁਖਚੈਨ ਸਿੰਘ ਭੋਮਾ, ਹੈੱਡਮਾਸਟਰ ਮਨਜੀਤ ਸਿੰਘ ਭੋਮਾ, ਬਲਦੇਵ ਸਿੰਘ, ਹਰਦੇਵ ਸਿੰਘ, ਕੁਲਦੀਪ ਸਿੰਘ, ਮਲਕੀਤ ਸਿੰਘ, ਆਕਾਸ਼ਦੀਪ ਸਿੰਘ, ਗੁਰਭੇਜ ਸਿੰਘ, ਅਮਰਜੀਤ ਸਿੰਘ, ਕੁਲਦੀਪ ਸਿੰਘ, ਪਰਮਜੀਤ ਸਿੰਘ, ਜਸਵਿੰਦਰ ਸਿੰਘ, ਸੁੱਚਾ ਸਿੰਘ ਡਰਾਈਵਰ, ਬਾਬਾ ਗੁਰਮੁੱਖ ਸਿੰਘ, ਪ੍ਰਗਟ ਸਿੰਘ, ਰਣਜੀਤ ਸਿੰਘ, ਸੰਦੀਪ ਸਿੰਘ, ਗੁਰਸਾਹਿਬ ਸਿੰਘ, ਹਰਨੂਰ ਸਿੰਘ, ਲੱਖਾ ਸਿੰਘ, ਨਵਤੇਜ ਸਿੰਘ, ਪੰਚ ਸੁੱਖ ਭੋਮਾ ਸਮੇਤ ਹੋਰ ਭਾਰੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਸ਼ਾਨਦਾਰ ਭਵਿੱਖ ਬਣਾਉਣ ਲਈ ਵਚਨਬੱਧ : ਮਜੀਠੀਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਅਕਾਲੀ ਦਲ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸਬੰਧੀ ਸਾਬਕਾ ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਉਸਾਰੂ ਬੈਠਕ ਕੀਤੀ ਜਿਸ ਵਿੱਚ ਪਾਰਟੀ ਵਰਕਰਾਂ ਦੀ ਸਰਗਰਮ ਸ਼ਮੂਲੀਅਤ ਦੇਖੀ ਗਈ, ਖ਼ਾਸ ਤੌਰ 'ਤੇ ਖਡੂਰ ਸਾਹਿਬ ਦੇ ਵਿਕਾਸ ਦੇ ਸਬੰਧ 'ਚ ਅਗਾਂਹਵਧੂ ਵਿਚਾਰਾਂ 'ਤੇ ਕੇਂਦਰਿਤ ਸੀ। ਬ੍ਰਹਮਪੁਰਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੌਜੂਦਾ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਨੌਜਵਾਨਾਂ ਅਤੇ ਲੋਕਾਂ ਲਈ ਮਹੱਤਵਪੂਰਨ ਪ੍ਰਾਪਤੀਆਂ ਅਤੇ ਸੁਧਾਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਪਾਰਟੀ ਦਾ ਉਦੇਸ਼ ਮੁੱਖ ਮੁੱਦਿਆਂ ਨੂੰ ਹੱਲ ਕਰਨਾ ਅਤੇ ਨੌਜਵਾਨ ਪੀੜ੍ਹੀ ਨੂੰ ਉੱਚਾ ਚੁੱਕਣ ਅਤੇ ਪੰਜਾਬ ਦੀ ਸਮੁੱਚੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਰਣਨੀਤਕ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਹੈ। ਉਨ੍ਹਾਂ ਨੇ ਰਾਸ਼ਟਰੀ ਸੁਰੱਖਿਆ ਐਕਟ (ਐੱਨਐੱਸਏ) ਤੋਂ ਪ੍ਰਭਾਵਿਤ ਪੰਜਾਬ ਦੇ ਨੌਜਵਾਨਾਂ ਨਾਲ ਨਿਰਪੱਖ ਵਿਵਹਾਰ ਦੀ ਵਕਾਲਤ, ਵਿੱਦਿਅਕ ਮੌਕਿਆਂ ਨੂੰ ਵਧਾਉਣ, ਸਿਹਤ ਸੰਭਾਲ ਸੇਵਾਵਾਂ ਵਿੱਚ ਸੁਧਾਰ, ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਹੁਲਾਰਾ ਦੇਣ, ਟਿਕਾਊ ਖ਼ੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਅਤੇ ਖ਼ੇਤੀ ਉਤਪਾਦਾਂ ਲਈ ਨਿਰਯਾਤ ਦੇ ਮੌਕਿਆਂ ਦੀ ਖ਼ੋਜ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਵਧੇਰੇ ਭਰੋਸੇਮੰਦ ਸ਼ਾਸਨ ਵਿਕਲਪ ਵਜੋਂ ਸਥਾਪਤ ਕਰਨ ਲਈ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਮਾੜੀ ਕਾਰਗੁਜ਼ਾਰੀ 'ਤੇ ਵੀ ਚਾਨਣਾ ਪਾਇਆ। ਸ. ਬ੍ਰਹਮਪੁਰਾ ਦਾ ਮੰਨਣਾ ਹੈ ਕਿ ਇਹ ਮੁੱਖ ਰਣਨੀਤੀਆਂ ਪੰਜਾਬ ਵਿੱਚ ਤਰੱਕੀ, ਖੁਸ਼ਹਾਲੀ ਅਤੇ ਸਾਕਾਰਾਤਮਕ ਤਬਦੀਲੀ ਲਈ ਰਾਹ ਪੱਧਰਾ ਕਰਨਗੀਆਂ।

ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਅਹਿਮ ਮੁੱਦਿਆਂ ਨੂੰ ਹੱਲ ਕਰਨ ਅਤੇ ਸੂਬੇ ਦੇ ਉੱਜਵਲ ਭਵਿੱਖ ਲਈ ਕੰਮ ਕਰਨ ਲਈ ਵਚਨਬੱਧ ਹੈ। ਇਸ ਮੌਕੇ ਜਥੇਦਾਰ ਦਲਬੀਰ ਸਿੰਘ ਜਹਾਂਗੀਰ ਜਥੇਬੰਦਕ ਸਕੱਤਰ, ਗੁਰਸੇਵਕ ਸਿੰਘ ਸ਼ੇਖ ਕੋਰ ਕਮੇਟੀ ਮੈਂਬਰ, ਤਜਿੰਦਰ ਸਿੰਘ ਪ੍ਰਿੰਸ ਭਰੋਵਾਲ ਸੰਮਤੀ ਮੈਂਬਰ, ਗੁਰਭੇਜ ਸਿੰਘ ਭੇਜੀ ਕਿਸਾਨ ਨੇਤਾ ਫ਼ਤਿਹਾਬਾਦ, ਹਰਵਿੰਦਰ ਸਿੰਘ ਧੂੰਦਾ ਪੱਤਰਕਾਰ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਤੇ ਸੰਤ ਕਿਸ਼ਨ ਨਾਥ ਚਹੇੜੂ ਨੂੰ ਉਮੀਦਵਾਰ ਬਣਾਉਣ ਦੀ ਕੀਤੀ ਮੰਗ



**ਹੁਸ਼ਿਆਰਪੁਰ (ਓ ਪੀ ਰਾਣਾ)** ਲੋਕ ਸਭਾ ਚੋਣਾਂ ਲਈ ਬਹੁਜਨ ਸਮਾਜ ਪਾਰਟੀ ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਨੂੰ ਬਿਨਾਂ ਕਿਸੇ ਸ਼ਰਤ ਲੋਕ ਸਭਾ ਹੁਸ਼ਿਆਰਪੁਰ ਤੋਂ ਅਤੇ ਸੰਤ ਕਿਸ਼ਨ ਨਾਥ ਚਹੇੜੂ ਨੂੰ ਜਲੰਧਰ ਤੋਂ ਹਾਥੀ ਤੇ ਉਮੀਦਵਾਰ ਐਲਾਨ ਕਰੇ ਤਾਂ ਦੋਵੇਂ ਸੀਟਾਂ ਜਿੱਤ ਕੇ ਕੌਮ ਦੀ ਝੋਲੀ ਪਾ ਦਿਆਂਗੇ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਪ੍ਰਗਟ ਨਾਥ ਵਾਲਜੋਗੀ ਭਗਵਾਨ ਵਾਲਮੀਕੀ ਯੋਗ ਆਸ਼ਰਮ ਡੇਰਾ ਬਾਬਾ ਲਾਲ ਦਾਸ ਨਕੋਦਰ ਰਹੀਮਪੁਰ ਉਂਘੀ ਚਿੱਟੀ ਨੇ ਕਿਹਾ ਕਿ ਸੰਤ ਸਮਾਜ ਵਲੋਂ ਆਦਿ ਵਾਸੀ ਮੂਲ ਨਿਵਾਸੀ ਬਹੁਜਨ ਸਮਾਜ ਦੀ ਲੋਕ ਸਭਾ ਵਿਚ ਅਵਾਜ ਬੁਲੰਦ ਕਰਨ,ਬਾਬਾ ਸਾਹਿਬ ਡਾ. ਅੰਬੇਡਕਰ ਦੇ ਲਿਖੇ ਸੰਵਿਧਾਨ ਦੀ ਰਖਿਆ ਵਾਸਤੇ ਆਪਣੇ ਨਿਧੜਕ ਸਿਪਾਹੀ ਭੇਜਾਂਗੇ ਜੋ ਕਿ ਮਾਨਵਤਾ ਦੀ ਰਾਖੀ ਅਤੇ ਸਤਿਗੁਰੂ ਰਵਿਦਾਸ ਜੀ,ਭਗਵਾਨ ਸ੍ਰੀ ਵਾਲਮੀਕ ਜੀ ਅਤੇ ਮਹਾਨ ਰਹਿਬਰਾਂ, ਯੋਧਿਆਂ, ਸੂਰਵੀਰਾਂ,ਅਜਾਦੀ ਪਰਵਾਨਿਆਂ ਦੀ ਸੋਚ 'ਤੇ ਪਹਿਰਾ ਦੇਣਗੇ।ਉਨ੍ਹਾਂ ਕਿਹਾ ਕਿ ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਜੋ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਸਹਾਇਕ ਕੈਸ਼ੀਅਰ ਹਨ, ਸੰਤ ਕਿਸ਼ਨ ਨਾਥ ਚਹੇੜੂ ਜੋ ਕਿ ਬਾਬਾ ਸਾਹਿਬ ਡਾ.ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੀ ਵਿਚਾਰਧਾਰਾ ਦੇ ਕੱਟੜ ਸਪੋਰਟਰ ਹਨ, ਉਨਾਂ ਵਲੋਂ ਲੋਕ ਸਭਾ ਹੁਸ਼ਿਆਰਪੁਰ ਤੋਂ ਬਸਪਾ ਦੇ ਹਾਥੀ ਨਿਸ਼ਾਨ 'ਤੇ ਚੋਣ ਲੜਨ ਨਾਲ ਪੂਰੇ ਭਾਰਤ ਅੰਦਰ ਦੇਸ਼ ਦੇ ਕਰੋੜਾਂ ਮੂਲ ਨਿਵਾਸੀ ਬਹੁਜਨ ਸਮਾਜ ਅੰਦਰ ਚੇਤਨਾ,ਸੰਘਰਸ਼ ਦੀ ਨਵੀਂ ਲਹਿਰ ਪੈਦਾ ਹੋਵੇਗੀ। ਇਥੇ ਜ਼ਿਕਰਯੋਗ ਹੈ ਕਿ ਬਸਪਾ ਵੱਲੋਂ ਪਹਿਲਾਂ ਹੀ ਰਾਕੇਸ਼ ਸੁਮਨ ਨੂੰ ਲੋਕ ਸਭਾ ਹੁਸ਼ਿਆਰਪੁਰ ਤੋਂ ਉਮੀਦਵਾਰ ਐਲਾਨ ਕਰ ਦਿੱਤਾ ਗਿਆ ਹੈ।

# ਹਲਕੇ ਦਾ ਵਿਕਾਸ ਹੀ ਮੇਰਾ ਮੰਤਵ : ਡਾ. ਰਾਜਕੁਮਾਰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਡਾ. ਰਾਜਕੁਮਾਰ ਨੇ ਪਿੰਡ ਮੈਲੀ ਦੇ ਲੋਕਾਂ ਵੱਲੋਂ ਦਿੱਤੇ ਪਿਆਰ ਅਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਭਾਈਚਾਰੇ ਦਾ ਵਿਕਾਸ ਹੀ ਮੇਰਾ ਮੰਤਵ ਹੈ ਅਤੇ ਰਹੇਗਾ। ਡਾ. ਰਾਜ ਨੇ ਕਿਹਾ ਕਿ ਰਾਜਨੀਤੀ ਉਨ੍ਹਾਂ ਦਾ ਕਿੱਤਾ ਨਹੀਂ ਹੈ ਸਗੋਂ ਉਹ ਲੋਕ ਸੇਵਕ ਵਜੋਂ ਸੇਵਾ ਕਰ ਰਹੇ ਹਨ।ਹਲਕਾ ਵਾਸੀਆਂ ਦੀ ਭਲਾਈ ਉਨ੍ਹਾਂ ਦੀ ਪਹਿਲ ਹੈ ਅਤੇ ਇਸ ਲਈ ਉਹ ਹਮੇਸ਼ਾ ਜਨਤਾ ਦੇ ਸਹਿਯੋਗ ਨਾਲ ਹਰ ਸੰਭਵ ਯਤਨ ਕਰਨਗੇ ਤਾਂ ਜੋ ਇਲਾਕੇ ਦਾ ਵਿਕਾਸ ਪ੍ਰਭਾਵਿਤ ਨਾ ਹੋਵੇ।ਹਲਕਾ ਵਾਸੀਆਂ ਨੇ ਡਾ. ਰਾਜ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਰਪੰਚ ਚੰਨਜੀਤ ਸਿੰਘ, ਕਮੇਟੀ ਮੈਂਬਰ ਰਵਿੰਦਰ ਰੌਕੀ, ਸਵਰਨ ਸਿੰਘ, ਡਾ. ਸੰਤੋਖ, ਕੁੰਦਨ ਲਾਲ ਪੰਚ, ਕੁਲਦੀਪ ਸਿੰਘ ਪੰਚ, ਬਿੱਟੂ ਤਿਵਾੜੀ ਪੰਚ, ਸਾਬਕਾ ਏ.ਐਸ.ਆਈ ਸਿੰਗਾਰਾ ਰਾਮ, ਬਲਬੀਰ, ਨਰਿੰਦਰ, ਸਵਰਨ ਪੰਚ, ਨਸੀਬ ਚੰਦ, ਸੋਨੂੰ ਜ਼ੈਲਦਾਰ ਆਦਿ ਹਾਜ਼ਰ ਸਨ।



# ਦਰਸ਼ਨ ਦੀਦਾਰਿਆਂ ਲਈ ਪ੍ਰਿੰ. ਤਰਸਿੱਕਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਹੁੰਚੇ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਹਰ ਇੱਕ ਸਿੱਖ ਦੀ ਦਿਲੀ ਇੱਛਾ ਹੁੰਦੀ ਹੈ ਕਿ ਅਸੀਂ ਧੰਨ-ਧੰਨ ਗੁਰੂ ਨਾਨਕ ਸਾਹਿਬ ਜੀ ਦੇ ਵਸਾਈ ਨਗਰੀ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰ ਸਕੀਏ ਤੇ ਉਸ ਮੁਬਾਰਕ ਧਰਤੀ ਨੂੰ ਆਪਣੇ ਸਿਰ ਨਾਲ ਸਿਜਦਾ ਕਰ ਸਕੀਏ, ਪਰ ਭਾਰਤ ਦੀ ਕੇਂਦਰ ਸਰਕਾਰ ਨੇ ਇਸ ਸਥਾਨ ਦੇ ਦਰਸ਼ਨ ਕਰਨ ਜਾਣ ਲਈ ਪਾਸਪੋਰਟ ਦੀ ਸ਼ਰਤ ਤੇ ਹੋਰ ਨਿਯਮ ਲਾਗੂ ਕੀਤੇ ਹੋਏ ਹਨ, ਜਿਸ ਕਾਰਣ ਸਾਰਾ ਪਰਿਵਾਰ ਇੱਕ ਟਾਇਮ ਦਰਸ਼ਨ ਕਰਨ ਤੋਂ ਰਹਿ ਜਾਂਦਾ ਹੈ। ਇਹ ਸ਼ਬਦ ਪ੍ਰਿੰ. ਬਚਿੱਤਰ ਸਿੰਘ ਤਰਸਿੱਕਾ ਨੇ ਇਸ ਮੁਬਾਰਕ ਸਥਾਨ ਦੇ ਦਰਸ਼ਨ ਕਰਨ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਪ੍ਰਿੰਸੀਪਲ ਤਰਸਿੱਕਾ ਨੇ ਕੇਂਦਰ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਜੇਕਰ ਆਧਾਰ ਕਾਰਡ ਵਾਲਾ ਨਿਯਮ ਲਾਗੂ ਹੋ ਜਾਵੇ ਤਾਂ ਹਰ ਕੋਈ ਇਸ ਮੁਬਾਰਕ ਸਥਾਨ ਦੇ ਦਰਸ਼ਨ ਕਰ ਸਕਦਾ ਹੈ। ਇਹ ਦਰਸ਼ਨ ਹਰ ਰੋਜ਼ ਬਿਨਾਂ ਕਿਸੇ ਰੋਕ-ਟੋਕ ਤੋਂ ਸਹੀ ਵਿਅਕਤੀਆਂ ਨੂੰ ਦਰਸ਼ਨ ਕਰਨ ਦੀ ਇਜਾਜ਼ਤ ਹੋਵੇ, ਹਰ ਕੋਈ 5-6 ਘੰਟੇ ਵਿੱਚ ਦਰਸ਼ਨ ਕਰਕੇ ਵਾਪਸ ਆ ਸਕੇ। ਇਸ ਸਮੇਂ ਕਵਲਜੀਤ ਕੌਰ ਤਰਸਿੱਕਾ, ਅਨਮੋਲਦੀਪ ਕੌਰ ਤੇ ਅਨਮੋਲਜੀਤ ਸਿੰਘ ਤਰਸਿੱਕਾ ਵੀ ਹਾਜ਼ਰ ਸਨ।

9-Apral-PAGE-4.qxd 4/8/2024 11:05 PM Page 1

ਨਵਾਂ ਜ਼ਮਾਨਾ
ਮੰਗਲਵਾਰ, 9 ਅਪ੍ਰੈਲ 2024

# ਚੋਣ ਬਾਂਡਾਂ ਨੇ ਲੁੱਟਿਆ ਦਲਿਤ ਪਰਿਵਾਰ

*ਸੁਪਰੀਮ ਕੋਰਟ ਵੱਲੋਂ ਚੋਣ ਬਾਂਡ ਘੁਟਾਲੇ ਨੂੰ ਜਨਤਕ ਕੀਤੇ ਜਾਣ ਤੋਂ ਬਾਅਦ ਇਹ ਮੰਗ ਲਗਾਤਾਰ ਉਠ ਰਹੀ ਹੈ ਕਿ ਇਸ ਘੁਟਾਲੇ ਦੀ ਸੁਪਰੀਮ ਕੋਰਟ ਦੀ ਦੇਖ-ਰੇਖ ਹੇਠ ਜਾਂਚ ਕਰਾਈ ਜਾਣੀ ਚਾਹੀਦੀ ਹੈ। ਹਾਲੇ ਤੱਕ ਇਸ ਘੁਟਾਲੇ ਦਾ ਇੱਕ ਹਿੱਸਾ ਹੀ ਸਾਹਮਣੇ ਆਇਆ ਹੈ, ਜਿਸ ਅਧੀਨ ਜਾਂਚ ਏਜੰਸੀਆਂ ਦੀ ਵਰਤੋਂ ਕਰਕੇ ਤੇ ਕੁਝ ਕੰਪਨੀਆਂ ਨੂੰ ਲਾਹੇਵੰਦੇ ਪ੍ਰੋਜੈਕਟ ਸੌਂਪ ਕੇ ਉਗਰਾਹੀ ਕੀਤੇ ਜਾਣ ਦੀ ਸੱਚਾਈ ਉਜਾਗਰ ਹੋਈ ਹੈ। ਇੱਕ ਸੱਚਾਈ ਹਾਲੇ ਤੱਕ ਵੀ ਛੁਪੀ ਹੋਈ ਹੈ ਕਿ ਉਹ ਨਾਮ-ਨਿਹਾਦ ਵਿਅਕਤੀ ਕੌਣ ਸਨ, ਜਿਨ੍ਹਾਂ ਦੇ ਨਾਂਵਾਂ ਉੱਤੇ ਕਰੋੜਾਂ ਦੇ ਬਾਂਡ ਜਾਰੀ ਹੋਏ ਤੇ ਉਨ੍ਹਾਂ ਲਈ ਪੈਸਾ ਕਿੱਥੋਂ ਆਇਆ।*

*ਹੁਣ ਘੁਟਾਲਿਆਂ ਲਈ ਮਸ਼ਹੂਰ ਗੁਜਰਾਤ ਦੇ ਇੱਕ ਦਲਿਤ ਪਰਿਵਾਰ ਦਾ ਕੇਸ ਸਾਹਮਣੇ ਆਇਆ ਹੈ, ਜਿਸ ਨੇ 11 ਅਕਤੂਬਰ 2023 ਨੂੰ 11 ਕਰੋੜ 14 ਹਜ਼ਾਰ ਦੇ ਬਾਂਡ ਖਰੀਦੇ ਸਨ। ਇਹ ਦਲਿਤ ਪਰਿਵਾਰ ਕੱਛ ਜ਼ਿਲ੍ਹੇ ਦੇ ਅੰਜਾਰ ਸ਼ਹਿਰ ਦਾ ਰਹਿਣ ਵਾਲਾ ਹੈ। ਚੋਣ ਕਮਿਸ਼ਨ ਦੀ ਵੈੱਬਸਾਈਟ ਮੁਤਾਬਕ ਇਸ ਰਕਮ ਦੇ 10 ਕਰੋੜ ਦੇ ਬਾਂਡ 16 ਅਕਤੂਬਰ 2023 ਨੂੰ ਭਾਜਪਾ ਨੇ ਤੇ 1 ਕਰੋੜ 14 ਹਜ਼ਾਰ ਦੇ ਸ਼ਿਵ ਸੈਨਾ ਨੇ ਭੁੰਨਾਏ ਸਨ।*

*ਇਸ ਦਲਿਤ ਪਰਿਵਾਰ ਦੇ ਇੱਕ ਮੈਂਬਰ ਹਰੇਸ਼ ਸਾਵਕਾਰਾ ਨੇ ਦੱਸਿਆ ਕਿ ਅਡਾਨੀ ਸਮੂਹ ਨਾਲ ਜੁੜੀ ਕੰਪਨੀ ਵੈਲਸਪਨ ਐਕਸਪਲੋਰੇਸ਼ਨ ਲਿਮਟਿਡ ਦੇ ਇੱਕ ਅਧਿਕਾਰੀ ਨੇ ਧੋਖੇ ਨਾਲ ਸਾਨੂੰ ਇਹ ਚੋਣ ਬਾਂਡ ਖਰੀਦਣ ਲਈ ਉਤਸ਼ਾਹਤ ਕੀਤਾ ਸੀ। ਅਡਾਨੀ ਸਮੂਹ ਨੇ 2005 ਵਿੱਚ ਵੈਲਸਪਨ ਨੈਚੂਰਲ ਰਿਸੋਰਸ ਪ੍ਰਾਈਵੇਟ ਲਿਮਟਿਡ ਨਾਲ ਅਡਾਨੀ ਵੈਲਸਪਨ ਐਕਸਪਲੋਰੇਸ਼ਨ ਲਿਮਟਿਡ ਨਾਲ ਇੱਕ ਜਾਇੰਟ ਵੈਂਚਰ ਸ਼ੁਰੂ ਕੀਤਾ ਸੀ। ਇਸ ਨਵੀਂ ਕੰਪਨੀ ਵਿੱਚ ਅਡਾਨੀ ਸਮੂਹ ਦੀ ਹਿੱਸੇਦਾਰੀ 65 ਫ਼ੀਸਦੀ ਹੈ।*

*ਸਾਰੇ ਗੋਰਖਧੰਦੇ ਦਾ ਵਿਸਥਾਰ ਦੱਸਦਿਆਂ ਹਰੇਸ਼ ਸਾਵਕਾਰਾ ਨੇ ਕਿਹਾ, 'ਇਸ ਕੰਪਨੀ ਨੇ ਆਪਣੇ ਪ੍ਰੋਜੈਕਟ ਲਈ ਸਾਡੀ ਅੰਜਾਰ ਵਿਚਲੀ 43000 ਵਰਗ ਮੀਟਰ ਜ਼ਮੀਨ ਪ੍ਰਾਪਤ ਕੀਤੀ ਸੀ, ਇਹ ਪੈਸਾ ਕੰਪਨੀ ਵੱਲੋਂ ਮਿਲੇ ਮੁਆਵਜ਼ੇ ਦਾ ਹਿੱਸਾ ਸੀ। ਇਸ ਪੈਸੇ ਨੂੰ ਬੈਂਕ ਵਿੱਚ ਜਮ੍ਹਾਂ ਕਰਦੇ ਸਮੇਂ ਕੰਪਨੀ ਦੇ ਸੀਨੀਅਰ ਜਨਰਲ ਮੈਨੇਜਰ ਮਹੇਂਦਰ ਸਿੰਘ ਸੋਢਾ ਨੇ ਕਿਹਾ ਕਿ ਏਨੀ ਵੱਡੀ ਰਕਮ ਜਮ੍ਹਾਂ ਹੋਣ ਉਤੇ ਤੁਹਾਨੂੰ ਆਮਦਨ ਟੈਕਸ ਦਾ ਚੱਕਰ ਪੈ ਸਕਦਾ ਹੈ। ਉਸ ਨੇ ਕਿਹਾ ਕਿ ਜੇਕਰ ਤੁਸੀਂ ਇਹ ਪੈਸਾ ਚੋਣ ਬਾਂਡਾਂ ਵਿੱਚ ਲਾ ਦਿਓ, ਤਦ ਤੁਹਾਨੂੰ ਡੇਢ ਗੁਣਾ ਪੈਸਾ ਮਿਲ ਸਕਦਾ ਹੈ। ਅਸੀਂ ਅਨਪੜ੍ਹ ਸਾਂ, ਇਸ ਲਈ ਮਹੇਂਦਰ ਸਿੰਘ ਸੋਢਾ ਦੀਆਂ ਗੱਲਾਂ ਵਿੱਚ ਆ ਗਏ।'*

*ਹਰੇਸ਼ ਸਾਵਕਾਰਾ ਨੇ ਇਸ ਸੰਬੰਧੀ 18 ਮਾਰਚ 2024 ਨੂੰ ਅੰਜਾਰ ਪੁਲਸ ਸਟੇਸ਼ਨ ਵਿੱਚ ਇੱਕ ਸ਼ਿਕਾਇਤ ਦਰਜ ਕਰਾਈ ਹੈ। ਇਸ ਸ਼ਿਕਾਇਤ ਪੱਤਰ ਵਿੱਚ ਵੈਲਸਪਨ ਦੇ ਡਾਇਰੈਕਟਰ ਵਿਸ਼ਵਾਨਾਥਨ, ਸੰਜੈ ਗੁਪਤਾ, ਚਿੰਤਨ ਠਾਕੇਰ, ਪ੍ਰਵੀਨ ਭੰਸਾਲੀ, ਮਹੇਂਦਰ ਸਿੰਘ ਸੋਢਾ ਤੇ ਅੰਜਾਰ ਦੇ ਭੂਮੀ ਅਧੀਗ੍ਰਹਿਣ ਅਧਿਕਾਰੀ ਕਿਸ਼ੋਰ ਜੋਸ਼ੀ ਨੂੰ ਮੁਲਜ਼ਮ ਬਣਾਇਆ ਗਿਆ ਹੈ। ਸ਼ਿਕਾਇਤ ਪੱਤਰ ਵਿੱਚ ਭਾਜਪਾ ਦੇ ਅੰਜਾਰ ਸ਼ਹਿਰ ਦੇ ਪ੍ਰਧਾਨ ਹੇਮੰਤ ਉਰਫ਼ ਡੈਨੀ ਦਾ ਨਾਂਅ ਵੀ ਸ਼ਾਮਲ ਹੈ। ਸ਼ਿਕਾਇਤ ਪੱਤਰ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਅਗਸਤ 2023 ਵਿੱਚ ਉਨ੍ਹਾਂ ਦੀ ਖੇਤੀ ਜ਼ਮੀਨ 16 ਕਰੋੜ 61 ਲੱਖ 21 ਹਜ਼ਾਰ 877 ਰੁਪਏ ਵਿੱਚ ਵੇਚਣ ਦੀ ਮਨਜ਼ੂਰੀ ਦਿੱਤੀ ਸੀ। ਇਸ ਵਿੱਚੋਂ 2 ਕਰੋੜ 80 ਲੱਖ 15 ਹਜ਼ਾਰ ਰੁਪਏ ਅਡਵਾਂਸ ਦਿੱਤੇ ਗਏ ਸਨ। ਬਾਕੀ 13 ਕਰੋੜ 81 ਲੱਖ 9 ਹਜ਼ਾਰ 877 ਰੁਪਏ ਸਾਰੇ ਹਿੱਸੇਦਾਰਾਂ ਦੇ ਨਾਂਅ ਟਰਾਂਸਫਰ ਕੀਤੇ ਗਏ ਸਨ।*

*ਸ਼ਿਕਾਇਤ ਵਿੱਚ ਅੱਗੇ ਕਿਹਾ ਗਿਆ ਹੈ ਕਿ 1 ਅਕਤੂਬਰ ਤੋਂ 8 ਅਕਤੂਬਰ ਤੱਕ ਉਕਤ ਵਿਅਕਤੀਆਂ ਨਾਲ ਵੈਲਸਪਨ ਦੇ ਗੈੱਸਟ ਹਾਊਸ ਵਿੱਚ ਜ਼ਮੀਨ ਮਾਲਕਾਂ ਹਰੇਸ਼ ਸਾਵਕਾਰਾ ਆਦਿ ਦੀਆਂ 4 ਮੀਟਿੰਗਾਂ ਹੋਈਆਂ, ਜਿੱਥੇ ਉਨ੍ਹਾਂ ਨੂੰ ਚੋਣ ਬਾਂਡਾਂ ਵਿੱਚ ਪੈਸਾ ਲਾਉਣ ਲਈ ਰਾਜ਼ੀ ਕੀਤਾ ਗਿਆ ਸੀ। ਸ਼ਿਕਾਇਤ ਕਰਨ ਵਾਲੇ ਵਿਅਕਤੀਆਂ ਕੋਲ ਬੈਂਕ ਦੀਆਂ ਰਸੀਦਾਂ, ਪੈਸੇ ਜਮ੍ਹਾਂ ਹੋਣ ਤੇ ਫਿਰ ਚੋਣ ਬਾਂਡਾਂ ਲਈ ਐੱਸ ਬੀ ਆਈ ਵਿੱਚ ਭੇਜੇ ਜਾਣ ਦੇ ਸਬੂਤ ਸਮੇਤ ਚੋਣ ਬਾਂਡਾਂ ਦੀਆਂ ਕਾਪੀਆਂ ਵੀ ਮੌਜੂਦ ਹਨ। ਇਸ ਸ਼ਿਕਾਇਤ ਪੱਤਰ ਉੱਤੇ ਹਾਲੇ ਤੱਕ ਪੁਲਸ ਨੇ ਐੱਫ਼ ਆਰ ਆਈ ਦਰਜ ਨਹੀਂ ਕੀਤੀ। ਚੋਣ ਬਾਂਡਾਂ ਦੇ ਗੋਰਖਧੰਦੇ ਨੇ ਇੱਕ ਪੂਰੇ ਪਰਿਵਾਰ ਦਾ ਝੁੱਗਾ ਚੌੜ ਕਰ ਦਿੱਤਾ ਹੈ।*

# ਭਾਰਤ 'ਚ ਹਰੇਕ ਬੱਚੇ ਲਈ ਗੁਣਾਤਮਕ ਸਿੱਖਿਆ ਦੀ ਵਿਵਸਥਾ ਨਹੀਂ

**ਚਰਨ ਸਿੰਘ ਸਰਾਭਾ**

ਮਨੁੱਖੀ ਸੱਭਿਅਤਾ ਦੇ ਆਰੰਭ ਅਤੇ ਇਤਿਹਾਸ ਵਿੱਚ 'ਵਿਕਾਸ' ਮਹੱਤਵਪੂਰਨ ਸੰਕਲਪ ਹੈ, ਜੋ ਜੀਵਨ ਦੇ ਅਨੇਕਾਂ ਵੱਖੋ-ਵੱਖ ਖੇਤਰਾਂ ਅਤੇ ਪੱਖਾਂ ਦੀਆਂ ਸਥਿਤੀਆਂ ਨਾਲ ਜੁੜਿਆ ਹੋਇਆ ਸ਼ਬਦ ਵੀ ਹੈ। ਸੰਸਾਰ ਦੀਆਂ ਵਰਤਮਾਨ ਸਥਿਤੀਆਂ ਵਿੱਚ ਇਸ ਨੇ ਹੋਰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੋਇਆ ਹੈ। ਸੰਸਾਰ ਭਰ ਦੀਆਂ ਘਟਨਾਵਾਂ ਦੇ ਨਾਲ-ਨਾਲ ਸਾਡੇ ਮਹਾਨ ਭਾਰਤ ਵਿੱਚ ਵੀ ਸਾਡੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਜਾਂ ਸਿਆਸੀ ਆਗੂਆਂ ਕੋਲ ਹੁਣ ਇਹ 'ਵਿਕਾਸ' ਦਾ ਸ਼ਬਦ ਇੱਕ ਕੇਂਦਰੀ ਬਿੰਦੂ ਬਣਿਆ ਹੋਇਆ ਹੈ। ਜੇਕਰ ਅਸੀਂ ਸਾਡੀਆਂ ਵੱਖ-ਵੱਖ ਰੰਗਾਂ ਦੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਵਿਕਾਸ ਸੰਬੰਧੀ ਹੁਣ ਤੱਕ ਕੀਤੀਆਂ ਗਈਆਂ ਜਾਂ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਦੀਆਂ ਗੱਲਾਂ ਦਾ ਥੋੜਾ ਜਿਹਾ ਗੰਭੀਰ ਵਿਸ਼ਲੇਸ਼ਣ ਕਰੀਏ ਤਾਂ ਸਮਝ ਪੈਣ ਲੱਗ ਜਾਂਦੀ ਹੈ ਕਿ ਇਸ ਵਿਕਾਸ ਸ਼ਬਦ ਦਾ ਭਾਵ ਵੀ ਵੱਖ-ਵੱਖ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਆਪੋ-ਆਪਣਾ ਅਤੇ ਵੱਖਰਾ-ਵੱਖਰਾ ਹੈ। ਜਦੋਂ ਕਿਤੇ ਇਨ੍ਹਾਂ ਦੇ ਅਨੁਸਾਰ ਵਿਕਾਸ ਦੀ ਦਿਸ਼ਾ ਇੱਕ ਹੀ ਹੋਵੇ ਤਾਂ ਵੀ ਇਸ ਦੇ ਅਰਥ ਅਤੇ ਵਿਸਥਾਰ ਨੂੰ ਜਨ ਸਮੂਹਾਂ ਦੀ ਜਾਣਕਾਰੀ ਅਤੇ ਹਿੱਤਾਂ ਤੋਂ ਪਰ੍ਹੇ ਰੱਖਣ ਦੀ ਪਹੁੰਚ 'ਤੇ ਪਰਦਾ ਪਾਉਣ ਲਈ ਅਜਿਹੇ ਵਿਕਾਸ ਨੂੰ ਆਪਣੇ ਵਿਸ਼ੇਸ਼ 'ਮਾਅਰਕੇ' ਵਾਲਾ ਵਿਕਾਸ ਦੱਸ ਕੇ ਵਿਰੋਧੀ ਧਿਰ ਪ੍ਰਤੀ ਪ੍ਰਚਾਰ ਕਰਦੇ ਹਨ ਕਿ ਇਨ੍ਹਾ ਨੇ ਸਾਡਾ ਪ੍ਰੋਗਰਾਮ ਚੋਰੀ ਕਰ ਲਿਆ ਹੈ। ਅਸਲ ਵਿੱਚ ਅਜਿਹਾ ਕਰਦੇ ਸਮੇਂ ਵੀ ਵਧੇਰੇ ਕਰਕੇ ਜਨ ਸਮੂਹਾਂ ਦੀਆਂ ਲੋੜਾਂ ਵਾਲੇ ਵਿਕਾਸ ਪ੍ਰਤੀ ਜਨਤਕ ਵਿਚਾਰ ਅਤੇ ਜਨਤਕ ਚੇਤਨਤਾ ਦੀ ਸੋਚ ਬਣਨ ਤੋਂ ਪਰੇ ਰੱਖਣ ਅਤੇ ਆਪਣੀ ਮਰਜ਼ੀ ਦਾ ਵਿਕਾਸ ਠੋਸਣ ਦਾ ਯਤਨ ਹੀ ਹੁੰਦਾ ਹੈ ਤਾਂ ਜੋ ਵਿਸ਼ਾਲ ਜਨ ਸਮੂਹ ਇਹ ਵਿਚਾਰ ਹੀ ਨਾਂ ਕਰ ਸਕਣ ਕਿ ਉਨ੍ਹਾਂ ਦੇ ਹਿੱਤਾਂ ਵਾਲਾ ਅਤੇ ਦੂਰ ਅੰਦੇਸ਼ੀ ਵਾਲਾ ਕੌਮੀ ਅਤੇ ਸਮਾਜਕ ਵਿਕਾਸ ਕਿਹੋ ਜਿਹਾ ਹੋਣਾ ਚਾਹੀਦਾ ਹੈ।

ਅੱਜ ਜਦੋਂ ਸਾਡੀ ਕੇਂਦਰੀ ਸਰਕਾਰ ਵੱਲੋਂ ਵਿਕਸਤ ਭਾਰਤ ਦਾ ਜ਼ੋਰਦਾਰ ਨਾਅਰਾ ਬੁਲੰਦ ਕੀਤਾ ਜਾ ਰਿਹਾ ਹੈ ਤਾਂ ਇਸੇ ਵਿਚਕਾਰ ਹੀ 29 ਫ਼ਰਵਰੀ 2024 ਦੇ ਇੱਕ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ ਵਿੱਚ ਖ਼ਬਰ ਛਪੀ ਕਿ ਕੇਂਦਰ ਸਰਕਾਰ ਭਾਰਤ ਦੇ ਪੰਜ ਸੂਬਿਆਂ ਅਤੇ ਇੱਕ ਯੂ ਟੀ ਦੀ ਭਾਰਤੀ ਸਿੱਖਿਆ ਅਧੀਨ ਚੱਲਦੇ ਪ੍ਰੋਗਰਾਮ ਸਮੱਗਰ ਸਿੱਖਿਆ ਅਭਿਆਨ ਲਈ ਦਿੱਤੀ ਜਾਣ ਵਾਲੀ ਕੇਂਦਰੀ ਵਿੱਤੀ ਰਾਸ਼ੀ ਰੋਕਣ 'ਤੇ ਵਿਚਾਰ ਕਰ ਰਹੀ ਹੈ। ਇਹ ਸੂਬੇ ਹਨ-ਦਿੱਲੀ, ਪੱਛਮੀ ਬੰਗਾਲ, ਉੜੀਸਾ, ਤਾਮਿਲਨਾਡੂ, ਪੰਜਾਬ ਅਤੇ ਕੇਰਲਾ। ਇਸ ਦਾ ਕਾਰਨ ਦੱਸਿਆ ਗਿਆ ਹੈ ਕਿ ਇਨ੍ਹਾਂ ਸੂਬਿਆਂ ਨੇ ਕੇਂਦਰ ਸਰਕਾਰ ਵੱਲੋਂ ਨਿਰਧਾਰਤ ਕੀਤੀ ਗਈ ਸਿੱਖਿਆ ਨੀਤੀ-2020 ਅਧੀਨ ਪ੍ਰਧਾਨ ਮੰਤਰੀ ਸ੍ਰੀ ਸਕੂਲ ਅਧੀਨ ਸਥਾਪਤ ਕਰਨ ਵਾਲੀ ਵਿਵਸਥਾ ਨੂੰ ਲਾਗੂ ਕਰਨ ਸੰਬੰਧੀ ਸਹਿਮਤੀ ਵਾਲਾ ਇਕਰਾਰਨਾਮਾ ਨਹੀਂ ਕੀਤਾ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਨਿਰਧਾਰਤ ਕੀਤੀ ਗਈ ਸਿੱਖਿਆ ਨੀਤੀ-2020 ਅਧੀਨ ਦੇਸ਼ ਭਰ ਵਿੱਚ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਸਹੂਲਤਾਂ ਵਾਲੇ "14500 ਪ੍ਰਧਾਨ ਮੰਤਰੀ ਸ੍ਰੀ ਸਕੂਲ" ਬਣਾਏ ਜਾਣ ਦੀ ਵਿਵਸਥਾ ਰੱਖੀ ਗਈ ਹੈ। ਜੋ ਭਾਰਤ ਭਰ ਵਿੱਚੋਂ 10 ਲੱਖ 80 ਹਜ਼ਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਗੁਣਾਤਮਕ ਸਿੱਖਿਆ ਪ੍ਰਦਾਨ ਕਰਨਗੇ। ਇਸੇ ਖ਼ਬਰ ਅਨੁਸਾਰ ਹੁਣ ਤੱਕ 30 ਸੂਬਾ ਸਰਕਾਰਾਂ ਅਤੇ ਯੂ ਟੀਜ਼ ਨੇ ਇਸ ਸੰਬੰਧੀ ਸਹਿਮਤੀ ਦੇ ਦਿੱਤੀ ਹੈ ਅਤੇ 28 ਸੂਬਾ ਸਰਕਾਰਾਂ ਵਿੱਚ 6448 ਅਜਿਹੇ ਸਕੂਲ ਅੱਪਗਰੇਡ ਕਰਨ ਲਈ ਚੋਣ ਕਰ ਲਈ ਗਈ ਹੈ। ਇਸ ਖ਼ਬਰ ਵਿੱਚ ਇਹ ਵੀ ਜ਼ਿਕਰ ਹੈ ਕਿ ਉਪਰੋਕਤ ਦੱਸੇ ਪੰਜ ਸੂਬਿਆਂ ਅਤੇ ਯੂ ਟੀ ਨੇ ਸਮੱਗਰ ਸਿੱਖਿਆ ਅਭਿਆਨ ਸੰਬੰਧੀ ਲੋੜੀਂਦੀ ਗ੍ਰਾਂਟ ਲੈ ਲਈ ਹੈ, ਪਰ "ਪ੍ਰਧਾਨ ਮੰਤਰੀ ਸ੍ਰੀ ਸਕੂਲਾਂ" ਦੀ ਸਥਾਪਨਾ ਸੰਬੰਧੀ ਸਹਿਮਤੀ ਨਹੀਂ ਜਤਾਈ ਹੈ। ਇਸ ਖ਼ਬਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਮੱਗਰ ਸਿੱਖਿਆ ਸਕੀਮ ਹੀ ਸਭ ਤੋਂ ਵੱਡੀ ਅਤੇ ਸਾਰੇ ਬੱਚਿਆਂ ਲਈ ਸਕੂਲੀ ਸਿੱਖਿਆ ਸਕੀਮ ਹੈ।

ਇਸ ਉਪਰੋਕਤ ਖ਼ਬਰ ਤੋਂ ਪਹਿਲਾਂ 26 ਫ਼ਰਵਰੀ 2024 ਦੇ ਇੱਕ ਹੋਰ ਅੰਗਰੇਜ਼ੀ ਅਖ਼ਬਾਰ ਵਿੱਚ ਛਪੇ ਇੱਕ ਲੇਖ ਅਨੁਸਾਰ ਸਾਲ 2024-25 ਦੇ ਕੇਂਦਰੀ ਵਾਰਸ਼ਿਕ ਬੱਜਟ ਵਿੱਚ ਸਿੱਖਿਆ ਲਈ ਰੱਖੇ ਗਏ ਕੁਲ ਸਿੱਖਿਆ ਬੱਜਟ ਵਿੱਚੋਂ 73000 ਕਰੋੜ ਰੁਪਏ ਸਕੂਲੀ ਸਿੱਖਿਆ ਲਈ ਰੱਖੇ ਗਏ ਹਨ। ਜਿਸ ਵਿੱਚ 6050 ਕਰੋੜ ਰੁਪਏ "ਪ੍ਰਧਾਨ ਮੰਤਰੀ ਸ੍ਰੀ ਸਕੂਲਾਂ" ਲਈ ਰੱਖੇ ਗਏ ਹਨ ਅਤੇ 6399 ਕਰੋੜ ਰੁਪਏ ਨਵੇਂ ਬਣਨ ਵਾਲੇ 'ਇਕਾਲਿਆ' ਰਿਹਾਇਸ਼ੀ ਸਕੂਲਾਂ ਲਈ ਰਾਖਵੇਂ ਕੀਤੇ ਗਏ ਹਨ। ਇਸ ਤੋਂ ਬਿਨਾਂ ਕਈ ਸਾਲ ਪਹਿਲਾਂ ਤੋਂ ਸਾਡੀ ਜਾਣਕਾਰੀ ਵਿੱਚ ਆਇਆ ਸੀ ਕਿ ਦੇਸ਼ ਦੇ 451 ਨਵੋਦਿਆ ਸਕੂਲਾਂ ਅਤੇ ਕੇਂਦਰੀ ਵਿਦਿਆਲਿਆ ਸੰਗਠਨ ਲਈ ਕੇਂਦਰੀ ਸਕੂਲੀ ਸਿੱਖਿਆ ਦੇ ਬੱਜਟ ਦੀ ਕੁਲ ਰਾਸ਼ੀ ਦੀ ਉਪਰ ਦੱਸੀ ਵੰਡ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਦੇਸ਼ ਭਰ ਦੇ ਲੱਗਭੱਗ ਦਸ ਲੱਖ ਤੋਂ ਵਧੇਰੇ ਆਮ ਸਕੂਲਾਂ ਲਈ ਜੋ ਉਪਰੋਕਤ ਵਿਸ਼ੇਸ਼ ਵਰਗ ਦੇ ਸਕੂਲਾਂ ਵਿੱਚ ਸ਼ਾਮਲ ਨਹੀਂ ਹੁੰਦੇ, ਵਾਸਤੇ ਬਾਕੀ ਬਚਦੀਆਂ ਤੁੱਛ ਰਾਸ਼ੀਆਂ ਰਹਿ ਜਾਂਦੀਆਂ ਹਨ। ਜਿਸ ਦੇ ਸਿੱਟੇ ਵਜੋਂ ਇਨ੍ਹਾਂ ਲੱਖਾਂ ਸਰਕਾਰੀ ਸਕੂਲਾਂ ਦੇ ਕਰੋੜਾਂ ਵਿਦਿਆਰਥੀਆਂ ਲਈ "ਪ੍ਰਧਾਨ ਮੰਤਰੀ ਸ੍ਰੀ ਸਕੂਲ", "ਨਵੋਦਿਆ ਸਕੂਲ" ਜਾਂ "ਇਕਾਲਿਆ ਸਕੂਲਾਂ" ਵਰਗੀਆਂ ਸਹੂਲਤਾਂ ਪ੍ਰਾਪਤ ਨਹੀਂ ਹੋਣਗੀਆਂ। ਕੇਂਦਰ ਸਰਕਾਰ ਦੀ ਇਸ ਪਹੁੰਚ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਰਤ ਦੇ ਲੋਕਤੰਤਰੀ ਦੇਸ਼ ਵਿੱਚ ਕਈ ਵੰਨਗੀਆਂ ਦੇ ਸਰਕਾਰੀ ਸਕੂਲ ਭਾਵ ਵਿਸ਼ੇਸ਼ ਸਹੂਲਤਾਂ ਵਾਲੇ ਚੋਣਵੇਂ ਸ੍ਰੇਸ਼ਟ ਸਕੂਲ ਅਤੇ ਉਨ੍ਹਾਂ ਤੋਂ ਵੱਖਰੇ ਘੱਟ ਸਹੂਲਤਾਂ ਵਾਲੇ ਆਮ ਸਕੂਲ ਚਲਾਉਣ ਵਾਲੀ ਸਿੱਖਿਆ ਨੀਤੀ ਅਪਣਾਈ ਜਾ ਰਹੀ ਹੈ ਅਤੇ ਇਸ ਨੂੰ ਹੋਰ ਅੱਗੇ ਵਧਾਇਆ ਜਾ ਰਿਹਾ ਹੈ। ਇਥੇ ਇਹ ਵੀ ਸਾਂਝਾ ਕੀਤਾ ਜਾਂਦਾ ਹੈ ਕਿ ਸਰਕਾਰੀ ਸਕੂਲਾਂ ਤੋਂ ਬਿਨਾਂ ਵੱਖ-ਵੱਖ ਵੰਨਗੀਆਂ ਦੇ ਪ੍ਰਾਈਵੇਟ ਸਕੂਲਾਂ ਦੀ ਵੀ ਭਰਮਾਰ ਹੈ। ਇਸ ਤਰ੍ਹਾਂ ਦੀ ਇਹ ਵੱਖ-ਵੱਖ ਵੰਨਗੀਆਂ ਵਾਲੇ ਸਕੂਲਾਂ ਵਾਲੀ ਸਿੱਖਿਆ ਨੀਤੀ ਅੰਗਰੇਜ਼ੀ ਰਾਜ ਸਮੇਂ ਦੀ ਭਾਰਤ ਵਿੱਚ ਅੰਗਰੇਜ਼ੀ ਸਰਕਾਰ ਵੱਲੋਂ ਅਪਣਾਈ ਗਈ ਮੈਕਾਲੇਵਾਦੀ ਸਿੱਖਿਆ ਨੀਤੀ ਦੀ ਨਕਲ ਹੀ ਹੈ, ਜਿਸ ਰਾਹੀਂ ਕੁਝ ਚੋਣਵੇਂ ਸ੍ਰੇਸ਼ਟ ਸਕੂਲਾਂ ਰਾਹੀਂ ਚੋਣਵੇਂ ਬੱਚਿਆਂ ਨੂੰ ਵਧੇਰੇ ਸਹੂਲਤਾਂ ਵਾਲੀ ਸਿੱਖਿਆ ਦੇ ਅਵਸਰ ਪ੍ਰਦਾਨ ਕਰਕੇ ਸਮਾਜ ਵਿੱਚ ਸਵੈ ਕੇਂਦਰਤ ਅਤੇ ਆਪਣੇ-ਆਪ ਨੂੰ ਸ੍ਰੇਸ਼ਟ ਸਮਝਣ ਵਾਲਾ ਇੱਕ ਵਰਗ ਪੈਦਾ ਕੀਤਾ ਜਾਵੇਗਾ ਅਤੇ ਬਾਕੀ ਲੱਖਾਂ ਆਮ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਕਰੋੜਾਂ ਬੱਚਿਆਂ ਨੂੰ ਅਣਗੌਲਿਆ ਕੀਤਾ ਜਾਵੇਗਾ। ਅਜਿਹੀ ਕੇਂਦਰੀ ਸਰਕਾਰੀ ਪਹੁੰਚ ਕਾਰਨ ਹੀ ਕੇਂਦਰੀ ਸਰਕਾਰ ਵੱਲੋਂ ਸਿੱਖਿਆ ਲਈ ਵਿਸ਼ੇਸ਼ ਤੌਰ 'ਤੇ ਸਕੂਲੀ ਸਿੱਖਿਆ ਲਈ ਲੋੜੀਂਦੇ ਘੱਟੋ-ਘੱਟ ਬੱਜਟ ਵੀ ਰਾਖਵੇਂ ਨਹੀਂ ਕੀਤੇ ਜਾਂਦੇ ਅਤੇ ਬਹੁਤ ਵਾਰੀ ਲੋੜਾਂ ਤੋਂ ਘੱਟ ਰੱਖੇ ਗਏ ਬੱਜਟਾਂ ਵਿੱਚ ਹੋਰ ਕੱਟਾਂ ਲਾ ਦਿੱਤੀਆਂ ਜਾਂਦੀਆਂ ਹਨ ਜਾਂ ਪੂਰੇ ਰੱਖੇ ਗਏ ਬੱਜਟ ਨਿਵੇਸ਼ ਹੀ ਨਹੀਂ ਕੀਤੇ ਜਾਂਦੇ।

ਜਨਤਕ ਸਿੱਖਿਆ ਲਈ ਰੱਖੇ ਜਾਂਦੇ ਬੱਜਟ ਤੋਂ ਹੀ ਸੰਬੰਧਤ ਸਰਕਾਰ ਦੀ ਸਿੱਖਿਆ ਨੀਤੀ ਦੀ ਸੰਜੀਦਗੀ ਸਾਹਮਣੇ ਆ ਜਾਂਦੀ ਹੈ। ਜਿਵੇਂ ਭਾਰਤੀ ਆਜ਼ਾਦੀ ਪ੍ਰਾਪਤੀ ਸੰਗਰਾਮ ਸਮੇਂ ਗਦਰ ਪਾਰਟੀ ਦੇ ਪ੍ਰਮੁੱਖ ਆਗੂ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ 1913 ਵਿੱਚ ਹੀ ਇੱਕ ਲੇਖ ਵਿੱਚ ਦੱਸਿਆ ਸੀ ਕਿ ਤੱਤਕਾਲੀ ਅੰਗਰੇਜ਼ ਸਰਕਾਰ ਭਾਰਤ ਦੇ 24 ਕਰੋੜ ਲੋਕਾਂ ਦੀ ਸਿੱਖਿਆ ਲਈ ਕੇਵਲ 8 ਕਰੋੜ ਰੁਪਏ ਦਾ ਵਾਰਸ਼ਿਕ ਬੱਜਟ ਰੱਖਦੀ ਸੀ। ਉਨ੍ਹਾ ਦਾ ਅਜਿਹਾ ਦੱਸਣਾ ਅੰਗਰੇਜ਼ ਸਰਕਾਰ ਦੀ ਸਾਰੇ ਭਾਰਤੀ ਬੱਚਿਆਂ ਦੀ ਗੁਣਾਤਮਕ ਸਿੱਖਿਆ ਪ੍ਰਤੀ ਗੈਰ-ਸੰਜੀਦਗੀ ਦਾ ਪਰਦਾ ਫਾਸ਼ ਕਰਨਾ ਅਤੇ ਸਿੱਖਿਆ ਦੀਆਂ ਲੋੜਾਂ ਲਈ ਵਧੇਰੇ ਲੋੜੀਂਦੇ ਬੱਜਟ ਰਾਖਵੇਂ ਕਰਨ ਸੰਬੰਧੀ ਆਵਾਜ਼ ਬੁਲੰਦ ਕਰਨਾ ਸੀ। ਧਿਆਨ ਮੰਗਦੀ ਦੁਖਦਾਈ ਸੱਚਾਈ ਹੈ ਕਿ ਅੱਜ ਭਾਰਤੀ ਆਜ਼ਾਦੀ ਪ੍ਰਾਪਤੀ ਦੇ 75 ਸਾਲਾਂ ਉਪਰੰਤ ਵੀ ਆਜ਼ਾਦ ਭਾਰਤ ਦੀਆਂ ਸਰਕਾਰਾਂ ਵੱਲੋਂ ਸਾਰੇ ਭਾਰਤੀ ਬੱਚਿਆਂ ਲਈ ਲੋੜੀਂਦਾ ਸਿੱਖਿਆ ਬੱਜਟ ਰਾਖਵੀਂ ਨਹੀਂ ਕੀਤਾ ਗਿਆ, ਜਿਹਾ ਕਿ 1968 ਵਿੱਚ ਭਾਰਤੀ ਲੋਕ ਸਭਾ ਵੱਲੋਂ ਸਵੀਕਾਰ ਕੀਤਾ ਗਿਆ ਸੀ ਕਿ ਭਾਰਤੀ ਵਾਰਸ਼ਿਕ ਜੀ ਡੀ ਪੀ ਦਾ 6% ਸਿੱਖਿਆ ਲਈ ਰਾਖਵਾਂ ਕੀਤਾ ਜਾਵੇ। ਹੁਣ 1.04.2024 ਦੀ ਇੱਕ ਅੰਗਰੇਜ਼ੀ ਅਖ਼ਬਾਰ ਵਿੱਚ ਖ਼ਬਰ ਛਪੀ ਹੈ ਕਿ ਕੇਰਲਾ, ਤਾਮਿਲਨਾਡੂ ਅਤੇ ਉੜੀਸਾ ਸਰਕਾਰ ਨੇ ਪ੍ਰਧਾਨ ਮੰਤਰੀ ਸ੍ਰੀ ਸਕੂਲ ਸਥਾਪਤ ਕਰਨ ਸੰਬੰਧੀ ਸਹਿਮਤੀ ਦੇ ਦਿੱਤੀ ਹੈ।

ਇਸ ਸਥਿਤੀ ਸੰਬੰਧੀ ਤਾਂ ਸੰਬੰਧਤ ਉਪਰੋਕਤ ਸਰਕਾਰਾਂ ਹੀ ਜਾਣਦੀਆਂ ਹਨ ਕਿ ਉਨ੍ਹਾਂ ਪਹਿਲਾਂ ਸਹਿਮਤੀ ਕਿਉਂ ਨਹੀਂ ਸੀ ਜਤਾਈ ਅਤੇ ਹੁਣ ਕਿਉਂ ਜਤਾਈ ਹੈ, ਪਰ ਕੇਂਦਰ ਸਰਕਾਰ ਦੀ ਪ੍ਰਧਾਨ ਮੰਤਰੀ ਸ੍ਰੀ ਸਕੂਲ ਵਰਗੇ ਕੁਝ ਚੋਣਵੇਂ ਸ੍ਰੇਸ਼ਟ ਸਕੂਲ ਸਥਾਪਤ ਕਰਨ ਵਾਲੀ ਨੀਤੀ ਅਨੁਸਾਰ ਭਾਰਤੀ ਵਿਕਾਸ ਵਿੱਚ ਹਰ ਭਾਰਤੀ ਬੱਚੇ ਲਈ ਗੁਣਾਤਮਕ ਸਿੱਖਿਆ ਪ੍ਰਾਪਤੀ ਵਾਲੀ ਵਿਵਸਥਾ ਉਪਲੱਬਧ ਨਹੀਂ ਹੈ। ਅਜਿਹੀ ਵਿਵਸਥਾ ਅਤੇ ਪਹੁੰਚ ਪੂਰੀ ਤਰ੍ਹਾਂ ਗੈਰ ਜਮਹੂਰੀ ਅਤੇ ਭਾਰਤੀ ਸੰਵਿਧਾਨ ਦੇ ਸਮਾਜਿਕ ਅਤੇ ਮਨੁੱਖੀ ਵਿਕਾਸ ਦੇ ਉਦੇਸ਼ਾਂ ਤੋਂ ਵਿਪਰੀਤ ਦਿਸ਼ਾ ਵਾਲੀ ਹੈ। ਅੱਜ ਲੋਕ ਸਭਾ ਚੋਣਾਂ 2024 ਦੇ ਸਮੇਂ ਭਾਰਤੀ ਮਾਣਯੋਗ ਵੋਟਰ ਸਮੂਹਾਂ ਨਾਲ ਭਾਰਤ ਦੇ ਉੱਘੇ ਅਰਥ ਸ਼ਾਸਤਰੀ ਅਤੇ ਨੋਬਲ ਇਨਾਮ ਜੇਤੂ ਸ੍ਰੀ ਅਮਰਤਿਆ ਸੇਨ ਦਾ ਕਥਨ ਸਾਂਝਾ ਕੀਤਾ ਜਾਂਦਾ ਹੈ, ਜਿਸ ਵਿੱਚ ਉਨ੍ਹਾ ਕਿਹਾ ਸੀ, 'ਵਿਕਾਸ ਸ਼ਬਦ ਦਾ ਅਰਥ ਹੀ ਇਸ ਦੇ ਅਸਲ ਮੰਤਵ ਅਤੇ ਅਸਲ ਮਤਲਬ ਤੋਂ ਕੋਹਾਂ ਦੂਰ ਰਹੇਗਾ, ਜਿੰਨਾ ਚਿਰ ਤੱਕ ਭਾਰਤ ਦੇ ਹਰ ਇੱਕ ਬੱਚੇ ਨੂੰ ਮੁਫ਼ਤ, ਜ਼ਰੂਰੀ ਅਤੇ ਗੁਣਾਤਮਕ ਸਿੱਖਿਆ ਲਈ ਲੋੜੀਂਦੇ ਕਾਫ਼ੀ ਫੰਡ ਉਪਲੱਬਧ ਨਹੀਂ ਕਰਵਾਏ ਜਾਂਦੇ।' ਆਸ ਕਰਦੇ ਹਾਂ ਕਿ ਭਾਰਤੀ ਜਨ ਸਮੂਹ ਸਮੁੱਚੇ ਰੂਪ ਵਿੱਚ ਵੋਟਾਂ ਮੰਗਣ ਵਾਲੇ ਉਮੀਦਵਾਰਾਂ ਨਾਲ ਇਸ ਕੇਂਦਰੀ ਮੁੱਦੇ ਨੂੰ ਜ਼ਰੂਰ ਸਾਂਝਾ ਕਰਨਗੇ।

**# ਸੰਪਰਕ : 94177-51888**

# ਨਸਲਕੁਸ਼ੀ ਵੱਲ ਵਧਦਾ ਪੰਜਾਬ

**ਕਸ਼ਮੀਰ ਸਿੰਘ ਕਾਦੀਆਂ**

ਪੰਜਾਬ ਅੰਦਰ ਫਸਲਾਂ ਦੀ ਵੱਧ ਪੈਦਾਵਾਰ ਲਈ ਜ਼ਰੂਰਤ ਤੋਂ ਜ਼ਿਆਦਾ ਜ਼ਹਿਰੀਲੀਆਂ ਕੀਟਨਾਸ਼ਕ ਰੇਆਂ, ਸਪਰੇਆਂ ਅਤੇ ਖਾਦਾਂ ਦੀ ਵਰਤੋਂ ਨਾਲ ਪੰਜਾਬ ਦੇ ਪ੍ਰਦੂਸ਼ਤ ਹੋ ਚੁੱਕੇ ਧਰਤੀ ਹੇਠਲੇ ਪਾਣੀ, ਜ਼ਹਿਰੀਲੀ ਧਰਤੀ ਅਤੇ ਗੰਧਲਾ ਵਾਤਾਵਰਨ ਮਨੁੱਖੀ ਸਿਹਤ ਦੇ ਨਾਲ-ਨਾਲ ਧਰਤੀ ਨੂੰ ਕਿਸ ਦਿਸ਼ਾ ਵੱਲ ਲਿਜਾਏਗਾ।

ਧਰਤੀ ਉੱਤੇ ਰਸਾਇਣਕ ਖਾਦਾਂ, ਕੀਟਨਾਸ਼ਕ ਅਤੇ ਨਦੀਨ-ਨਾਸ਼ਕ ਦੀ ਲਗਾਤਾਰ ਹੋ ਰਹੀ ਵਧੇਰੇ ਵਰਤੋਂ ਨਾਲ ਪੰਜਾਬ ਇੱਕ ਮਰੀ ਹੋਈ ਸੱਭਿਅਤਾ ਵੱਲ ਵਧਦਾ ਜਾ ਰਿਹਾ ਹੈ।

ਪੰਜਾਬ ਦੇ ਕਈ ਪਿੰਡ ਅਜਿਹੇ ਹਨ, ਜਿੱਥੇ ਪੀਣ ਯੋਗ ਪਾਣੀ ਨਾ ਹੋਣ ਕਾਰਨ ਪ੍ਰਦੂਸ਼ਤ ਪਾਣੀ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਇਨ੍ਹਾਂ ਪਿੰਡਾਂ ਵਿਚਲੀ ਸਮੱਸਿਆ ਸਿਆਸੀ ਪਾਰਟੀਆਂ ਲਈ ਕੋਈ ਮੁੱਦਾ ਨਹੀਂ ਰਹੀ, ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਵਿਕਾਸ ਦੱਸਣ ਵਾਲੀਆਂ ਸਿਆਸੀ ਪਾਰਟੀਆਂ ਵੱਲੋਂ ਕੈਂਸਰ ਪੀੜਤਾਂ ਦੀ ਕੋਈ ਸਾਰ ਨਹੀਂ ਲਈ ਜਾਂਦੀ। ਵਰਲਡ ਹੈੱਲਥ ਆਰਗੇਨਾਈਜ਼ੇਸ਼ਨ ਨੇ ਸਪੱਸ਼ਟ ਕਰ ਦਿੱਤਾ ਕਿ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਸਾਡੇ ਦੁਆਰਾ ਵੱਡੇ ਪੱਧਰ 'ਤੇ ਕੀਤੀਆਂ ਜਾ ਰਹੀਆਂ ਬੇਲੋੜੀਆਂ ਅਤੇ ਜ਼ਰੂਰਤ ਤੋਂ ਜ਼ਿਆਦਾ ਕੀਤੀ ਜਾਂਦੀ ਜ਼ਹਿਰੀਲੀਆਂ ਸਪਰੇਆਂ ਦੀ ਵਰਤੋਂ, ਫੈਕਟਰੀਆਂ ਵਿੱਚੋਂ ਨਿਕਲਦੇ ਜ਼ਹਿਰੀਲੇ ਗੰਧਲੇ ਪਾਣੀ ਨੂੰ ਧਰਤੀ ਹੇਠ ਸੁੱਟਣ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਜਾਣ ਨਾਲ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ, ਜਿਵੇਂ ਗੁਰਦਿਆਂ ਦਾ ਖ਼ਰਾਬ ਹੋਣਾ, ਚਮੜੀ ਰੋਗ, ਫੇਫੜੇ ਅਤੇ ਕੈਂਸਰ ਆਦਿ ਵਰਗੀਆਂ ਬਿਮਾਰੀਆਂ ਨਾਲ ਮਨੁੱਖੀ ਜੀਵਨ ਜਕੜਿਆ ਜਾ ਰਿਹਾ ਹੈ। ਮਨੁੱਖ ਨੇ ਆਪਣੇ ਸਵਾਰਥਾਂ ਲਈ ਜਿਥੇ ਵਾਤਾਵਰਨ ਸਮੇਤ ਧਰਤੀ ਹੇਠਲੇ ਪਾਣੀ, ਹਵਾ ਆਦਿ ਨੂੰ ਬੇਲੋੜੀਆਂ ਰਸਾਇਣਕ ਖਾਦਾਂ, ਸਪਰੇਆਂ ਦੀ ਵਰਤੋਂ ਕਰਨ ਨਾਲ ਪ੍ਰਦੂਸ਼ਤ ਕਰਕੇ ਮਨੁੱਖੀ ਜੀਵਨ ਦੀ ਹੋਂਦ ਨੂੰ ਖ਼ਤਰੇ ਵਿੱਚ ਪਾਉਂਦੇ ਹੋਏ ਕੋਈ ਕਸਰ ਬਾਕੀ ਨਹੀਂ ਛੱਡੀ, ਉਥੇ ਹੀ ਜੀਵ-ਜੰਤੂ, ਪਸ਼ੂ-ਪੰਛੀ ਆਦਿ ਦੀ ਹੋਂਦ ਨੂੰ ਵੀ ਖ਼ਤਰੇ ਵਿੱਚ ਪਾਇਆ ਜਾ ਰਿਹਾ ਹੈ।

ਸਿਰਫ ਗੱਲ ਇਕੱਲੇ ਪੰਜਾਬ ਦੀ ਹੀ ਕਰ ਲਈਏ ਤਾਂ ਪਿਛਲੇ 70 ਸਾਲਾਂ ਤੋਂ ਭਾਰਤ ਦੀਆਂ ਲੋੜਾਂ ਸਮੇਤ ਦੁਨੀਆਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਫਾਇਦਾ ਪਹੁੰਚਾਉਣ ਲਈ ਪੰਜਾਬ ਦੇ ਲੋਕ ਹਿੱਤਾਂ ਸਮੇਤ ਵਾਤਾਵਰਣ ਨੂੰ ਵਿਕਾਸ ਦੀ ਥਾਂ ਵਿਨਾਸ਼ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ।ਇਹ ਸਾਰਾ ਕੁਝ ਇੱਕ ਦਿਨ ਵਿੱਚ ਪੈਦਾ ਨਹੀਂ ਹੋਇਆ, ਇਹ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਮੇਤ ਪੂਰੇ ਭਾਰਤ ਅਤੇ ਸੰਸਾਰ ਵੱਲੋਂ ਅਪਣਾਏ ਗਏ ਆਰਥਕ ਵਿਕਾਸ ਦੀ ਦਿਸ਼ਾ ਦਾ ਹੀ ਸਿੱਟਾ ਹੈ, ਜਿਸ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਅਤੇ ਵੱਧ ਤੋਂ ਵੱਧ ਪਦਾਰਥਾਂ ਦੀ ਖਪਤ ਦੀ ਦੌੜ ਦਾ ਚੱਕਰ ਹੀ ਅਸਲ ਵਿੱਚ ਵਿਕਾਸ ਦਾ ਨਾਂਅ ਹੈ। ਇਸ ਵਿਕਾਸ ਦੀ ਤੇਜ਼ ਰਫ਼ਤਾਰੀ ਦੇ ਕਾਰਨ ਜਿਹੜੀ ਧੁੰਦ, ਧੂੰਆਂ ਪੈਦਾ ਹੋ ਰਿਹਾ ਹੈ, ਉਸ ਨੇ ਸੱਚੀਮੁੱਚੀ ਇਸ ਧਰਤੀ ਉੱਪਰ ਜੀਵ-ਜੰਤੂਆਂ ਅਤੇ ਮਨੁੱਖ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ।ਪੰਜਾਬ ਦਾ ਮੌਜੂਦਾ ਵਿਕਾਸ ਪੰਜਾਬ ਦੇ ਦਰਿਆਵਾਂ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰ ਰਿਹਾ ਹੈ। ਦਰਿਆ ਪਲੀਤ ਹੋ ਗਏ ਹਨ। ਦਰਿਆਵਾਂ ਵਿੱਚ ਵੱਸਦੇ ਜੀਵ-ਜੰਤੂ ਖਤਮ ਹੋ ਰਹੇ ਹਨ।ਹਵਾ ਦਾ ਪ੍ਰਦੂਸ਼ਣ ਸਾਹ ਲੈਣ ਦੇ ਕਾਬਲ ਨਹੀਂ ਰਿਹਾ। ਪੰਜਾਬ ਵਿੱਚੋਂ ਬਹੁਤ ਸਾਰੇ ਜੰਗਲ ਤਾਂ ਪਹਿਲਾਂ ਹੀ ਖਤਮ ਕੀਤੇ ਜਾ ਚੁੱਕੇ ਹਨ, ਪਰ ਹੁਣ ਸੜਕਾਂ ਚੌੜੀਆਂ ਕਰਨ ਦੇ ਬਹਾਨੇ ਪੰਛੀਆਂ ਦਾ ਵਸੇਬਾ ਬਣੇ ਸੜਕਾਂ ਕਿਨਾਰੇ ਲੱਗੇ ਦਰੱਖਤ ਖਤਮ ਕੀਤੇ ਜਾ ਰਹੇ ਹਨ ਅਤੇ ਇਹਨਾਂ ਦਰੱਖਤਾਂ ਦੀ ਥਾਂ ਨਵੇਂ ਦਰੱਖਤ ਜਾਂ ਤਾਂ ਲਗਾਏ ਨਹੀਂ ਜਾ ਰਹੇ, ਜੇ ਲਗਾਏ ਜਾ ਰਹੇ ਹਨ ਤਾਂ ਉਹ ਸੁਚੱਜੇ ਢੰਗ ਨਾਲ ਪਾਲੇ ਨਹੀਂ ਜਾ ਰਹੇ। ਪੰਜਾਬ ਦੇ ਰਿਵਾਇਤੀ ਰੁੱਖ ਟਾਹਲੀਆਂ, ਕਿੱਕਰਾਂ ,ਫਲਾਹੀਆਂ ਆਦਿ ਵਗੈਰਾ ਲਗਾਤਾਰ ਸੁੱਕ ਰਹੇ ਹਨ।

ਮਾਹਰਾਂ ਮੁਤਾਬਿਕ ਇਹ ਸਿਲਸਲਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਆਉਂਦੇ ਕੁਝ ਸਾਲਾਂ ਤੱਕ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ ਏਨਾ ਨੀਵਾਂ ਹੋ ਜਾਵੇਗਾ ਕਿ ਟਿਊਬਵੈੱਲ ਪਾਣੀ ਚੁੱਕਣਾ ਛੱਡ ਦੇਣਗੇ। ਹਾਲ ਵਿਚ ਹੀ ਰੋਪੜ ਦੇ ਪਿੰਡ ਹੀਰਪੁਰ ਵਿੱਚੋਂ ਵੀ ਖਬਰਾਂ ਆ ਰਹੀਆਂ ਹਨ ਕਿ ਉਥੇ ਟਿਊਬਵੈੱਲ ਅਤੇ ਨਲਕੇ ਪਾਣੀ ਖਿੱਚਣਾ ਬੰਦ ਕਰ ਰਹੇ ਹਨ।

ਪੰਜਾਬ ਤੋਂ ਦਰਿਆਈ ਪਾਣੀ ਖੋਹਣਾ ਅਤੇ ਪੰਜਾਬ ਵਿੱਚ ਅਨਾਜ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਜਿਹੜਾ ਕੇਂਦਰ ਦੀਆਂ ਹਦਾਇਤਾਂ 'ਤੇ ਝੋਨੇ ਦੀ ਫਸਲ ਦਾ ਤੋਰਾ ਤੋਰਿਆ ਗਿਆ, ਇਹ ਸਭ ਉਸ ਦਾ ਸਿੱਟਾ ਹੈ। ਚਾਹੀਦਾ ਤਾਂ ਇਹ ਸੀ ਕਿ ਝੋਨੇ ਦੀ ਫਸਲ ਅਤੇ ਪੰਜਾਬ ਤੋਂ ਖੋਹੇ ਗਏ ਦਰਿਆਈ ਪਾਣੀਆਂ ਨੇ ਪੰਜਾਬ ਦੇ ਕਿਸਾਨਾਂ ਦਾ ਅਤੇ ਸਮੁੱਚੇ ਤੌਰ 'ਤੇ ਪੰਜਾਬ ਦਾ ਜਿੰਨਾ ਨੁਕਸਾਨ ਕੀਤਾ, ਉਸ ਦੇ ਬਦਲੇ ਕੇਂਦਰ ਸਰਕਾਰ ਅਰਬਾਂ ਰੁਪਏ ਹਰਜਾਨਾ ਦਿੰਦੀ ,ਪਰ ਉਲਟਾ ਹੋ ਇਹ ਰਿਹਾ ਹੈ ਕਿ ਜਦੋਂ ਦੂਜੇ ਰਾਜਾਂ ਦੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਨੂੰ ਪੈਕੇਜ ਦਿੱਤੇ ਜਾ ਰਹੇ ਹਨ ਅਤੇ ਪੰਜਾਬ ਨੂੰ ਇਹ ਵੀ ਨਸੀਬ ਨਹੀਂ ਹੋ ਰਿਹਾ। ਅਸਲ ਵਿੱਚ ਇਸ ਮਸਲੇ ਨੂੰ ਸਮੁੱਚੇ ਰੂਪ ਵਿੱਚ ਵੇਖਣ ਦੀ ਅਤੇ ਸਾਹਮਣੇ ਰੱਖਣ ਦੀ ਲੋੜ ਹੈ, ਇਸ ਦੇ ਨਾਲ ਹੀ ਵਿਕਾਸ ਦੇ ਬਦਲਵੇਂ ਮਾਡਲ ਵੱਲ ਤੁਰਨ ਦੀ ਲੋੜ ਹੈ। ਅਜਿਹੇ ਵਿਕਾਸ ਮਾਡਲ ਜਿਸ ਨਾਲ ਪੰਜਾਬ ਦਾ ਕੁਦਰਤੀ ਆਲਾ-ਦੁਆਲਾ ਤੰਦਰੁਸਤ ਹੋਵੇ, ਪੰਜਾਬ ਦੇ ਧਰਤੀ ਹੇਠਲੇ ਅਤੇ ਧਰਤੀ ਉੱਪਰਲੇ ਪਾਣੀ ਸਾਫ਼-ਸੁਥਰੇ ਰਹਿਣ ਅਤੇ ਪ੍ਰਦੂਸ਼ਣ ਇਨ੍ਹਾਂ ਨੂੰ ਛੂਹ ਤੱਕ ਨਾ ਸਕੇ।

ਇਸ ਲਈ ਪੰਜਾਬ ਵਿੱਚ ਬਦਲਵੀਂ ਲੋਕਪੱਖੀ ਸਿਆਸਤ ਨੂੰ ਉਭਾਰਨ ਵਾਲੇ ਬੁੱਧੀਜੀਵੀ ਅਤੇ ਇਸ ਨਾਲ ਜੁੜੀਆਂ ਕਿਸਾਨ ਸੰਸਥਾਵਾਂ ਨੂੰ ਸਾਹਮਣੇ ਆਉਣਾ ਚਾਹੀਦਾ। ਜੇ ਅਸੀਂ ਪਾਣੀ, ਹਵਾ ਅਤੇ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣਾ ਹੈ ਤਾਂ ਆਪਣੇ ਸਵਾਰਥਾਂ ਨੂੰ ਤਿਆਗਦੇ ਹੋਏ ਇਸ ਨੂੰ ਜ਼ਹਿਰੀਲੀ ਹੋਣ ਤੋਂ ਬਚਾਉਣ ਲਈ ਹਰ ਉਹ ਹੀਲਾ ਵਰਤਦੇ ਹੋਏ ਜਿਥੇ ਇਸ ਨੂੰ ਜ਼ਹਿਰਾਂ ਤੋਂ ਮੁਕਤ ਕਰਨ ਦੇ ਨਾਲ ਨਾਲ ਧਰਤੀ ਹੇਠਲੇ ਪਾਣੀ ਹੋਰ ਥੱਲੇ ਜਾਣ ਤੋਂ ਰੋਕਣ ਲਈ ਜਿਵੇਂ 'ਡੁਬਦੇ ਨੂੰ ਤਿਨਕੇ ਦੇ ਸਹਾਰੇ' ਵਾਂਗ ਅੱਜ ਪੰਜਾਬ ਦੇ ਆਵਾਮ ਨੂੰ ਜਿਥੇ ਸਰਕਾਰਾਂ, ਬੁੱਧੀਜੀਵੀਆਂ, ਸਮਾਜ ਸੇਵੀਆ ਦੇ ਨਾਲ-ਨਾਲ ਸਾਰੇ ਧਰਮ ਗੁਰੂਆਂ ਨੂੰ ਵੀ ਇਹਨਾਂ ਪੈਸੇ ਦੀ ਅੰਨ੍ਹੀ ਦੌੜ ਵਿਚ ਗੁਆਚੇ ਦਿਨ-ਰਾਤ ਵੱਧ ਪੈਦਾਵਾਰ ਲਈ ਰੇਆ, ਸਪਰੇਆਂ ਦਾ ਛਿੜਕਾਅ ਕਰਨ ਦੇ ਚੱਕਰ ਵਿੱਚ ਫ਼ਸੇ ਲੋਕਾਂ ਨੂੰ ਬਾਹਰ ਕੱਢਣ ਲਈ ਆਪਣੇ ਏ ਸੀ ਕਮਰਿਆਂ ਨੂੰ ਤਿਆਗਦੇ ਹੋਏ ਸਮੁੱਚੀ ਮਨੁੱਖਤਾ ਦੇ ਨਾਲ-ਨਾਲ ਹਵਾ, ਪਾਣੀ, ਰੁੱਖ, ਜੀਵ-ਜੰਤੂ, ਪਸ਼ੂ, ਪੰਛੀ ਆਦਿ ਨੂੰ ਬਚਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਹੋਏ, ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਨਸ਼ਲਕੁਸ਼ੀ ਹੋਣ, ਮੂੰਹ ਅੱਡੀ ਕੈਂਸਰ ਵਰਗੇ ਦੈਂਤ ਤੋਂ ਬਚਾਉਣ ਆਦਿ ਤੋਂ ਇਲਾਵਾ ਲੋਕਾਂ ਨੂੰ ਇਸ ਤਬਾਹੀ ਵਾਲੇ ਰਸਤੇ ਜਾਣ ਤੋਂ ਰੋਕਣ ਲਈ ਹਰ ਹੀਲਾ ਵਰਤਦੇ ਹੋਏ ਗੁਰੂਆਂ ,ਪੀਰਾਂ, ਪੈਗੰਬਰਾਂ, ਯੋਧਿਆਂ, ਸੂਰਬੀਰਾਂ, ਬਹਾਦਰਾਂ ਆਦਿ ਦੀ ਜਨਮ ਭੂਮੀ ਨੂੰ ਬਚਾ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰੇ ਵਾਤਾਵਰਨ ਸਮੇਤ ਸ਼ੁੱਧ ਪਾਣੀ ਆਦਿ ਸਮੇਤ ਆਪਣੀ ਹੋਂਦ ਨੂੰ ਬਚਾਉਣ ਲਈ ਵੱਡੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

**# ਸੰਪਰਕ : 78379-17054**

**ਸ਼ਹੀਦੀ ਸਮਾਗਮ 'ਤੇ ਵਿਸ਼ੇਸ਼**

# ਸੇਵੇਵਾਲਾ ਕਾਂਡ ਦੇ ਲਹੂ ਦੀ ਜਗਦੀ ਲੋਅ

**ਅਮੋਲਕ ਸਿੰਘ**

9 ਅਪ੍ਰੈਲ 1991ਦਾ ਦਿਹਾੜਾ ਸੀ, ਜਦੋਂ ਜਲ੍ਹਿਆਂਵਾਲਾ ਬਾਗ ਦੀ ਖ਼ੂਨੀ ਵਿਸਾਖੀ ਮੁੜ ਦੁਹਰਾਈ ਗਈ। ਜੈਤੋ ਲਾਗੇ ਪਿੰਡ ਸੇਵੇਵਾਲ ਵਿਖੇ ਮਜ਼ਦੂਰ ਧਰਮਸ਼ਾਲਾ ਦੀ ਚਾਰਦੀਵਾਰੀ ਅੰਦਰ 'ਅੰਨ੍ਹੇ ਨਿਸ਼ਾਨਚੀ' ਨਾਟਕ ਦੇਖਣ ਆਏ ਲੋਕਾਂ ਉੱਪਰ ਅੰਨ੍ਹੇ ਨਿਸ਼ਾਨਚੀਆਂ ਨੇ ਗੋਲੀਆਂ ਦੀ ਵਾਛੜ ਕਰ ਦਿੱਤੀ। ਜਲ੍ਹਿਆਂਵਾਲਾ ਬਾਗ ਅੰਦਰ 13 ਅਪ੍ਰੈਲ 1919 ਨੂੰ ਖ਼ੂਨੀ ਹੋਲੀ ਖੇਡੇ ਜਾਣ ਦੇ ਦਿਹਾੜੇ ਤੋਂ ਚਾਰ ਦਿਨ ਪਹਿਲਾਂ 9 ਅਪ੍ਰੈਲ 1991 ਨੂੰ ਸੇਵੇਵਾਲਾ ਦੀ ਧਰਮਸ਼ਾਲਾ ਵਿੱਚ ਖ਼ੂਨ ਦੇ ਛੱਪੜ ਲਗਾ ਦਿੱਤੇ।

ਇਹ ਕਾਤਲੀ ਗਰੋਹ ਭਾਵੇਂ ਸੱਤ ਸਮੁੰਦਰ ਪਾਰ ਤੋਂ ਨਹੀਂ ਸੀ ਆਏ, ਪਰ ਇਨ੍ਹਾਂ ਅੰਦਰ ਡਾਇਰਾਂ, ਉਡਵਾਇਰਾਂ ਦੀ ਰੂਹ ਖ਼ੂਨੀ ਨਾਚ ਨੱਚ ਰਹੀ ਸੀ। ਲੋਕਾਂ ਦੀ ਜ਼ੁਬਾਨਬੰਦੀ ਕਰਨ, ਲੋਕਾਂ ਦੇ ਖਾਣ-ਪੀਣ, ਪਹਿਨਣ-ਪਚਰਨ, ਲਿਖਣ-ਬੋਲਣ ਉਪਰ 'ਕੋਡ ਆਫ਼ ਕੰਡਕਟ' ਮੜ੍ਹਨ ਵਾਲੇ ਟੋਲਿਆਂ ਨੂੰ ਲੋਕਾਂ ਦੀ ਧਰਮ-ਨਿਰਪੱਖ, ਜਮਹੂਰੀ ਇਨਕਲਾਬੀ ਲਹਿਰ ਵੱਲੋਂ ਮਿਲਦੀ ਚੁਣੌਤੀ ਰੜਕ ਰਹੀ ਸੀ। ਉਹ ਲੋਕ-ਤਾਕਤ ਦੀਆਂ ਲੜੀਆਂ ਅਤੇ ਕੜੀਆਂ ਭੰਨ ਸੁੱਟਣ ਲਈ ਅੱਗ ਤੋਂ ਲਿਟ ਰਹੇ ਸਨ।

ਉਨ੍ਹਾਂ ਜਬਰ 'ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਪੰਜਾਬ ਦੀ ਜੈਤੋ ਟਿਕਾਈ ਵੱਲੋਂ ਸੇਵੇਵਾਲਾ ਦੀ ਮਜ਼ਦੂਰ ਧਰਮਸ਼ਾਲਾ 'ਚ ਹੋ ਰਹੇ ਸਮਾਗਮ ਉੱਪਰ ਬੰਬਾਂ ਅਤੇ ਬੰਦੂਕਾਂ ਨਾਲ਼ ਹੱਲਾ ਬੋਲ ਦਿੱਤਾ। ਨਾਟਕ 'ਅੰਨ੍ਹੇ ਨਿਸ਼ਾਨਚੀ' ਹੋਣ ਉਪਰੰਤ ਜਦੋਂ ਫਰੰਟ ਦੇ ਕਨਵੀਨਰ ਇਹਨਾਂ ਸਤਰਾਂ ਦੇ ਲੇਖਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ, ਉਸ ਵੇਲੇ ਫੌਜੀ ਵਰਦੀਆਂ ਦਾ ਭੁਲੇਖਾ ਦੇ ਕੇ ਆਏ ਕਾਤਲੀ ਗਰੋਹ ਨੇ ਬੰਬਾਂ ਅਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ।

ਘਟਨਾ ਸਥਾਨ 'ਤੇ ਹੀ ਫਰੰਟ, ਇਨਕਲਾਬੀ ਜਮਹੂਰੀ ਲਹਿਰ ਦੇ ਸਿਰਕੱਢ ਆਗੂਆਂ ਅਤੇ ਸਰਗਰਮ ਕਾਮਿਆਂ ਸਮੇਤ 18 ਮਰਦ-ਔਰਤਾਂ ਨੂੰ ਸ਼ਹੀਦ ਕਰ ਦਿੱਤਾ। ਫਰੰਟ ਆਗੂ ਮੇਘ ਰਾਜ ਭਗਤੂਆਣਾ, ਜਗਪਾਲ ਸੇਲਬਰਾਹ, ਗੁਰਜੰਟ ਢਿੱਲਵਾਂ, ਮਾਂ ਸਦਾ ਕੌਰ ਸਮੇਤ ਸ਼ਹੀਦੀ ਜਾਮ ਪੀਣ ਵਾਲੇ ਆਪਣੇ ਲਹੂ ਸੰਗ ਇਨ੍ਹਾਂ ਬੋਲਾਂ ਨੂੰ ਹੋਰ ਗੂੜ੍ਹਾ ਕਰ ਗਏ:

*'ਹਰ ਮਿੱਟੀ ਦੀ ਆਪਣੀ ਖ਼ਸਲਤ,*
*ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ।*
*ਸਿਦਕ ਸਾਡੇ ਨੇ ਕਦੇ ਮਰਨਾ ਨਹੀਂ,*
*ਸੱਚ ਦੇ ਸੰਗਰਾਮ ਨੇ ਹਰਨਾ ਨਹੀਂ।'*

ਸ਼ਹਾਦਤ ਪਾਉਣ ਵਾਲੇ ਜੁਝਾਰੂ ਸਿਦਕ ਦਿਲੀ ਨਾਲ ਜੂਝ ਮਰੇ। ਉਨ੍ਹਾਂ ਦੇ ਮਾਪੇ, ਜੀਵਨ-ਸਾਥਣਾਂ, ਪਰਵਾਰ ਦੇ ਮੈਂਬਰ ਅਤੇ ਜਥੇਬੰਦੀਆਂ ਦੇ ਕਾਮੇ ਇਸ ਚੁਣੌਤੀ ਨੂੰ ਪ੍ਰਵਾਨ ਕਰਕੇ ਪਲਾਂ-ਛਿਣਾਂ ਵਿਚ ਘਟਨਾ ਸਥਾਨ 'ਤੇ ਪੁੱਜੇ ਅਤੇ ਜ਼ਿੰਦਗੀ ਭਰ ਹੱਕੀ ਸੰਘਰਸ਼ ਦਾ ਪਰਚਮ ਬੁਲੰਦ ਰੱਖਣ ਲਈ ਮੈਦਾਨ 'ਚ ਨਿੱਤਰੇ। ਸੇਵੇਵਾਲਾ, ਭਗਤੂਆਣਾ, ਢਿੱਲਵਾਂ, ਸੇਲਬਰਾਹ, ਰਾਮਪੁਰਾ ਫੂਲ, ਚੜ੍ਹੀ, ਭਮਾਂ , ਭੋਇੰਪੁਰ, ਪੰਜੇਟਾ, ਦੋਰਾਹਾ, ਘੁਡਾਣੀ ਕਲਾਂ ਸਮੇਤ ਅਨੇਕਾਂ ਥਾਵਾਂ 'ਤੇ ਸਮਾਗਮ ਹੋਏ। ਜੈਤੋ ਵਿਖੇ ਇਤਿਹਾਸਕ ਸੂਹਾ ਮਾਰਚ ਹੋਇਆ। ਖ਼ੂਨੀ ਦਰਿੰਦਿਆਂ ਵੱਲੋਂ ਦਹਿਲ ਬਿਠਾਉਣ, ਸੱਚ ਦੀ ਆਵਾਜ਼ ਦੀ ਸੰਘੀ ਨੱਪਣ ਅਤੇ ਆਪਣੀਆਂ ਮਨਆਈਆਂ ਕਰਨ ਲਈ ਸਾਰੇ ਰਾਹ ਮੋਕਲੇ ਕਰਨ ਦੇ ਮਨਸੂਬੇ ਜਾਗਦੇ ਲੋਕਾਂ ਨੇ ਧੂੜ 'ਚ ਮਿਲਾ ਕੇ ਰੱਖ ਦਿੱਤੇ।

ਕਾਤਲੀ ਗਰੋਹ ਧਮਕੀ ਭਰੀ ਚਿੱਠੀ ਖ਼ੂਨੀ ਕਾਂਡ ਰਚਾਉਣ ਉਪਰੰਤ ਜਾਂਦੇ ਹੋਏ ਘਟਨਾ ਸਥਾਨ 'ਤੇ ਸੁੱਟ ਕੇ ਗਏ। ਮਹਾਨ ਇਨਕਲਾਬੀ ਵਿਰਾਸਤ ਨੂੰ ਪ੍ਰਣਾਈ ਧਰਤੀ ਜਾਇਆਂ ਨੇ ਸਾਬਤ ਕਰ ਦਿੱਤਾ ਕਿ ਅਜੇਹੀਆਂ ਧਮਕੀਆਂ ਨੂੰ ਸਾਡੇ ਸੂਝਵਾਨ, ਜਾਗਦੇ ਅਤੇ ਜੂਝਦੇ ਲੋਕ ਮਸਲ ਦੇਣਾ ਜਾਣਦੇ ਨੇ। ਇਹ ਚਿੱਠੀ, ਬੇਜ਼ਮੀਨੇ ਮਜ਼ਦੂਰ ਭਾਈਚਾਰੇ ਵੱਲ ਸੇਧਤ ਸੀ,




'ਤੁਸੀਂ ਫਰੰਟ ਵਾਲਿਆਂ ਦਾ ਸਾਥ ਛੱਡ ਦਿਓ, ਨਹੀਂ ਤਾਂ ਹੋਰ ਵੀ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣਾ।'

ਇਹ ਚਿੱਠੀ ਡਾਕਟਰ ਸੋਹਣ ਸਿੰਘ ਵਾਲੀ ਪੰਥਕ ਕਮੇਟੀ ਵੱਲੋਂ ਜਾਰੀ ਕੀਤੀ ਗਈ। ਇਸ ਚਿੱਠੀ ਉਪਰ ਪਰਮਜੀਤ ਸਿੰਘ ਪੰਜਵੜ, ਸੁਖਦੇਵ ਸਿੰਘ ਬੱਬਰ, ਵੱਸਣ ਸਿੰਘ ਜ਼ਫ਼ਰਵਾਲ, ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ਾ ਅਤੇ ਰਛਪਾਲ ਸਿੰਘ ਛੰਦੜਾਂ ਦੇ ਦਸਤਖ਼ਤ ਕੀਤੇ ਹੋਏ ਸਨ।

ਇਸ ਰੋਜ਼ ਇਕ ਖ਼ੂਨੀ ਹਮਲਾ ਬੰਬਾਂ, ਏ. ਕੇ. 47 ਦਾ ਸੀ, ਦੂਜਾ ਹਮਲਾ ਗਿਣੇ-ਮਿਥੇ ਹੋਛੇ ਕੂੜ ਪ੍ਰਚਾਰ ਦਾ ਸੀ। ਵਕਤ ਦੀਆਂ ਘੜੀਆਂ ਨੇ ਸਾਬਤ ਕਰ ਦਿੱਤਾ ਕਿ ਕੋਈ ਵੀ ਹਥਿਆਰਾਂ, ਕਾਨੂੰਨਾਂ ਜਾਂ ਸੱਤਾ ਦੇ ਜ਼ੋਰ ਨਾਲ ਸੱਚ ਨੂੰ ਦਫ਼ਨ ਨਹੀਂ ਕਰ ਸਕਦਾ।

ਲੋਕਾਂ ਦੀ ਧਿਰ ਮਜ਼ਬੂਤ ਤਾਕਤ ਦੇ ਕਿਲ੍ਹੇ ਉਸਾਰਨ ਵੱਲ ਹੋਰ ਵੀ ਗੰਭੀਰਤਾ ਨਾਲ ਕਦਮ ਵਧਾਰਾ ਕਰਨ ਲੱਗੀ। ਜਿਨ੍ਹਾਂ ਪਿੰਡਾਂ ਅੰਦਰ ਕਿਸੇ ਵੇਲੇ ਵਿਦਿਆਰਥੀ ਯੂਨੀਅਨਾਂ, ਨਾਟਕ ਅਤੇ ਗੀਤ-ਸੰਗੀਤ ਮੰਡਲੀਆਂ ਬੇਰੁਜ਼ਗਾਰ ਅਤੇ ਮੁਲਾਜ਼ਮ ਜਥੇਬੰਦੀਆਂ ਚੇਤਨਾ ਦੇ ਬੀਜ ਬੀਜਦੀਆਂ ਅਤੇ 'ਸੰਘਰਸ਼ ਬਿਨਾਂ ਕੋਈ ਚਾਰਾ ਨਹੀਂ' ਦੇ ਵਿਚਾਰਾਂ ਦਾ ਚਾਨਣ ਵੰਡਦੀਆਂ ਸਨ, ਉਨ੍ਹਾਂ ਪਿੰਡਾਂ ਅੰਦਰ ਬੇਜ਼ਮੀਨੇ ਅਤੇ ਕਿਸਾਨ ਹਿੱਸੇ ਪਹਿਲਾਂ ਨਾਲੋਂ ਕਿਤੇ ਵੱਧ ਸ਼ਿੱਦਤ ਨਾਲ ਜੱਥੇਬੰਦ ਹੋਣ ਲੱਗੇ ਤੇ ਆਪਣੇ ਦੁੱਖਾਂ ਦਾ ਓਹੜ-ਪੋਹੜ ਕਰਨ ਲੱਗੇ। ਮਜ਼ਬੂਤ ਲੋਕ ਲਹਿਰ ਬਾਰੇ ਹੀਲੇ ਜੁਟਾਉਣ ਦੇ ਯਤਨਾਂ ਨੂੰ ਜ਼ਰਬਾਂ ਦੇਣ ਲੱਗੇ।

ਫਿਰਕੂ ਫਾਸ਼ੀ ਹੱਲੇ ਦੇ ਨਾਲ ਹੀ ਸਾਮਰਾਜੀ ਕਾਰਪੋਰੇਟ ਘਰਾਨਿਆਂ, ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਸਥਾ ਅਤੇ ਉਨ੍ਹਾਂ ਦੇ ਯਾਰ ਦੇਸੀ ਘਰਾਨਿਆਂ ਦੇ ਚੌਤਰਫ਼ੇ ਹੱਲੇ ਨੇ ਲੋਕਾਂ ਦੀ ਜ਼ਿੰਦਗੀ ਸੂਲੀ ਟੰਗ ਦਿੱਤੀ। ਦਮ ਘੁੱਟਵੇਂ ਹਾਲਾਤ ਦੀ ਕੁੱਖ ਵਿੱਚ ਪਲ਼ਦੀਆਂ ਨਾਬਰੀ ਅਤੇ ਵਿਦਰੋਹ ਦੀਆਂ ਤਰੰਗਾਂ ਜੋਬਨ ਰੁੱਤ ਵੱਲ ਕਰਵਟ ਲੈਣ ਲੱਗੀਆਂ।

ਸਦਕੇ ਜਾਈਏ ਉਨ੍ਹਾਂ ਲੋਕ-ਕਾਫ਼ਲਿਆਂ ਦੇ, ਜਿਹਨਾਂ ਨੇ ਵੰਨ-ਸੁਵੰਨੇ ਸੂਖ਼ਮ ਅਤੇ ਖੁੱਲ੍ਹਮ-ਖੁੱਲ੍ਹੇ ਵਾਰਾਂ ਨੂੰ ਪਛਾੜਣ ਲਈ ਬਹੁਤ ਹੀ ਸੂਝ-ਬੂਝ, ਸਿਰੜ, ਸਿਦਕ ਅਤੇ ਲੰਮਾ ਦਮ ਰੱਖਵੀਆਂ ਜਨਤਕ ਜਮਹੂਰੀ ਇਨਕਲਾਬੀ ਲਹਿਰਾਂ ਦੀ ਉਸਾਰੀ ਲਈ ਲੱਕ ਬੰਨ੍ਹਵੀਂ ਮਿਹਨਤ ਕੀਤੀ। ਮਜ਼ਦੂਰ, ਕਿਸਾਨ, ਬੇਰੁਜ਼ਗਾਰ ਠੇਕਾ ਕਾਮੇ, ਕੱਚੇ-ਪੱਕੇ ਮੁਲਾਜ਼ਮ, ਔਰਤਾਂ, ਨੌਜਵਾਨ, ਵਿਦਿਆਰਥੀ, ਰੰਗ ਕਰਮੀ, ਗੀਤਕਾਰ, ਸੰਗੀਤਕਾਰ, ਲੇਖਕ, ਵਿਦਵਾਨ, ਸਾਹਿਤਕਾਰ, ਤਰਕਸ਼ੀਲ, ਜਮਹੂਰੀ ਸਮੂਹ ਲੋਕ ਹਿੱਸੇ ਸਿਰ ਜੋੜਨ ਲੱਗੇ। ਖਾਸ ਕਰਕੇ ਦਿੱਲੀ ਕਿਸਾਨ ਮੋਰਚੇ ਨੇ ਇਨਕਲਾਬੀ ਜਨਤਕ ਲੀਹ, ਸੇਧ, ਲਹਿਰ ਅਤੇ ਸੰਘਰਸ਼ ਦੀਆਂ ਬਰਕਤਾਂ ਦਾ ਸਿੱਕਾ ਸਥਾਪਤ ਕੀਤਾ। ਹਕੂਮਤੀ ਜਬਰ, ਵਹਿਸ਼ੀਆਨਾ ਲੁੱਟ, ਧੱਕੇ, ਫਿਰਕੂ ਫਾਸ਼ੀ ਅਤੇ ਚੌਤਰਫ਼ੇ ਹੱਲੇ ਨਾਲ ਦਸਤਪੰਜਾ ਲੈਂਦੀ ਲਹਿਰ ਨੇ ਅਮਲ ਦੇ ਪਿੜ ਅੰਦਰ ਇਹ ਧਾਰਨਾ ਪੱਕੇ ਪੈਰੀਂ ਕਰਨ ਵੱਲ ਠੋਸ ਕਦਮ ਚੁੱਕੇ ਕਿ ਫ਼ਿਰਕੂ ਪਿਛਾਖੜੀ ਹੱਲੇ ਹੋਣ ਜਾਂ ਦੇਸੀ-ਬਦੇਸ਼ੀ ਕਾਰਪੋਰੇਟ ਘਰਾਨਿਆਂ ਦੇ ਹਿੱਤ ਪੂਰਕਾਂ ਦੇ ਹੱਲੇ ਹੋਣ, ਇਨ੍ਹਾਂ ਦਾ ਟਾਕਰਾ ਕਰਨ, ਪਿਛਲਮੋੜਾ ਦੇਣ, ਇਨ੍ਹਾਂ ਨੂੰ ਲੱਕ ਤੋੜਵੀਂ ਹਾਰ ਦੇਣ, ਲੋਕਾਂ ਦੀ ਪੁੱਗਤ ਵਾਲੀ ਨਵੀਂ ਰੁੱਤ ਲਿਆਉਣ ਅਤੇ ਮੁਕਤੀ ਦੇ ਦੁਆਰ ਖੋਲ੍ਹਣ ਲਈ ਅਸਲ 'ਚ ਸਫ਼ਲਤਾ ਦੀ ਕੁੰਜੀ ਤਾਂ ਚੇਤਨ ਲੋਕ-ਸ਼ਕਤੀ ਹੀ ਹੈ। ਇਸ ਗਲੇ ਸੜੇ ਨਿਜ਼ਾਮ ਦੀ ਕਬਰ ਖੋਦਣ ਅਤੇ ਲੋਕਾਂ ਦੀ ਤਰੱਕੀ, ਖੁਸ਼ਹਾਲੀ, ਬਰਾਬਰੀ ਨੂੰ ਪ੍ਰਣਾਇਆ ਨਵਾਂ ਰਾਜ ਅਤੇ ਸਮਾਜ ਸਿਰਜਣ ਲਈ ਲੋਕਾਂ ਦੇ ਘੋਲਾਂ ਉੱਪਰ ਟੇਕ ਰੱਖਣਾ ਹੈ। ਲੋਕਾਂ ਦੀ ਹਕੀਕੀ ਤਾਕਤ ਚੇਤਨ ਅਤੇ ਸੰਘਰਸ਼ਸ਼ੀਲ ਲੋਕਾਂ ਦੇ ਕਿਲ੍ਹੇ ਉਸਾਰਨ ਵਿਚ ਹੈ। ਵੋਟ ਪਰਚੀ, ਵਿਧਾਨ ਸਭਾਵਾਂ, ਪਾਰਲੀਮੈਂਟ ਗਲਿਆਰਿਆਂ ਦੀ ਬਜਾਏ ਲੋਕਾਂ ਦੀਆਂ ਜੱਥੇਬੰਦੀਆਂ, ਜਾਗਦੇ, ਜੂਝਦੇ ਲੋਕਾਂ ਦੇ ਵਿਸ਼ਾਲ ਸੰਘਣੇ ਜੰਗਲ ਅਤੇ ਹੱਕ, ਸੱਚ ਇਨਸਾਫ਼ ਦੀ ਲੋਕ ਲਹਿਰ ਨੂੰ ਲੋਕ ਮੁਕਤੀ ਦੀ ਮੰਜ਼ਲ ਤੱਕ ਲੈ ਕੇ ਜਾਣਾ ਹੈ। ਇਸ ਲਈ 8 ਅਪ੍ਰੈਲ ਭਗਤ ਸਿੰਘ ਅਤੇ ਬੀ. ਕੇ. ਦੱਤ ਵੱਲੋਂ ਕਾਲ਼ੇ ਕਾਨੂੰਨਾਂ ਖਿਲਾਫ਼ ਐਸੰਬਲੀ ਵਿਚ ਬੋਲਿਆਂ ਨੂੰ ਸੁਣਾਉਣ ਲਈ ਧਮਾਕਾ ਕਰਨ ਦਾ ਦਿਹਾੜਾ, 13 ਅਪ੍ਰੈਲ ਵਿਸਾਖੀ ਦਿਹਾੜਾ, 21 ਅਪ੍ਰੈਲ ਗ਼ਦਰ ਪਾਰਟੀ ਸਥਾਪਨਾ ਦਿਹਾੜਾ ਇਸ ਕਾਰਜ ਵੱਲ ਲੋਕਾਂ ਨੂੰ ਰਾਹ ਦਰਸਾਵਾ ਬਣੇ, ਇਸ ਦੀ ਇਤਿਹਾਸਕ ਮਹੱਤਤਾ ਹੈ। ਉਸ ਮੰਜ਼ਲ ਲਈ ਲੋਕ ਕਾਫ਼ਲਿਆਂ, ਲੋਕ ਸੰਘਰਸ਼ਾਂ ਅੰਦਰ ਇਨਕਲਾਬੀ ਬੁਨਿਆਦੀ ਸਮਾਜਿਕ ਤਬਦੀਲੀ ਦੇ ਸੰਕਲਪ ਦੇ ਬੀਜ ਬੀਜਣਾ, ਉਨ੍ਹਾਂ ਬੂਟਿਆਂ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ, ਤਾਂ ਜੋ ਬਸੰਤ ਰੁੱਤ ਦੀ ਆਮਦ ਦਾ ਮੁੱਖੜਾ ਚੁੰਮਿਆ ਜਾ ਸਕੇ। ਇਹ ਸੁਪਨੇ ਮਨ ਅਤੇ ਅਮਲ 'ਚ ਜਾਗਦੇ ਰੱਖਣ ਦਾ ਅਹਿਦ ਲਿਆ ਜਾਏਗਾ। ਸੇਵੇਵਾਲਾ ਦੇ ਸੂਰਮੇ ਸ਼ਹੀਦਾਂ ਦੀ ਯਾਦ 'ਚ 8 ਅਪ੍ਰੈਲ ਸ਼ਾਮ ਨੂੰ ਭਗਤੂਆਣਾ ਵਿਖੇ ਯਾਦਗਾਰ ਤੇ ਝੰਡਾ ਲਹਿਰਾਉਣ ਅਤੇ 9 ਅਪ੍ਰੈਲ ਨੂੰ ਸੇਵੇਵਾਲਾ ਵਿਖੇ ਹੋ ਰਹੇ ਵਿਚਾਰ-ਚਰਚਾ ਸਮਾਗਮ ਸਮੇਂ ਫ਼ਿਰਕੂ ਫਾਸ਼ੀ ਹਨੇਰੀ, ਕਾਰਪੋਰੇਟ ਜਗਤ ਦੇ ਚੌਤਰਫੇ ਹੱਲੇ ਅਤੇ ਚੋਣਾਂ ਦੇ ਦੌਰ ਵਿੱਚ ਕੀ ਕਰਨਾ ਲੋੜੀਏ ਸੰਬੰਧੀ ਵਿਚਾਰਾਂ ਹੋਣਗੀਆਂ।

***ਸੰਪਰਕ: 98778 - 68710***

# ਪੰਜਾਬ ਖੇਤ ਮਜ਼ਦੂਰ ਸਭਾ ਭਾਜਪਾ ਉਮੀਦਵਾਰਾਂ ਨੂੰ ਹਰਾਉਣ ਲਈ ਪੂਰੀ ਵਾਹ ਲਾਵੇਗੀ : ਦੇਵੀ ਕੁਮਾਰੀ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਮੋਦੀ ਸਰਕਾਰ ਦੇ ਦਸ ਵਰ੍ਹਿਆਂ ਦੇ ਕਾਰਜਕਾਲ ਦੌਰਾਨ ਦਲਿਤਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੀ ਆਰਥਿਕ ਹਾਲਤ ਹੋਰ ਨਿੱਘਰ ਗਈ ਹੈ, ਕਿਉਂਕਿ ਇਸ ਸਰਕਾਰ ਨੇ ਸਿਰਫ ਕਾਰਪੋਰੇਟ ਘਰਾਨਿਆਂ ਦੇ ਮੁਨਾਫ਼ੇ ਵਧਾਉਣ ਅਤੇ ਗਰੀਬ ਜਨਤਾ ਦਾ ਖ਼ੂਨ ਨਿਚੋੜਨ ਵਾਲੀਆਂ ਨੀਤੀਆਂ ਹੀ ਲਾਗੂ ਕੀਤੀਆਂ ਹਨ। ਇਹ ਸ਼ਬਦ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਬੀਬੀ ਦੇਵੀ ਕੁਮਾਰੀ ਨੇ ਸਾਦਿਕ ਵਿਖੇ ਜਥੇਬੰਦੀ ਦੀ ਜਨਰਲ ਬਾਡੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਹੇ।ਉਨ੍ਹਾਂ ਕਿਹਾ ਕਿ ਹੁਣ ਜਦੋਂ ਇਸ ਸਰਕਾਰ ਦੇ ਮਾੜੇ ਕੰਮਾਂ ਦਾ ਹਿਸਾਬ ਕਰਨ ਦਾ ਸਮਾਂ ਆ ਗਿਆ ਹੈ, ਜਥੇਬੰਦੀ ਭਾਜਪਾ ਉਮੀਦਵਾਰਾਂ ਨੂੰ ਹਰਾਉਣ ਲਈ ਕਿਸਾਨ ਅਤੇ ਟਰੇਡ ਯੂਨੀਅਨਾਂ ਨਾਲ ਮਿਲ ਕੇ ਪੂਰੀ ਤਾਕਤ ਨਾਲ ਕੰਮ ਕਰੇਗੀ।

ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਗੁਰਚਰਨ ਸਿੰਘ ਮਾਨ ਅਤੇ ਸੁਖਦਰਸ਼ਨ ਰਾਮ ਨੇ ਕੀਤੀ।ਮੀਟਿੰਗ ਨੂੰ ਸੀਪੀਆਈ ਦੇ ਜ਼ਿਲ੍ਹਾ ਸੈਕਟਰੀ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦੇ ਮੋਦੀ ਸਰਕਾਰ ਨੂੰ ਹੁਣ ਤੱਕ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਕਰਾਰ ਦਿੰਦੇ ਹੋਏ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੇ ਦਾਅਵੇ ਕਰਨ ਵਾਲੀ ਮੋਦੀ ਸਰਕਾਰ ਦੀ ਅਸਲੀਅਤ ਚੋਣ ਬਾਂਡ ਘੁਟਾਲੇ ਨੇ ਜਗ ਜ਼ਾਹਰ ਕਰ ਦਿੱਤੀ ਹੈ।ਜਥੇਬੰਦੀ ਦੇ ਜਨਰਲ ਸਕੱਤਰ ਭਲਵਿੰਦਰ ਸਿੰਘ ਔਲ਼ਖ, ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਰਾਮ ਸਰੂਪ ਚੰਦ ਭਾਨ, ਨਾਇਬ ਸਿੰਘ ਵਾਂਦਰ ਜਟਾਣਾ, ਜਗਤਾਰ ਸਿੰਘ ਰਾਜੋਵਾਲਾ ਅਤੇ ਇਲਾਕਾ ਹਠਾੜ ਦੇ ਪੁਰਾਣੇ ਕਾਮਰੇਡ ਵੀ ਹਾਜ਼ਰ ਸਨ।ਕਾਮਰੇਡ ਗੁਰਨਾਮ ਸਿੰਘ ਵੱਲੋਂ ਪੇਸ਼ ਇਕ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ, ਜਿਸ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਨਰੇਗਾ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਅਤੇ ਸਾਲ ਵਿਚ 200 ਦਿਨ ਕੰਮ ਦਿੱਤਾ ਜਾਵੇ, ਬੇਘਰੇ ਮਜ਼ਦੂਰਾਂ ਨੂੰ ਘਰ ਬਣਾਉਣ ਲਈ ਥਾਂ ਅਤੇ ਮਕਾਨ ਉਸਾਰੀ ਲਈ ਪੰਜ ਲੱਖ ਦਾ ਕਰਜ਼ਾ ਦਿੱਤਾ ਜਾਵੇ, ਮਾਈਕ੍ਰੋ ਫਾਇਨਾਂਸ ਕੰਪਨੀਆਂ ਦੇ ਕਰਜ ਜਾਲ ਵਿੱਚ ਫਸੇ ਗਰੀਬ ਪਰਵਾਰਾਂ ਦੇ ਕਰਜ਼ੇ ਮੁਆਫ਼ੀ ਕੀਤੇ ਜਾਣ।

# ਸੈਂਕੜੇ ਪੈਨਸ਼ਨਰਾਂ ਵੱਲੋਂ ਮੰਗਾਂ ਸੰਬੰਧੀ ਡੀ ਸੀ ਦਫਤਰ ਸਾਹਮਣੇ ਰੋਸ ਰੈਲੀ




**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ ਵੈਲਫੇਅਰ ਐਸੋ. ਦੇ ਬੈਨਰ ਹੇਠ ਸੈਂਕੜੇ ਪੈਨਸ਼ਨਰਾਂ ਵੱਲੋਂ ਸਰਪ੍ਰਸਤ ਜਗਦੀਸ ਸ਼ਰਮਾ, ਪ੍ਰਧਾਨ ਸੁਰਿੰਦਰ ਕੁਮਾਰ ਬਾਲੀਆ ਤੇ ਪੁਲਿਸ ਪ੍ਰਧਾਨ ਅਜਮੇਰ ਸਿੰਘ ਦੀ ਅਗਵਾਈ ਵਿੱਚ ਡੀ.ਸੀ ਦਫ਼ਤਰ ਸਾਹਮਣੇ ਭਾਰੀ ਰੋਸ ਰੈਲੀ ਕੀਤੀ।6ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ, ਪੰਜਾਬ ਪੈਨਸ਼ਨਰਾਂ ਤੇ ਹੁਣ ਤੱਕ ਲਾਗੂ ਨਾ ਕਰਨਾ, ਡੀ.ਏ ਦੀਆਂ 3 ਕਿਸ਼ਤਾਂ, 1-1-2016 ਤੋਂ 66 ਮਹੀਨੇ ਦੇ ਬਕਾਏ, ਡੀ.ਏ. ਦੇ 224 ਮਹੀਨਿਆਂ ਦਾ ਬਕਾਇਆ ਦੇਣ ਵਿੱਚ ਆਨਾਕਾਨੀ ਕਰਨੀ ਬਾਰੇ ਖੁੱਲਕੇ ਸਰਕਾਰ ਨੂੰ ਕੋਸਿਆ ਅਤੇ ਨਾਅਰੇਬਾਜ਼ੀ ਕੀਤੀ।ਸਰਕਾਰ ਵੱਲੋਂ ਪਿਛਲੇ 3 ਬੱਜਟਾਂ ਵਿੱਚ ਪੈਨਸ਼ਨਰਾਂ ਲਈ ਕੋਈ ਰਾਸ਼ੀ ਨਾ ਰੱਖਣਾ।ਸਰਕਾਰ ਦਾ ਪੈਨਸ਼ਨਰਾਂ ਪ੍ਰਤੀ ਬੇਰੁਖਾ ਅਤੇ ਨਾਂਹਪੱਖੀ ਰਵੱਈਆ ਸਾਬਤ ਹੁੰਦਾ ਹੈ, ਜਿਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਜਗਦੀਸ ਸ਼ਰਮਾ, ਸੁਰਿੰਦਰ ਬਾਲੀਆ, ਸੀਤਾ ਰਾਮ ਸ਼ਰਮਾ, ਬਿੱਕਰ ਸਿੰਘ ਸਿਬੀਆਂ, ਬਲਵੰਤ ਢਿੱਲੋਂ, ਭਰਤਰੀ ਸਿੰਘ ਨੇ ਦੱਸਿਆ ਕਿ ਹਜ਼ਾਰਾਂ ਪੈਨਸ਼ਨਰਾਂ ਵੱਲੋਂ 4 ਮਾਰਚ ਨੂੰ ਚੰਡੀਗੜ੍ਹ ਵਿਖੇ ਮੁਜਾਹਰੇ ਉਪਰੰਤ ਸਰਕਾਰ ਨਾਲ ਮੀਟਿੰਗ ਤਹਿ ਹੋਣ ਦੇ ਬਾਵਜੂਦ ਸਕੱਤਰ ਤੇ ਅਧਿਕਾਰੀ ਮੀਟਿੰਗ ਤੋਂ ਭੱਜ ਗਏ।ਸਰਕਾਰ ਦੇ ਅਜਿਹੇ ਵਰਤੀਰੇ ਵਿਰੁੱਧ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਹਰਿਆਣਾ, ਹਿਮਾਚਲ, ਉੜੀਸਾ, ਕਰਨਾਟਕ, ਯੂ.ਪੀ ਆਦਿ ਸਰਕਾਰਾਂ ਨੇ ਕੇਂਦਰ ਦੇ ਬਰਾਬਰ 50% ਡੀ.ਏ, ਬਕਾਏ ਸਮੇਤ ਦੇ ਦਿੱਤਾ ਗਿਆ ਹੈ, ਪਰ ਪੰਜਾਬ ਸਰਕਾਰ ਕੇਵਲ 38% ਡੀ.ਏ ਦੇ ਰਹੀ ਹੈ ਤੇ ਉਕਤ ਸਾਰੇ ਬਕਾਏ ਨਹੀਂ ਦਿੱਤੇ ਜਾ ਰਹੇ। ਜਦੋਂ ਕਿ ਸਾਰੇ ਆਈ.ਏ.ਐਸ/ਪੀ.ਸੀ.ਐਸ, ਜੁਡੀਸੀਅਲ ਜੱਜਾਂ ਨੂੰ ਸਰਕਾਰ ਨੇ ਸਾਰੇ ਬਕਾਏ ਅਤੇ ਡੀ.ਏ ਦੇ ਦਿੱਤੇ ਗਏ ਹਨ।ਪੈਨਸ਼ਨਰਾਂ ਨਾਲ ਬਹੁਤ ਵੱਡਾ ਵਿਤਕਰਾ ਹੋ ਰਿਹਾ ਹੈ, ਜੋ ਸਹਿਣ ਨਹੀਂ ਕੀਤਾ ਜਾਵੇਗਾ।

ਵਿੱਤ ਵਿਭਾਗ ਵੱਲੋਂ ਨੋਸ਼ਨਲ ਅਧਾਰ ਤੇ ਪੈਨਸਨਾਂ ਰਵਾਈਜ ਕਰਨ ਦੇ ਨੋਟੀਫਿਕੇਸ਼ਨ 29-10-21 ਦੇ ਪੈਰਾ ਨੰ. 5(9) ਅਜੇ ਤੱਕ ਲਾਗੂ ਹੀ ਨਹੀਂ ਕੀਤਾ।ਰੋਸ ਵਿੱਚ ਨਾਅਰਿਆਂ ਗੂੰਜ ਵਿੱਚ ਮੰਗ ਕੀਤੀ ਕਿ ਉਕਤ ਮੰਗਾਂ ਤੁਰੰਤ ਪ੍ਰਵਾਨ ਕੀਤੀਆ ਜਾਣ, ਨਹੀਂ ਚੋਣਾਂ ਦੌਰਾਨ ਸਰਕਾਰ ਨੂੰ ਮਾੜੇ ਸਿੱਟੇ ਭੁਗਤਣੇ ਪੈਣਗੇ।

# ਗੌਰਮਿੰਟ ਟੀਚਰਜ਼ ਯੂਨੀਅਨ ਦੀ ਹੋਈ ਚੋਣ, ਨਰਿੰਦਰ ਸਿੰਘ ਮਾਖਾ ਤੀਜੀ ਵਾਰ ਪ੍ਰਧਾਨ ਬਣੇ

**ਮਾਨਸਾ (ਆਤਮਾ ਸਿੰਘ ਪਮਾਰ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ 17ਵੀਂ ਜਨਰਲ ਕੌਂਸਲ ਦੀ ਚੋਣ ਪ੍ਰਜਾਈਡਿੰਗ ਅਫ਼ਸਰ ਹਰਿੰਦਰ ਸਿੰਘ ਭੁੱਲਰ ਪ੍ਰਿੰਸੀਪਲ ਸ ਸ ਸ ਸ ਬੋਹਾ ਤੇ ਸਹਾਇਕ ਪ੍ਰਜਾਇਡਿੰਗ ਅਫਸਰ ਮੇਲਾ ਸਿੰਘ ਹੈਡ ਟੀਚਰ ਸ.ਪ.ਸ ਕਾਹਨੇਵਾਲਾ ਦੀ ਨਿਗਰਾਨੀ ਹੇਠ ਹੋਈ।ਨਰਿੰਦਰ ਸਿੰਘ ਮਾਖਾ ਲਗਾਤਾਰ ਤੀਜੀ ਵਾਰ ਜ਼ਿਲ੍ਹਾ ਪ੍ਰਧਾਨ ਤੇ ਗੁਰਦਾਸ ਸਿੰਘ ਰਾਏਪੁਰ ਜਨਰਲ ਸਕੱਤਰ ਨਿਯੁਕਤ ਕੀਤੇ ਗਏ।ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਉਲਕ, ਸਤੀਸ਼ ਕੁਮਾਰ ਗਰਗ, ਮੀਤ ਪ੍ਰਧਾਨ ਪ੍ਰਿੰਸੀਪਲ ਹਰਿੰਦਰ ਸਿੰਘ ਭੁੱਲਰ, ਲਖਵਿੰਦਰ ਸਿੰਘ ਮਾਨ, ਗੁਰਪ੍ਰੀਤ ਦਲੇਲਵਾਲਾ, ਮੇਲਾ ਸਿੰਘ ਆਲੀਕੇ, ਮੁੱਖ ਅਧਿਆਪਕ ਜਗਜੀਤ ਸਿੰਘ, ਜਨਰਲ ਸਕੱਤਰ ਗੁਰਦਾਸ ਸਿੰਘ ਰਾਏਪੁਰ, ਸਹਾਇਕ ਸਕੱਤਰ ਇਕਬਾਲ ਸਿੰਘ, ਵਿੱਤ ਸਕੱਤਰ ਸੁਖਜਿੰਦਰ ਸਿੰਘ ਅਗਰੋਈਆ, ਸਹਾਇਕ ਵਿੱਤ ਸਕੱਤਰ ਰਾਵਿੰਦਰ ਕਾਂਸਲ, ਪ੍ਰੈਸ ਸਕੱਤਰ ਸੁਖਦੀਪ ਸਿੰਘ ਗਿੱਲ, ਸਹਾਇਕ ਪ੍ਰੈਸ ਸਕੱਤਰ ਰਾਜਪਾਲ ਸਿੰਘ, ਜਥੇਬੰਦਕ ਸਕੱਤਰ ਦਰਸ਼ਨ ਸਿੰਘ ਜਟਾਣਾ, ਸਹਿਦੇਵ ਸਿੰਘ, ਸਹਾਇਕ ਜਥੇਬੰਦਕ ਸਕੱਤਰ ਪਰਗਟ ਸਿੰਘ ਰਿਉਂਦ, ਜਗਜੀਵਨਜੋਤ ਸਿੰਘ ਤੋਂ ਇਲਾਵਾ 31 ਮੈਂਬਰੀ ਜ਼ਿਲ੍ਹਾ ਕਮੇਟੀ ਵੀ ਚੁਣੀ ਗਈ।ਬਲਾਕ ਝੁਨੀਰ ਦੇ ਪ੍ਰਧਾਨ ਸੁਖਵਿੰਦਰ ਸਿੰਘ, ਮੀਤ ਪ੍ਰਧਾਨ ਕਿਰਤਪਾਲ ਸਿੰਘ, ਸਕੱਤਰ ਗੁਰਮੀਤ ਸਿੰਘ ਮਾਨ, ਵਿੱਤ ਸਕੱਤਰ ਸੁਖਵਿੰਦਰ ਸਿੰਘ ਮਾਖਾ, ਪ੍ਰੈਸ ਸਕੱਤਰ ਸਵਰਨ ਸਿੰਘ ਸਿੱਧੂ, ਬਲਾਕ ਸਰਦੂਲਗੜ੍ਹ ਪ੍ਰਧਾਨ ਮਨਪ੍ਰੀਤ ਸਿੰਘ ਖੈਰਾ ਕਲਾਂ, ਮੀਤ ਪ੍ਰਧਾਨ ਬੰਸੀ ਲਾਲ, ਸਕੱਤਰ ਬਲਵੰਤ ਸਿੰਘ, ਵਿੱਤ ਸਕੱਤਰ ਗੁਰਸਿੰਦਰ ਸਿੰਘ, ਪ੍ਰੈਸ ਸਕੱਤਰ ਅਮਨਦੀਪ ਸਿੰਘ, ਬਲਾਕ ਮਾਨਸਾ ਪ੍ਰਧਾਨ ਜਸਵਿੰਦਰ ਸਿੰਘ ਜਵਾਹਰਕੇ, ਮੀਤ ਪ੍ਰਧਾਨ ਬਲਜਿੰਦਰ ਸਿੰਘ ਕਣਕਵਾਲ, ਸਕੱਤਰ ਬੂਟਾ ਸਿੰਘ ਤੱਗੜ, ਵਿੱਤ ਸਕੱਤਰ ਸੁਖਵਿੰਦਰ ਸਿੰਘ, ਪ੍ਰੈਸ ਸਕੱਤਰ ਰਮਨਦੀਪ ਸਿੰਘ, ਬਲਾਕ ਬੁਢਲਾਡਾ ਦੇ ਪ੍ਰਧਾਨ ਵਿਜੈ ਕੁਮਾਰ, ਮੀਤ ਪ੍ਰਧਾਨ ਰਾਜਿੰਦਰ ਸਿੰਘ ਲੈਕਚਰਾਰ, ਸਕੱਤਰ ਅਨਿਲ ਕੁਮਾਰ ਜੈਨ, ਵਿੱਤ ਸਕੱਤਰ ਸੁਖਵਿੰਦਰ ਸਿੰਘ, ਪ੍ਰੈਸ ਸਕੱਤਰ ਰਣਜੀਤ ਸਿੰਘ, ਬਲਾਕ ਬਰੇਟਾ ਪ੍ਰਧਾਨ ਬੂਟਾ ਸਿੰਘ ਰਿਉਂਦ, ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ, ਸਕੱਤਰ ਚਮਕੌਰ ਸਿੰਘ, ਵਿੱਤ ਸਕੱਤਰ ਹਰੀਸ਼ ਕੁਮਾਰ ਲੈਕਚਰਾਰ, ਪ੍ਰੈਸ ਸਕੱਤਰ ਹਿਮਾਂਸ਼ੂ ਸਿੰਗਲਾ ਚੁਣੇ ਗਏ।



## ਕਾਤਰਾਂ

### 24 ਬੋਤਲਾਂ ਅੰਗਰੇਜ਼ੀ ਠੇਕਾ ਸ਼ਰਾਬ ਸਣੇ ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 24 ਬੋਤਲਾਂ ਸ਼ਰਾਬ ਠੇਕਾ ਅੰਗਰੇਜ਼ੀ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਰਨੈਲ ਚੰਦ ਨੇ ਦੱਸਿਆ ਕਿ ਪੁਲਸ ਨੂੰ ਮੁਖ਼ਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਕਸ਼ਮੀਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਚੱਕ ਕਾਠਗੜ੍ਹ ਉਰਫ ਹਿਸਾਨ ਵਾਲਾ, ਜੋ ਬਾਹਰ ਦੇ ਠੇਕੇ ਦੀਆਂ ਸ਼ਰਾਬ ਦੀਆਂ ਬੋਤਲਾਂ ਲਿਆ ਕੇ ਅੱਗੇ ਵੇਚਣ ਦਾ ਧੰਦਾ ਕਰਦਾ ਹੈ ਤੇ ਹੁਣ ਵੀ ਸ਼ਰਾਬ ਵੇਚਣ ਲਈ ਜਲਾਲਾਬਾਦ ਨੂੰ ਆ ਰਿਹਾ ਹੈ, ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਰੰਗੇ ਹੱਥੀ ਕਾਬੂ ਆ ਸਕਦਾ ਹੈ, ਜਿਸ 'ਤੇ ਇਤਲਾਹ ਠੋਸ ਅਤੇ ਭਰੋਸੇਯੋਗ ਹਣ ਕਾਰਨ ਪੁਲਸ ਪਾਰਟੀ ਨੇ ਸ਼੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਡਰੀਮ ਵਿਲਾ ਪੈਲੇਸ ਦੇ ਕੋਲ ਨਾਕਾਬੰਦੀ ਕਰਕੇ 24 ਬੋਤਲਾਂ ਸ਼ਰਾਬ ਠੇਕਾ ਅੰਗਰੇਜੀ ਸਣੇ ਕਸ਼ਮੀਰ ਸਿੰਘ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਸਿਟੀ ਵਿਖੇ ਕਸ਼ਮੀਰ ਸਿੰਘ ਦੇ ਖਿਲਾਫ ਧਾਰਾ 61-1-14 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਦੇ ਚੇਤਿੰਨ ਸਿੰਘ ਮਾਨਸਾ ਬਣੇ ਪ੍ਰਧਾਨ

**ਮਲੋਟ (ਗੁਰਮੀਤ ਸਿੰਘ ਮੱਕੜ)**-ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਨੇ ਕਿਹਾ ਕਿ ਪੰਜਾਬ ਦੇ ਸਾਰੇ



ਜ਼ਿਲ੍ਹਿਆਂ ਦੀਆਂ ਚੋਣਾਂ 29 ਮਾਰਚ ਨੂੰ ਸਮਾਪਤ ਹੋ ਗਈਆਂ ਸਨ। ਉਨ੍ਹਾਂ ਕਿਹਾ ਕਿ ਬੀਤੇਂ 7 ਅਪ੍ਰੈਲ ਨੂੰ ਚੋਣ ਅਬਜਰਬਰ ਕਮੇਟੀ ਮੈਂਬਰਾਂ ਦੀ ਅਗਵਾਈ ਹੇਠ ਦਸਮੇਸ਼ ਪਬਲਿਕ ਸਕੂਲ ਰਾਏਕੋਟ ਜ਼ਿਲ੍ਹਾ ਲੁਧਿਆਣਾ ਵਿਖੇ ਚੋਣ ਇਜਲਾਸ ਬੁਲਾਇਆ ਗਿਆ, ਜਿਸ ਵਿਚ ਸਰਬਸੰਮਤੀ ਨਾਲ ਸੂਬਾ ਪ੍ਰਧਾਨ ਚੇਤਿੰਨ ਸਿੰਘ ਮਾਨਸਾ, ਸੂਬਾ ਜਰਨਲ ਸਕੱਤਰ ਰਵਿੰਦਰ ਸਿੰਘ ਨੰਗਲਾਂ ਅਤੇ ਸੂਬਾ ਖ਼ਜ਼ਾਨਚੀ ਬਲਵਿੰਦਰ ਸਿੰਘ ਛੰਨਾ ਨੂੰ ਚੁਣਿਆ ਗਿਆ ਤਾਂ ਜੁ ਜਥੇਬੰਦੀ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਨਵੇਂ ਬਣੇ ਸੂਬਾ ਪ੍ਰਧਾਨ ਚੇਤਿੰਨ ਸਿੰਘ ਮਾਨਸਾ ਨੇ ਸਾਰੇ ਦੇਸ਼ ਭਗਤਾਂ ਦੇ ਵਾਰਿਸਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਉਹ ਦੇਸ਼ ਭਗਤਾਂ ਦੇ ਵਾਰਿਸਾਂ ਦੇ ਹੱਕ ਲੈਣ ਲਈ ਪੂਰੀ ਇਮਾਨਦਾਰੀ ਨਾਲ ਹਰ ਸਮੇਂ ਤਿਆਰ ਰਹਿਣਗੇ।

### ਰਘਵੀਰ ਤੂਰ ਨਮਿੱਤ ਪਾਠ ਦਾ ਭੋਗ ਭਲਕੇ

**ਜਗਰਾਉਂ (ਅਮਿਤ ਖੰਨਾ)**-ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ 100 ਤੋਂ ਵੱਧ ਵਾਰ ਖ਼ੂਨਦਾਨ ਕਰਨ ਵਾਲੇ ਸਮਾਜ ਸੇਵੀ ਐਡਵੋਕੇਟ ਰਘਵੀਰ ਤੂਰ ਸਾਡੇ ਵਿਚਕਾਰ ਨਹੀਂ ਰਹੇ। ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਹਮਦਰਦੀ ਕਰਦੇ ਹੋਏ ਡਾਕਟਰ ਪਰਮਜੀਤ ਸਿੰਘ ਯੂ ਐਸ ਏ ਵਾਲਿਆਂ ਨੇ ਕਿਹਾ ਕੀ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾ ਕਿ ਉਹ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ 133 ਅਤੇ ਵਿਸ਼ਕਰਮਾ ਵੈਲਫ਼ੇਅਰ ਸੋਸਾਇਟੀ ਵੱਲੋਂ ਵੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ 10 ਅਪ੍ਰੈਲ ਨੂੰ ਗੁਰਦੁਆਰਾ ਦਸਮੇਸ਼ ਨਗਰ, ਕੱਚਾ ਮਲਕ ਰੋਡ, ਜਗਰਾਉਂ ਵਿਖੇ ਦੁਪਿਹਰ 12 ਤੋਂ 1.30 ਵਜੇ ਤੱਕ ਪਵੇਗਾ। ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਕਰਮ ਸਿੰਘ ਜਗਦੇ, ਪ੍ਰੀਤਮ ਸਿੰਘ ਗੈਦੂ, ਪ੍ਰਧਾਨ ਜਿੰਦਰਪਾਲ ਸਿੰਘ ਧੀਮਾਨ, ਅਮਨਦੀਪ ਸਿੰਘ ਮਠਾੜੂ, ਬੁੱਟਾ ਸਿੰਘ, ਸੋਹਣ ਸਿੰਘ ਸੱਗ , ਰਾਜਦੀਪ ਸਿੰਘ ਰਾਜੂ, ਧਰਮ ਸਿੰਘ ਰਾਜੂ, ਬਲਜੀਤ ਸਿੰਘ ਜਾਗਦੇ, ਬਹਾਦੁਰ ਸਿੰਘ, ਸਤਪਾਲ ਸਿੰਘ ਮਲਕ, ਰਾਜਿੰਦਰ ਸਿੰਘ ਮਠਾੜੂ, ਕੁਲਦੀਪ ਸਿੰਘ ਸਹੋਤਾ, ਹਰਦਯਾਲ ਸਿੰਘ ਭੰਮਰਾ ਤੇ ਸਮੂਹ ਮੈਂਬਰ ਆਦਿ ਹਾਜ਼ਰ ਸਨ।

# ਕਲਮਾਂ ਦੇ ਰੰਗ ਸਾਹਿਤ ਸਭਾ ਦੀ ਸਾਲਾਨਾ ਚੋਣ, ਸ਼ਿਵਨਾਥ ਦਰਦੀ ਬਣੇ ਦੂਜੀ ਵਾਰ ਪ੍ਰਧਾਨ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਦੀ ਸਭਾ ਕਮੇਟੀ 2024-25 ਦੀ ਸਾਲਾਨਾ ਚੋਣ ਸ਼ੇਖ ਫ਼ਰੀਦ ਵੋਕੇਸ਼ਨਲ ਸੈਂਟਰ ਵਿਖੇ ਹੋਈ, ਜਿਸ ਵਿੱਚ ਪੰਜਾਬੀ ਮਾਂ-ਬੋਲੀ ਦੇ ਮਾਣਮੱਤੇ ਸ਼ਾਇਰ ਤੇ ਉੱਘੇ ਸਮਾਜ-ਸੇਵੀ ਸ਼ਿਵਨਾਥ ਦਰਦੀ ਨੂੰ ਸਰਬਸੰਮਤੀ ਨਾਲ ਮਤਾ ਪਾ ਕੇ ਦੂਜੀ ਵਾਰ ਪ੍ਰਧਾਨ ਚੁਣਿਆ ਗਿਆ।ਪਿਛਲੇ ਸਮੇਂ ਦੌਰਾਨ ਸਭਾ ਪ੍ਰਤੀ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ, ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਉਨ੍ਹਾਂ ਦੀ ਚੋਣ ਲਈ ਸਹਿਮਤੀ ਪ੍ਰਗਟਾਈ ਗਈ।ਸਭਾ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਦੀ ਯੋਗ ਅਗਵਾਈ ਹੇਠ ਹੋਈ ਸਭਾ ਕਮੇਟੀ ਦੀ ਇਸ ਸਾਲਾਨਾ ਚੋਣ ਵਿੱਚ ਲਗਭਗ ਇੱਕ ਦਰਜਨ ਸਾਹਿਤਕਾਰਾਂ ਨੇ ਹਿੱਸਾ ਲਿਆ।ਇਸ ਦੌਰਾਨ ਉੱਘੇ ਸਾਹਿਤਕਾਰ ਕਸ਼ਮੀਰ ਮਾਨਾ ਨੂੰ ਖ਼ਜ਼ਾਨਚੀ ਤੇ ਉੱਘੇ ਸਮਾਜ ਸੇਵੀ ਕੇ.ਪੀ. ਸਿੰਘ ਨੂੰ ਵਿੱਤ ਸਲਾਹਕਾਰ ਚੁਣਿਆ ਗਿਆ।ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਸਕੱਤਰ ਸਰਬਰਿੰਦਰ ਸਿੰਘ ਬੇਦੀ ਨੇ ਕੀਤੀ ਅਤੇ ਪ੍ਰਬੰਧ ਮੀਤ ਪ੍ਰਧਾਨ ਗੁਰਜੀਤ ਹੈਰੀ ਢਿੱਲੋਂ ਵੱਲੋਂ ਕੀਤੇ ਗਏ।ਇਸ ਤੋਂ ਇਲਾਵਾ ਇਸ ਮੀਟਿੰਗ ਵਿੱਚ ਕੀਤੇ ਜਾਣ ਵਾਲੇ ਸਾਲਾਨਾ ਸਮਾਗਮਾਂ ਤੇ ਸਭਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਜ਼ਰੂਰੀ ਨਿਯਮਾਂ ਦੇ ਨਾਲ ਕਈ ਹੋਰ ਮਹੱਤਵਪੂਰਨ ਫ਼ੈਸਲਿਆਂ ਉੱਤੇ ਵੀ ਵਿਚਾਰ ਚਰਚਾ ਕੀਤੀ ਗਈ।

ਇਸਦੇ ਨਾਲ ਹੀ ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਦੀ ਦੂਜੀ ਵਰ੍ਹੇਗੰਢ ਵੀ ਧੂਮਧਾਮ ਨਾਲ ਮਨਾਈ ਤੇ ਸਮੂਹ ਅਹੁਦੇਦਾਰਾਂ ਨੇ ਕੇਕ ਕੱਟ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ।ਇਸ ਮੌਕੇ ਦਵਿੰਦਰ ਸਿੰਘ (ਮਾਸਟਰ ਵਰਲਡ ਇਮੀਗ੍ਰੇਸ਼ਨ ਫ਼ਰੀਦਕੋਟ) ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਨਵ-ਨਿਯੁਕਤ ਪ੍ਰਧਾਨ ਸ਼ਿਵਨਾਥ ਦਰਦੀ ਨੇ ਸਭਾ ਦੇ ਸਾਰੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਇਹ ਪ੍ਰਣ ਲਿਆ ਕਿ ਉਹ ਸਭਾ ਕਮੇਟੀ ਵੱਲੋਂ ਸੌਂਪੀ ਗਈ। ਇਸ ਜ਼ਿੰਮੇਵਾਰੀ ਨੂੰ ਬਗੈਰ ਕਿਸੇ ਲਾਲਚ, ਤਨਦੇਹੀ ਤੇ ਸਮਰਪਤ ਭਾਵਨਾ ਨਾਲ ਨਿਭਾਉਣਗੇ ਤੇ ਆਉਣ ਵਾਲੇ ਸਮੇਂ ਵਿੱਚ ਆਪਸੀ ਮਿਲਵਰਤਨ ਦੁਆਰਾ ਸਭਾ ਨੂੰ ਹੋਰ ਵੀ ਬੁਲੰਦੀਆਂ 'ਤੇ ਲਿਜਾਇਆ ਜਾਵੇਗਾ।ਇਸ ਤੋਂ ਇਲਾਵਾ ਸਭਾ ਵੱਲੋਂ ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਨਿਰੰਤਰ ਯਤਨ ਜਾਰੀ ਰਹਿਣਗੇ।ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਸਭਾ ਲਈ ਸਮਰਪਤ ਭਾਵਨਾ ਨਾਲ ਕੰਮ ਕਰਨ ਦੇ ਚਾਹਵਾਨ ਨਵੇਂ ਮੈਂਬਰਾਂ ਨੂੰ ਸਭਾ ਵਿੱਚ ਸ਼ਾਮਲ ਕੀਤਾ ਜਾਵੇਗਾ ।

# ਫ਼ਿਰੋਜ਼ਪੁਰ ਤੋਂ ਇਤਿਹਾਸਕ ਜਿੱਤ ਦਰਜ ਕਰੇਗੀ ਕਾਂਗਰਸ : ਆਸ਼ੂ ਬੰਗੜ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਕਾਂਗਰਸ ਪਾਰਟੀ ਲੋਕ ਸਭਾ ਦੀਆਂ ਚੋਣਾਂ ਦੌਰਾਨ ਫ਼ਿਰੋਜ਼ਪੁਰ ਦੀ ਸੀਟ 'ਤੇ ਵੱਡੇ ਮਾਰਜਨ ਨਾਲ ਇਤਿਹਾਸਕ ਜਿੱਤ ਦਰਜ ਕਰੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਮਰਦੀਪ ਸਿੰਘ ਆਸ਼ੂ ਬੰਗੜ ਹਲਕਾ ਇੰਚਾਰਜ ਕਾਂਗਰਸ ਪਾਰਟੀ ਫ਼ਿਰੋਜ਼ਪੁਰ ਦਿਹਾਤੀ ਨੇ ਮਮਦੋਟ ਵਿਖੇ ਬਲਜਿੰਦਰ ਸਿੰਘ ਥਿੰਦ ਦੇ ਗ੍ਰਹਿ ਵਿਖੇ ਵਰਕਰ ਮਿਲਣੀ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਤੇ ਪੰਜਾਬ ਦੀ ਆਪ ਸਰਕਾਰ ਦੀਆਂ ਛਲ ਫਰੇਬ ਵਰਗੀਆਂ ਨੀਤੀਆਂ ਤੋਂ ਤੰਗ ਆ ਕੇ ਲੋਕ ਕਾਂਗਰਸ ਪਾਰਟੀ ਦੇ ਹੱਕ ਵਿਚ ਫ਼ਤਵਾ ਦੇਣ ਜਾ ਰਹੇ ਹਨ ਤੇ ਉਨ੍ਹਾਂ ਇਹ ਵੀ ਦਰਸਾਇਆ ਕਿ ਕਾਂਗਰਸ ਪਾਰਟੀ ਲੋਕਾਂ ਦੀ ਮੰਗ ਮੁਤਾਬਕ ਜਿਹੜਾ ਵੀ ਉਮੀਦਵਾਰ ਉਤਾਰੇਗੀ, ਫ਼ਿਰੋਜ਼ਪੁਰ ਦੇ ਲੋਕਾਂ ਦੇ ਭਰੋਸੇ ਤੇ ਵਿਸ਼ਵਾਸ ਵਾਲਾ ਤੇ ਲੋਕ ਪੱਖੀ ਹੀ ਹੋਵੇਗਾ ਅਤੇ ਜਨਤਾ ਦੇ ਸਹਿਯੋਗ ਨਾਲ ਲੋਕ ਸਭਾ ਫਿਰੋਜ਼ਪੁਰ ਦੀ ਸੀਟ ਕਾਂਗਰਸ ਪਾਰਟੀ ਵੱਡੇ ਮਾਰਜਨ ਨਾਲ ਜਿੱਤੇਗੀ।ਇਸ ਮੌਕੇ ਗੁਰਬਖਸ਼ ਸਿੰਘ ਭਾਵੜਾ ਬਲਾਕ ਪ੍ਰਧਾਨ ਮਮਦੋਟ, ਸੁੱਖਾ ਸਿੰਘ ਜੋਧਪੁਰ, ਮਨਪ੍ਰੀਤ ਸਿੰਘ ਸੋਢੀ, ਤਰਸੇਮ ਸਿੰਘ ਸਦਰ ਕੇ, ਹਰਪਾਲ ਸਿੰਘ ਸੋਢੀ ਸ਼ਹਿਰੀ ਪ੍ਰਧਾਨ ਮਮਦੋਟ, ਬਲਜਿੰਦਰ ਸਿੰਘ ਥਿੰਦ, ਹੈਰੀ ਜੋਸਨ, ਜਤਿੰਦਰ ਸਿੰਘ ਗੋਪੀ ਔਲਖ ਬਲਾਕ ਸੰਮਤੀ ਮੈਂਬਰ, ਬਾਜ਼ ਐਮ ਸੀ, ਪਿੱਪਲ ਸਿੰਘ, ਕਿੱਕਰ ਸਿੰਘ ਸੰਧੂ, ਮਨਜੀਤ ਸਿੰਘ ਜੀਰੇ ਵਾਲੇ, ਜਸਪਾਲ ਸਿੰਘ, ਇਕਬਾਲ ਸਿੰਘ, ਕਰਨ ਮਨਚੰਦਾ ਤੋਂ ਇਲਾਵਾ ਹੋਰ ਵੀ ਪਾਰਟੀ ਵਰਕਰ ਹਾਜ਼ਰ ਸਨ।

# ਕੇਜਰੀਵਾਲ ਨੂੰ ਰਿਹਾਅ ਕਰਾਉਣ ਲਈ ਸ਼ਹੀਦ ਭਗਤ ਸਿੰਘ ਮਿਊਜ਼ੀਅਮ ਦੀ ਦੁਰਵਰਤੋਂ ਕਰਨ ਦੀ ਨਿਖੇਧੀ

**ਬੱਸੀ ਪਠਾਣਾਂ (ਪ੍ਰਮੋਦ ਭਾਰਦਵਾਜ)**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਦਿੱਲੀ ਸ਼ਰਾਬ ਘੁਟਾਲੇ ਦੇ ਮੁਲਜ਼ਮ ਅਰਵਿੰਦ ਕੇਜਰੀਵਾਲ ਨੂੰ ਛੁਡਵਾਉਣ ਲਈ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਤੇ ਮਿਊਜ਼ੀਅਮ ਦੀ ਦੁਰਵਰਤੋਂ ਰੋਸ ਪ੍ਰਦਰਸ਼ਨ ਲਈ ਕਰਕੇ ਸ਼ਹੀਦ ਦਾ ਅਪਮਾਨ ਕਰਨ 'ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਬਾਈਕਾਟ ਕੀਤਾ ਜਾਵੇ।ਅਕਾਲੀ ਦਲ ਦੇ ਪ੍ਰਧਾਨ ਨੂੰ ਪੰਜਾਬ ਬਚਾਓ ਯਾਤਰਾ ਦੌਰਾਨ ਸਮਰਾਲਾ ਤੇ ਬੱਸੀ ਪਠਾਣਾਂ ਵਿੱਚ ਲਾਮਿਸਾਲ ਹੁੰਗਾਰਾ ਮਿਲਿਆ ਉਨ੍ਹਾਂ ਕਿਹਾ ਕਿ ਹੈਰਾਨ ਕਰਨ ਵਾਲੀ ਗੱਲ ਹੈ ਕਿ ਭਗਵੰਤ ਮਾਨ ਜੋ ਪਹਿਲਾਂ ਸ਼ਹੀਦ ਦੇ ਨਾਂਅ 'ਤੇ ਸਹੁੰਆਂ ਖਾਂਦੇ ਸਨ, ਹੁਣ ਸ਼ਹੀਦ ਦੇ ਨਾਂਅ 'ਤੇ ਮਿਊਜ਼ੀਅਮ ਦੀ ਦੁਰਵਰਤੋਂ ਪਾਰਟੀ ਦੇ ਰੋਸ ਪ੍ਰਦਰਸ਼ਨ ਵਾਸਤੇ ਕਰ ਰਹੇ ਹਨ, ਜਿਸਦਾ ਮਕਸਦ ਸ਼ਰਾਬ ਘੁਟਾਲੇ ਦੇ ਮੁਲਜ਼ਮ ਅਰਵਿੰਦ ਕੇਜਰੀਵਾਲ ਨੂੰ ਛੁਡਵਾਉਣਾ ਹੈ, ਜਦੋਂ ਕਿ ਅਦਾਲਤ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਪਹਿਲਾਂ ਹੀ ਰੱਦ ਕਰ ਚੁੱਕੀ ਹੈ।ਇਸ ਕਾਰਵਾਈ ਨੂੰ ਬੇਹੱਦ ਨਿੰਦਣਯੋਗ ਕਰਾਰ ਦਿੰਦਿਆਂ ਬਾਦਲ ਨੇ ਕਿਹਾ ਕਿ ਭਗਵੰਤ ਮਾਨ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਇਕ ਵਾਰ ਵੀ ਖਟਕੜ ਕਲਾਂ ਨਹੀਂ ਗਏ ਤੇ ਹੁਣ ਉਹ ਆਪਣੇ ਆਕਾ ਅਰਵਿੰਦ ਕੇਜਰੀਵਾਲ ਵਾਸਤੇ ਰਾਹਤ ਲੈਣ ਲਈ ਇਸ ਥਾਂ ਦੀ ਦੁਰਵਰਤੋਂ ਕਰ ਰਹੇ ਹਨ।ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਗਏ ਹਨ।ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਵਿਚ ਅਸੀਂ ਵੇਖਿਆ ਕਿ ਕਿਵੇਂ ਤਰਨਤਾਰਨ ਵਿੱਚ ਇੱਕ ਔਰਤ ਦੇ ਕਪੜੇ ਪਾੜ ਕੇ ਉਸ ਨੂੰ ਅਲਫ਼ ਨੰਗਾ ਘੁਮਾਇਆ ਗਿਆ, ਪਰ ਇਸਦੇ ਬਾਵਜੂਦ ਮੁੱਖ ਮੰਤਰੀ ਨੇ ਪੀੜਤ ਪਰਵਾਰ ਨਾਲ ਮੁਲਾਕਾਤ ਕਰਨ ਦੀ ਲੋੜ ਨਹੀਂ ਸਮਝੀ।ਪੰਜਾਬੀਆਂ ਨੂੰ ਆਮ ਆਦਮੀ ਪਾਰਟੀ (ਆਪ) ਅਤੇ ਦਿੱਲੀ ਆਧਾਰਿਤ ਹੋਰ ਪਾਰਟੀਆਂ, ਜੋ ਸੰਸਦੀ ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਵਾਅਦੇ ਕਰ ਰਹੀਆਂ ਹਨ, ਦੀ ਯੋਜਨਾ ਸਮਝਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਖ਼ਤਮ ਹੁੰਦਿਆਂ ਹੀ ਇਹ ਲੋਕ ਪੰਜਾਬ ਦੇ ਹਿੱਤਾਂ ਦੇ ਖਿਲਾਫ ਕੰਮ ਕਰਨਾ ਸ਼ੁਰੂ ਕਰ ਦੇਣਗੇ।ਉਨ੍ਹਾਂ ਕਿਹਾ ਕਿ ਸਾਨੂੰ ਇਸ ਚੋਣ ਦੀ ਵਰਤੋਂ ਪੰਜਾਬੀਆਂ ਦੀ ਆਪਣੀ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਵਾਸਤੇ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਮੁੱਖ ਮੁੱਦਿਆਂ ਪ੍ਰਤੀ ਵਚਨਬੱਧ ਰਹੇ ਹਾਂ ਤੇ ਹਮੇਸ਼ਾ ਇਨ੍ਹਾਂ ਦੇ ਨਿਆਂ ਵਾਸਤੇ ਲੜਦੇ ਰਹਾਂਗੇ।ਸਰਦਾਰ ਬਾਦਲ, ਜਿਹਨਾਂ ਦੇ ਨਾਲ ਸਮਰਾਲਾ ਵਿੱਚ ਪਰਮਜੀਤ ਸਿੰਘ ਢਿੱਲੋਂ ਅਤੇ ਬੱਸੀ ਪਠਾਣਾ ਵਿੱਚ ਦਰਬਾਰਾ ਸਿੰਘ ਗੁਰੂ ਵੀ ਸਨ, ਨੇ ਲੋਕਾਂ ਨੂੰ ਚੌਕਸ ਕੀਤਾ ਕਿ ਉਹ ਕਾਂਗਰਸ ਪਾਰਟੀ ਦੀਆਂ ਚਾਲਾਂ ਨਾ ਫਸ ਜਾਣ, ਜਿਸ ਨੇ ਨਾ ਸਿਰਫ਼ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਬਲਕਿ 1984 ਵਿਚ ਬੇਦੋਸ਼ੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਵੀ ਕਰਾਇਆ ਤੇ ਇਹ 2017 ਵਿਚ ਗੁਟਕਾ ਸਾਹਿਬ ਦੀ ਸਹੁੰ ਚੁੱਕਣ ਦੇ ਬਾਵਜੂਦ ਕਿਸਾਨਾਂ ਦਾ ਪੂਰਨ ਕਰਜ਼ਾ ਮੁਆਫ ਕਰਨ ਦੀ ਵੀ ਦੋਸ਼ੀ ਹੈ।

# ਸਰਕਾਰ ਬਿਨਾਂ ਵਜ੍ਹਾ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਹੀ : ਸਿੱਧੂ ਲੌਂਗੋਵਾਲ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸ਼੍ਰੋਮਣੀ ਅਕਾਲੀ ਦਲ (ਫ਼ਤਿਹ) ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਕਿਹਾ ਕਿ ਸਰਕਾਰ ਬਿਨਾਂ ਵਜ੍ਹਾ ਜਾਣ-ਬੁੱਝ ਕੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਹੀ ਹੈ ਅਤੇ ਹਰ ਇੱਕ ਨੂੰ ਹੱਕ ਹੈ ਕਿ ਉਹ ਆਪਣਾ ਰੋਸ ਕਿਸੇ ਵੀ ਤਰ੍ਹਾਂ ਪ੍ਰਗਟ ਕਰ ਸਕਦਾ ਹੈ। ਪਿਛਲੇ ਸਾਲ ਤੋਂ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ 8 ਅਪ੍ਰੈਲ ਨੂੰ ਇੱਕ ਮਾਰਚ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਸ਼ੁਰੂ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਕੀਤਾ ਜਾਣਾ ਸੀ। ਤਾਰੋਪੀਡਾ ਕਰਨ ਲਈ ਸਰਕਾਰ ਨੇ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਪੰਥ ਦਰਦੀ ਆਗੂਆਂ ਨੂੰ ਸਮੇਤ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਜਾਂ ਘਰਾਂ ਵਿੱਚ ਨਜ਼ਰਬੰਦ ਕੀਤਾ ਗਿਆ, ਜੋ ਸਰਕਾਰ ਦੀ ਅਤੀ ਨਿੰਦਣਯੋਗ ਯੋਗ ਕਾਰਵਾਈ ਹੈ।ਪਿਛਲੇ ਸਾਲ ਵੀ ਇਸੇ ਤਰ੍ਹਾਂ ਸਰਕਾਰ ਨੇ ਸਿੱਖਾਂ ਦੇ ਜਨਮ ਦਿਹਾੜੇ ਵਿਸਾਖੀ ਦੇ ਪ੍ਰੋਗਰਾਮ ਨੂੰ ਸਰਕਾਰੀ ਬੰਦਸ਼ਾਂ ਦੇ ਨਾਲ ਮਾਹੌਲ ਅੰਦਰ ਤਣਾਅ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੁ ਸਿੱਖ ਸੰਗਤ ਇਕੱਠੀ ਹੋ ਕੇ ਗੁਰਮਤਾ ਨਾ ਕਰ ਸਕੇ ਸਕੇ, ਸੋ ਇਸ ਤਰ੍ਹਾਂ ਕਰਨਾ ਸਰਕਾਰ ਦਾ ਬਹੁਤ ਹੀ ਮੰਦਭਾਗਾ ਹੈ। ਸਿੱਧੂ ਨੇ ਕਿਹਾ ਕਿ ਸਰਕਾਰ ਲੋਕਪੱਖੀ ਕੰਮ ਤਾਂ ਨਹੀਂ ਕਰ ਰਹੀ ਸਗੋਂ ਲੋਕਾਂ ਦੇ ਵਿਰੋਧ ਜਾ ਕੇ ਆਪਣੇ ਦਿੱਲੀ ਬੈਠੇ ਆਕਾ ਨੂੰ ਖ਼ੁਸ਼ ਕਰਨ ਲਈ ਪੰਜਾਬ ਨੂੰ ਬਲਦੀ ਭੱਠੀ ਵਿੱਚ ਝੋਕਣਾ ਚਾਹੁੰਦੀ।ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਵਿੱਚ ਨਿੱਤ ਦਿਨ ਹੋ ਰਹੇ ਨੌਜਵਾਨੀ ਦੇ ਘਾਣ ਜਿਸ ਤਰ੍ਹਾਂ ਪਿਛਲੇ ਸਮੇਂ ਵਿੱਚ ਬਹੁਤ ਹੀ ਨੌਜਵਾਨਾਂ ਦੇ ਕਾਤਲ ਹੋਏ ਹਨ ਤੇ ਪੰਜਾਬ ਵਿੱਚ ਗੈਂਗਸਟਰ ਕਲਚਰ ਖਤਮ ਕਰਨ ਦੇ ਨਾਂਅ ਹੇਠ ਨੌਜਵਾਨਾਂ ਨੂੰ ਦਿਨ-ਦਿਹਾੜੇ ਸਰਕਾਰੀ ਦਹਿਸ਼ਤ ਤੇ ਪੁਲਸ ਦੀਆਂ ਗੋਲੀਆਂ ਨਾਲ ਮਰਵਾਇਆ ਜਾ ਰਿਹਾ।

ਅਜਿਹੀਆਂ ਕੋਝੀਆਂ ਹਰਕਤਾਂ ਨੂੰ ਬੰਦ ਕਰਕੇ ਲੋਕਾਂ ਨਾਲ ਚੋਣ ਮਨੋਰਥ ਪੱਤਰ ਵਿੱਚ ਕੀਤੇ ਵਾਅਦਿਆਂ ਤੇ ਦਿੱਤੀਆਂ ਗਈਆਂ ਗਾਰੰਟੀਆਂ ਨੂੰ ਪੂਰਾ ਕਰਨਾ ਚਾਹੀਦਾ ਹੈ ਤੇ ਪੰਜਾਬ ਪੱਖੀ ਵਿਕਾਸ 'ਤੇ ਧਿਆਨ ਦੇਣਾ ਚਾਹੀਦਾ ਹੈ, ਨਾ ਕਿ ਐਵੇਂ ਹੀ ਕਦੇ ਕਿਸੇ ਧਰਮ ਖਿਲਾਫ਼ ਅਤੇ ਕਦੇ ਕਿਸੇ ਧਰਮ ਦੇ ਖਿਲਾਫ਼ ਜਾ ਕੇ ਸਿੱਖਾਂ ਅਤੇ ਘੱਟ ਗਿਣਤੀਆਂ ਵਿੱਚ ਰੋਸ਼ ਪੈਦਾ ਕਰਕੇ ਆਪਣੇ ਲਈ ਕੰਡਿਆਂ ਦੀ ਸੇਜ ਸਜਾਉਣੀ ਚਾਹੀਦੀ ਹੈ, ਕਿਉਂਕਿ ਪੰਜਾਬ ਇੱਕ ਅਜਿਹਾ ਸੂਬਾ ਹੈ, ਜਿਸ ਵਿੱਚ ਜਿਸ ਵੀ ਸ਼ਾਸਕ ਨੇ ਜਦੋਂ ਪੰਜਾਬ ਵਿਰੋਧੀ ਫੈਸਲੇ ਲਏ ਹਨ, ਉਸਦੇ ਨਤੀਜੇ ਉਸਨੂੰ ਭੁਗਤ ਨੇ ਹੀ ਪੈਂਦੇ ਹਨ।

# ਗੌਰਮਿੰਟ ਟੀਚਰਜ਼ ਯੂਨੀਅਨ ਦਾ 17ਵਾਂ ਜਨਰਲ ਚੋਣ ਅਜਲਾਸ ਸੰਪੰਨ

## ਜ਼ਿਲ੍ਹਾ ਪ੍ਰਧਾਨ ਰਾਜੀਵ ਹਾਂਡਾ ਸਮੇਤ 11 ਬਲਾਕਾਂ ਦੀ ਸਰਬ-ਸੰਮਤੀ ਨਾਲ ਚੋਣ



**ਜ਼ੀਰਾ (ਨਰਿੰਦਰ ਅਨੇਜਾ)**

ਗੌਰਮਿੰਟ ਟੀਚਰ ਯੂਨੀਅਨ ਪੰਜਾਬ ਦਾ 17ਵਾਂ ਜਨਰਲ ਚੋਣ ਅਜਲਾਸ ਰੇਲਵੇ ਯੂਨੀਅਨ ਦਫ਼ਤਰ ਵਿਖੇ ਹੋਇਆ, ਜਿਸ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਭੁੱਟੋ ਜ਼ਿਲ੍ਹਾ ਪ੍ਰਧਾਨ ਜੀਟੀਯੂ ਨੇ ਕੀਤੀ।ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਗੁਰਦੇਵ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਪਸਸਫ ਫ਼ਿਰੋਜ਼ਪੁਰ, ਅੰਬ ਸਿੰਘ ਸਾਬਕਾ ਪ੍ਰਧਾਨ ਜੀਟੀਯੂ, ਸੁਭਾਸ਼ ਸ਼ਰਮਾ ਪ੍ਰਧਾਨ ਕੋਆਰਡੀਨੇਸ਼ਨ ਕਮੇਟੀ ਫ਼ਿਰੋਜ਼ਪੁਰ, ਮਹਿੰਦਰ ਸਿੰਘ ਧਾਲੀਵਾਲ, ਕਿਸ਼ਨ ਚੰਦ ਜਾਗੋਵਾਲੀਆ ਦੋਨੋਂ ਸਾਬਕਾ ਪ੍ਰਧਾਨ ਪਸਸਫ ਫਿਰੋਜ਼ਪੁਰ, ਟੀਚਰ ਯੂਨੀਅਨ ਪੰਜਾਬ ਦਸਤਾਰਵਾਂ ਜਨਰਲ ਚੋਣ ਅਜਲਾਸ ਰੇਲਵੇ ਮੈਨਜ ਯੂਨੀਅਨ ਦਫ਼ਤਰ ਫ਼ਿਰੋਜ਼ਪੁਰ ਵਿਖੇ ਹੋਇਆ, ਜਿਸ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਭੁੱਟੋ ਜ਼ਿਲ੍ਹਾ ਪ੍ਰਧਾਨ ਜੀਟੀਯੂ ਨੇ ਕੀਤੀ।ਇਸ ਮੌਕੇ ਸਟੇਟ ਕਮੇਟੀ ਵੱਲੋਂ ਰਿਟਰਨਿੰਗ ਅਫ਼ਸਰ ਬਲਵਿੰਦਰ ਸਿੰਘ ਸੰਧੂ ਤੇ ਹਰਪਾਲ ਸਿੰਘ ਸੰਧੂ ਨੇ ਜ਼ਿੰਮੇਵਾਰੀ ਨਿਭਾਈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਤੇ ਉਲਟਾ ਦਿੱਤੇ ਭੱਤਿਆਂ ਵਿਚ ਕਟੌਤੀ ਕਰਕੇ ਮੁਲਾਜ਼ਮ ਮਾਰੂ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨੂੰ ਇਕੱਠੇ ਹੋਣ ਦੀ ਲੋੜ ਹੈ ਅਤੇ ਮੁਲਾਜ਼ਮ ਵਰਗ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।ਇਸ ਮੌਕੇ ਬਲਵਿੰਦਰ ਸਿੰਘ ਭੁੱਟੋ ਜ਼ਿਲ੍ਹਾ ਪ੍ਰਧਾਨ ਜੀਟੀਯੂ ਨੇ ਪੁਰਾਣੀ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਕੀਤਾ ਅਤੇ ਨਵੀਂ ਕਮੇਟੀ ਚੁਣਨ ਦੀ ਸਹਿਮਤੀ ਮੰਗੀ, ਜਿਸ ਦੌਰਾਨ ਰਿਟਰਨਿੰਗ ਅਫ਼ਸਰ ਬਲਵਿੰਦਰ ਸਿੰਘ ਸੰਧੂ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਹਰਪਾਲ ਸਿੰਘ ਸੰਧੂ ਨੇ ਨਵੀਂ ਕਮੇਟੀ ਦੀ ਚੋਣ ਕਰਦਿਆਂ ਸਰਬਸੰਮਤੀ ਨਾਲ ਚੋਣ ਕਰਦਿਆਂ ਰਾਜੀਵ ਹਾਡਾ ਨੂੰ ਜ਼ਿਲ੍ਹਾ ਪ੍ਰਧਾਨ, ਜਗਸੀਰ ਸਿੰਘ ਗਿੱਲ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।

ਇਸ ਦੌਰਾਨ ਭੁਪਿੰਦਰ ਸਿੰਘ ਢਿੱਲੋਂ ਨੂੰ ਬਲਾਕ ਪ੍ਰਧਾਨ ਮੱਖੂ, ਸੁਖਵਿੰਦਰ ਸਿੰਘ ਝੱਤਰੇ ਬਲਾਕ ਪ੍ਰਧਾਨ ਜ਼ੀਰਾ, ਬਲਜਿੰਦਰ ਸਿੰਘ ਬਲਾਕ ਪ੍ਰਧਾਨ ਮੱਲਾਂਵਾਲਾ, ਰਜਿੰਦਰ ਸਿੰਘ ਰਾਜਾ ਬਲਾਕ ਪ੍ਰਧਾਨ, ਹਰਮਿੰਦਰ ਸਿੰਘ ਜਨਰਲ ਸਕੱਤਰ ਬਲਾਕ ਘੱਲ ਖ਼ੁਰਦ, ਬਲਵਿੰਦਰ ਕੌਰ ਬਹਿਲ ਬਲਾਕ ਪ੍ਰਧਾਨ, ਸੰਦੀਪ ਸਹਿਗਲ ਜਨਰਲ ਸਕੱਤਰ ਬਲਾਕ ਫ਼ਿਰੋਜ਼ਪੁਰ 1, ਸੰਦੀਪ ਕੁਮਾਰ ਬਲਾਕ ਪ੍ਰਧਾਨ ਫ਼ਿਰੋਜ਼ਪੁਰ 2, ਰਜੇਸ਼ ਸਿੰਘ ਖਾਲਸਾ ਬਲਾਕ ਪ੍ਰਧਾਨ ਫ਼ਿਰੋਜ਼ਪੁਰ 3, ਪ੍ਰਦੀਪ ਕੁਮਾਰ ਬਲਾਕ ਪ੍ਰਧਾਨ ਫ਼ਿਰੋਜ਼ਪੁਰ 4, ਗਗਨਦੀਪ ਬੱਟੀ ਬਲਾਕ ਪ੍ਰਧਾਨ ਗੁਰੂ ਹਰਸਾਏ 1, ਸੰਜੀਵ ਕੁਮਾਰ ਬਲਾਕ ਪ੍ਰਧਾਨ ਗੁਰੂ ਹਰਸਾਏ 2, ਸੰਦੀਪ ਕੁਮਾਰ ਬਲਾਕ ਪ੍ਰਧਾਨ ਸਤੀਏ ਵਾਲਾ ਚੁਣੇ ਗਏ।

# ਪੰਜਾਬ ਮਿਊਂਸਪਲ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਮਿਊਂਸਪਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਪ੍ਰਧਾਨ ਦੀਨਾ ਨਾਥ ਦੀ ਪ੍ਰਧਾਨਗੀ ਹੇਠ ਕੀਤੀ ਗਈ। ਪ੍ਰਧਾਨ ਦੀਨਾ ਨਾਥ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ, ਮੁਲਾਜ਼ਮਾਂ ਤੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਜਲਦੀ ਤੋਂ ਜਲਦੀ ਪੂਰੀਆਂ ਕੀਤੀਆਂ ਜਾਣ। ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਦਾ 1-1-16 ਤੋਂ ਬਣਦਾ ਬਕਾਇਆ ਤੇ ਡੀਏ ਦੀਆਂ ਬਕਾਇਆ ਤਿੰਨ ਕਿਸ਼ਤਾਂ 12 ਪ੍ਰਤੀਸ਼ਤ ਜਲਦੀ ਤੋਂ ਜਲਦੀ ਦਿੱਤੀਆਂ ਜਾਣ।

ਜੇਕਰ ਰਹਿੰਦੀਆਂ ਮੰਗਾਂ ਜਲਦੀ ਪੂਰੀਆ ਨਾ ਕੀਤੀਆਂ ਗਈਆ ਤਾਂ ਐਸੋਸੀਏਸ਼ਨ ਵੱਲੋਂ ਮਜਬੂਰਨ ਸਰਕਾਰ ਦੇ ਵਿਰੁੱਧ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਸੁਖਦੇਵ ਰਾਜ ਸੀਨੀਅਰ ਮੀਤ ਪ੍ਰਧਾਨ ਮਹਿੰਦਰ ਲਾਲ, ਸੂਰਤ ਸਿੰਘ ਸੋਢੀ, ਪ੍ਰੇਮ ਕੁਮਾਰ, ਦੇਸ ਰਾਜ ਕੰਬੋਜ, ਕ੍ਰਿਸ਼ਨ ਲਾਲ, ਬਲਵੰਤ ਸਿੰਘ,ਓਮ ਪ੍ਰਕਾਸ਼ ਕੰਬੋਜ, ਹਰਗੋਬਿੰਦ ਸਿੰਘ, ਮੋਹਨ ਲਾਲ ਡੰਗ, ਰਾਮ ਚੰਦ ਕੰਬੋਜ ਨੇ ਵੀ ਸੰਬੋਧਨ ਕੀਤਾ।

# ਤਰਕਸ਼ੀਲ ਸੁਸਾਇਟੀ ਦੀ ਦੋ ਰੋਜ਼ਾ ਸੂਬਾਈ ਸਾਲਾਨਾ ਇਕੱਤਰਤਾ ਸਮਾਪਤ

## ਲੋਕ-ਪੱਖੀ ਸਮਾਜਿਕ ਤਬਦੀਲੀ ਲਈ ਸਮਰਪਣ ਭਾਵਨਾ ਦੀ ਲੋੜ 'ਤੇ ਜ਼ੋਰ

**ਬਰਨਾਲਾ (ਪੱਤਰ ਪ੍ਰੇਰਕ)**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਦੋ ਰੋਜ਼ਾ ਸੂਬਾਈ ਸਾਲਾਨਾ ਇਕੱਤਰਤਾ ਦੇ ਦੂਜੇ ਦਿਨ ਹੋਏ ਦੋ ਸ਼ੈਸ਼ਨਾਂ ਵਿੱਚ ਤਰਕਸ਼ੀਲ ਕਾਰਕੁੰਨਾਂ ਵਿੱਚ ਚਿੰਤਨ, ਅਧਿਐਨ ਤੇ ਸਵੈ ਚਿੰਤਨ ਦੀ ਲੋੜ ਸਬੰਧੀ ਅਤੇ ਸਮਾਜ ਵਿਚ ਦਿਨੋ ਦਿਨ ਵਧ ਰਹੇ ਮਾਨਸਿਕ ਰੋਗਾਂ ਦੇ ਕਾਰਨ ਤੇ ਇਲਾਜ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ।

ਪਹਿਲੇ ਸੈਸ਼ਨ ਵਿੱਚ ਤਰਕਸ਼ੀਲ ਕਾਰਕੁੰਨਾਂ ਵਿੱਚ ਸਮਰਪਣ ਭਾਵਨਾ, ਚਿੰਤਨ, ਅਧਿਐਨ ਤੇ ਸਵੈ ਚਿੰਤਨ ਦੀ ਭਾਵਨਾ ਵਿਕਸਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ।ਬੁਲਾਰਿਆਂ ਨੇ ਕਿਹਾ ਕਿ ਲੋਕ ਪੱਖੀ ਸਮਾਜਿਕ ਤਬਦੀਲੀ ਲਈ ਤਰਕਸ਼ੀਲ ਕਾਰਕੁੰਨਾਂ ਵਿੱਚ ਸਮਰਪਣ ਤੇ ਚਿੰਤਨ ਦੀ ਭਾਵਨਾ ਪੈਦਾ ਕਰਨ ਲਈ ਵਿਗਿਆਨਕ ਸਾਹਿਤ ਦੇ ਇਲਾਵਾ ਵਿਰੋਧੀ ਵਿਚਾਰਧਾਰਾ ਦੇ ਸਾਹਿਤ ਦਾ ਅਧਿਐਨ ਕਰਨ ਦੀ ਵੀ ਲੋੜ ਹੈ ਤਾਂ ਜੁ ਵਿਰੋਧੀਆਂ ਵੱਲੋਂ ਫੈਲਾਏ ਜਾਂਦੇ ਗੁੰਮਰਾਹਕੁੰਨ ਫ਼ਿਰਕੂ ਪ੍ਰਚਾਰ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਵਾਬ ਦਿੱਤਾ ਜਾ ਸਕੇ।ਇਸ ਮੌਕੇ ਤਰਕਸ਼ੀਲ ਸੁਸਾਇਟੀ ਨੂੰ ਨਿਰਸਵਾਰਥ ਸੇਵਾਵਾਂ ਦਾ ਯੋਗਦਾਨ ਦੇਣ ਕਰਕੇ ਡਾ. ਸਟਾਲਿਨਜੀਤ ਤੇ ਸੀ.ਏ.ਪ੍ਰਦੀਪ ਕੁਮਾਰ ਨੂੰ ਸਨਮਾਨਤ ਕੀਤਾ ਗਿਆ।ਦੂਜੇ ਸੈਸ਼ਨ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਤੇ ਮੁੱਖ ਬੁਲਾਰੇ ਡਾ. ਰਾਜ ਕੁਮਾਰ ਬਾਂਸਲ ਨੇ ਮਾਨਸਿਕ ਰੋਗਾਂ ਦੀਆਂ ਵੱਖ-ਵੱਖ ਕਿਸਮਾਂ ਬਾਰੇ ਕਿਹਾ ਕਿ ਮਾਨਸਿਕ ਰੋਗਾਂ ਦਾ ਜ਼ਿਆਦਾਤਰ ਸੰਬੰਧ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵਿਅਕਤੀ ਦੀਆਂ ਆਰਥਿਕ, ਪਰਵਾਰਕ,




ਵਿਹਾਰਕ, ਮਨੋਵਿਗਿਆਨਕ ਤੇ ਸਮਾਜਿਕ ਹਾਲਤਾਂ ਨਾਲ ਜੁੜਿਆ ਹੁੰਦਾ ਹੈ।ਮਾਨਸਿਕ ਰੋਗਾਂ, ਖ਼ੁਦਕਸ਼ੀਆਂ, ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਵਿਰੁੱਧ ਲੜਾਈ ਨੂੰ ਤਦ ਤੱਕ ਨਹੀਂ ਜਿੱਤਿਆ ਜਾ ਸਕਦਾ, ਜਦ ਤੱਕ ਉਨ੍ਹਾਂ ਸਾਮਰਾਜ ਪੱਖੀ ਤੇ ਲੋਕ ਵਿਰੋਧੀ ਆਰਥਿਕ, ਸਮਾਜਿਕ, ਸਿਆਸੀ ਹਾਲਤਾਂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਿਆ ਨਹੀਂ ਜਾਂਦਾ, ਜਿਹੜਾ ਇਨ੍ਹਾਂ ਅਜਿਹੀਆਂ ਹਾਲਤਾਂ ਨੂੰ ਪੈਦਾ ਕਰਨ ਲਈ ਜ਼ਿੰਮੇਵਾਰ ਹੈ।ਉਨ੍ਹਾਂ ਤਰਕਸ਼ੀਲ ਸੁਸਾਇਟੀ ਵੱਲੋਂ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਮਾਨਸਿਕ ਉਲਝਣਾਂ ਦੇ ਹਜ਼ਾਰਾਂ ਕੇਸ ਹੱਲ ਕਰਨ ਦੀ ਪ੍ਰਸੰਸਾ ਕਰਦਿਆਂ ਲੋਕਾਂ ਨੂੰ ਇਨ੍ਹਾਂ ਦਾ ਇਲਾਜ ਪਾਖੰਡੀ ਬਾਬਿਆਂ ਤੇ ਡੇਰੇਦਾਰਾਂ ਕੋਲ ਜਾਣ ਦੀ ਥਾਂ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਕੋਲ ਕਰਾਉਣ ਦੀ ਲੋੜ ਉਤੇ ਜ਼ੋਰ ਦਿੱਤਾ।ਸਮਾਰੋਹ ਵਿੱਚ ਪਾਸ ਕੀਤੇ ਮਤਿਆਂ ਵਿਚ ਭਾਰਤ ਵਿਚ ਧਰਮ ਤੋਂ ਰਾਜਨੀਤੀ ਨੂੰ ਵੱਖ ਕਰਨ, ਫ਼ਿਰਕੂ ਨਫ਼ਰਤੀ ਭਾਸ਼ਣ ਕਰਨ ਉਤੇ ਸਖ਼ਤ ਪਾਬੰਦੀ ਲਾਉਣ, ਤਰਕਸ਼ੀਲ ਆਗੂਆਂ ਅਤੇ ਸਮਾਜਿਕ ਕਾਰਕੁੰਨਾਂ ਉਤੇ ਧਾਰਾ 295 ਅਤੇ 295 ਏ ਹੇਠ ਦਰਜ ਝੂਠੇ ਅਤੇ ਨਜਾਇਜ਼ ਕੇਸਾਂ ਨੂੰ ਤੁਰੰਤ 'ਤੇ ਬਿਨਾਂ ਸ਼ਰਤ ਰੱਦ ਕਰਨ ਦੀ ਮੰਗ ਕਰਦਿਆਂ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਬਣਾਉਣ ਸਮੇਤ ਕੌਮੀ ਸਿੱਖਿਆ ਨੀਤੀ 2020 ਸਮੇਤ ਸਿੱਖਿਆ ਦਾ ਭਗਵਾਂਕਰਨ, ਨਿੱਜੀਕਰਨ ਤੇ ਵਪਾਰੀਕਰਨ ਦੀ ਨੀਤੀ ਰੱਦ ਕਰਕੇ ਅਤੇ ਵਿਗਿਆਨਕ ਪਾਠਕ੍ਰਮਾਂ ਨੂੰ ਬਹਾਲ ਕਰਨ ਅਤੇ ਸਰਕਾਰੀ ਹਸਪਤਾਲਾਂ ਅਤੇ ਮੁੱਢਲੇ ਸਿਹਤ ਕੇਂਦਰਾਂ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨਿਯੁਕਤ ਕੀਤੇ ਜਾਣ ਦੇ ਮਤੇ ਰਾਜ ਭਰ ਤੋਂ ਆਏ ਤਰਕਸ਼ੀਲ ਡੈਲੀਗੇਟਾਂ ਨੇ ਸਰਬਸੰਮਤੀ ਨਾਲ ਪਾਸ ਕੀਤੇ।ਦੋਹਾਂ ਸ਼ੈਸ਼ਨਾਂ ਵਿੱਚ ਹੋਈ ਮੁੱਲਵਾਨ ਚਰਚਾ ਵਿੱਚ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜਪਾਲ ਸਿੰਘ, ਬਲਬੀਰ ਲੌਂਗੋਵਾਲ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ, ਅਜੀਤ ਪ੍ਰਦੇਸੀ, ਜਸਵੰਤ ਮੋਹਾਲੀ, ਜਸਵਿੰਦਰ ਫਗਵਾੜਾ, ਜੋਗਿੰਦਰ ਕੁੱਲੇਵਾਲ, ਸੰਦੀਪ ਧਾਰੀਵਾਲ ਭੋਜਾਂ, ਗੁਰਪ੍ਰੀਤ ਸ਼ਹਿਣਾ, ਰਾਜੇਸ਼ ਅਕਲੀਆ, ਭੂਰਾ ਸਿੰਘ ਮਹਿਮਾ, ਮਾਸਟਰ ਲੱਖਾ ਸਿੰਘ, ਸੱਤਪਾਲ ਸਲੋਹ, ਪਰਮਵੇਦ ਸੰਗਰੂਰ, ਪ੍ਰਿੰਸੀਪਲ ਗੁਰਮੀਤ ਖਰੜ, ਕੁਲਜੀਤ ਫ਼ਾਜ਼ਿਲਕਾ, ਬਲਰਾਜ ਮੌੜ, ਰਾਮ ਸਿੰਘ ਨਿਰਮਾਣ, ਜੋਗਾ ਸਿੰਘ, ਮਨਜੀਤ ਘਣਗਸ, ਕੁਲਵਿੰਦਰ ਨਗਾਰੀ, ਗਗਨ ਰਾਮਪੁਰਾ, ਹਰਚੰਦ ਭਿੰਡਰ, ਸੁਖਵਿੰਦਰ ਬਾਗਪੁਰ, ਦੀਪ ਦਿਲਬਰ, ਲਾਭ ਸਿੰਘ ਛਾਜਲੀ, ਮਜੀਦ ਆਜ਼ਾਦ , ਨਸੀਬ ਚੰਦ ਬੱਬੀ, ਸੁਰਿੰਦਰ ਪਾਲ ਪਿੱਦੀ, ਜਸਪਾਲ ਬਾਸਰਕੇ, ਮੋਹਣ ਬਡਲਾ, ਰਾਜ ਕੁਮਾਰ ਵੇਰਕਾ, ਸੰਦੀਪ ਦਰਦੀ, ਰਾਜਿੰਦਰ ਜੰਡਿਆਲਵੀ ਆਦਿ ਤਰਕਸ਼ੀਲ ਆਗੂਆਂ ਨੇ ਭਾਗ ਲਿਆ।ਇਸ ਦੋ ਰੋਜ਼ਾ ਸਮਾਗਮ ਦੇ ਸਮੁੱਚੇ ਪ੍ਰਬੰਧਾਂ ਨੂੰ ਸਹੀ ਢੰਗ ਨਾਲ ਨਿਭਾਉਣ ਦੀ ਜ਼ਿੰਮੇਵਾਰੀ ਸੂਬਾਈ ਵਿਤ ਮੁਖੀ ਰਾਜੇਸ਼ ਅਕਲੀਆ ਵੱਲੋਂ ਬਾਖ਼ੂਬੀ ਨਿਭਾਈ ਗਈ।

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਸਥਾਪਨਾ ਦਿਵਸ ਸਮਾਰੋਹ ਮੌਕੇ ਸਮਾਜਿਕ ਸਰੋਕਾਰਾਂ ਨਾਲ ਜੁੜਨ ਦਾ ਸੱਦਾ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**

ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਪੰਜਾਬੀ ਭਵਨ ਲੁਧਿਆਣਾ 'ਚ ਸਥਾਪਨਾ ਦਿਵਸ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਚਰਚਾ ਕੌਮਾਂਤਰੀ ਮੈਗਜ਼ੀਨ ਦੇ ਸੰਪਾਦਕ ਦਰਸ਼ਨ ਸਿੰਘ ਢਿੱਲੋਂ, ਪ੍ਰਸਿੱਧ ਪ੍ਰਗਤੀਵਾਦੀ ਲੇਖਕ ਜੋਗਿੰਦਰ ਸਿੰਘ ਨਿਰਾਲਾ, ਸੁਰਿੰਦਰ ਕੈਲੇ ਤੇ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ ਨੇ ਕੀਤੀ।ਮੁੱਖ ਬੁਲਾਰੇ ਵਜੋਂ ਬੋਲਦਿਆਂ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਉਸ ਇਨਕਲਾਬੀ ਪਿਛੋਕੜ ਦਾ ਜ਼ਿਕਰ ਕੀਤਾ, ਜਿਸ ਵਿੱਚੋਂ ਸਜ਼ਾਦ ਜ਼ਹੀਰ, ਰਸ਼ੀਦ ਜਹਾਂ, ਮੁੰਸ਼ੀ ਪ੍ਰੇਮਚੰਦ, ਇਸਮਤ ਚੁਗਤਾਈ, ਮੰਟੋ ਤੇ ਫ਼ੈਜ਼ ਅਹਿਮਦ ਫ਼ੈਜ਼ ਵਰਗੇ ਵਿਸ਼ਵ ਪੱਧਰੀ ਚਿੰਤਕਾਂ ਨੇ ਮਿਲ ਕੇ ਇਹ ਰਾਸ਼ਟਰੀ ਮੰਚ ਬਣਾਇਆ ਅਤੇ ਆਜ਼ਾਦੀ ਦੀ ਲੜਾਈ ਤੋਂ ਲੈ ਕੇ ਹੁਣ ਤੱਕ ਦੇਸ਼ ਵਿੱਚ ਫ਼ਿਰਕਾਪ੍ਰਸਤ ਤੇ ਫਾਸ਼ੀਵਾਦੀ ਤਾਕਤਾਂ ਦਾ ਡਟ ਕੇ ਮੁਕਾਬਲਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ।ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਅੱਜ ਦੇ ਦੌਰ ਦੀਆਂ ਚੁਣੌਤੀਆਂ ਦੇ ਪ੍ਰਸੰਗ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਨੂੰ ਔਰਤਾਂ, ਦਲਿਤਾਂ ਅਤੇ ਹੋਰ ਹਾਸ਼ੀਆਕ੍ਰਿਤ ਸਮੂਹਾਂ ਦੀ ਲੜਾਈ ਅੱਗੇ ਵਧ ਕੇ ਕਰਨੀ ਚਾਹੀਦੀ ਹੈ।ਸਮਾਗਮ ਦੇ ਮੁੱਖ ਮਹਿਮਾਨ ਦਰਸ਼ਨ ਸਿੰਘ ਢਿੱਲੋਂ ਨੇ ਲੇਖਕਾਂ ਤੇ




ਕਵੀ ਦਰਬਾਰ ਦੀ ਪ੍ਰਧਾਨਗੀ ਕਰ ਰਹੇ ਡਾ. ਅਰਵਿੰਦਰ ਕੌਰ ਕਾਕੜਾ, ਡਾ. ਸੰਤੋਖ ਸਿੰਘ।

ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਸਜ਼ਾਦ ਜ਼ਹੀਰ, ਮੁੰਸ਼ੀ ਪ੍ਰੇਮਚੰਦ ਦੁਆਰਾ 1936 ਵਿਚ ਦਿੱਤੇ ਭਾਸ਼ਣਾਂ ਵਿਚਲੇ ਕਥਨਾਂ ਦੇ ਹਵਾਲੇ ਨਾਲ ਵਰਤਮਾਨ ਦੌਰ ਵਿੱਚ ਪ੍ਰਗਤੀਸ਼ੀਲ ਸੰਘ ਦੀ ਭੂਮਿਕਾ ਤੇ ਚਰਚਾ ਕੀਤੀ।ਪ੍ਰਧਾਨ ਸੁਰਜੀਤ ਜੱਜ ਨੇ ਪੰਜਾਬ ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਇਕਾਈਆਂ ਦੇ ਕਾਰਜਾਂ ਦੇ ਹਵਾਲੇ ਨਾਲ ਸੰਸਥਾ ਦੀ ਕਾਰਗੁਜ਼ਾਰੀ 'ਤੇ ਚਾਨਣਾ ਪਾਇਆ।

ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ, ਜਿਸ ਦੀ ਪ੍ਰਧਾਨਗੀ ਉੱਘੇ ਪ੍ਰਗਤੀਸ਼ੀਲ ਸ਼ਾਇਰ ਭਗਵਾਨ ਢਿੱਲੋਂ, ਉੱਘੇ ਸ਼ਾਇਰ ਹਰਮੀਤ ਵਿਦਿਆਰਥੀ ਅਤੇ ਕਵਿਤਾ ਦੇ ਆਲੋਚਕ ਡਾ. ਅਰਵਿੰਦਰ ਕਾਕੜਾ ਨੇ ਕੀਤੀ ਅਤੇ ਮੰਚ ਸੰਚਾਲਨ ਦੀ ਭੂਮਿਕਾ ਸ਼ਾਇਰ ਡਾ. ਸੰਤੋਖ ਸੁੱਖੀ ਨੇ ਨਿਭਾਈ।ਇਸ ਕਵੀ ਦਰਬਾਰ ਵਿੱਚ ਰਾਜਦੀਪ ਤੂਰ, ਬਲਵਿੰਦਰ ਭੱਟੀ, ਰਵੀ ਰਵਿੰਦਰ, ਸੁਖਜੀਵਨ, ਗੁਰਪ੍ਰੀਤ ਕੌਰ, ਮਲਕੀਤ ਜੌੜਾ, ਬਲਵਿੰਦਰ ਸਿੰਘ ਢਿੱਲੋਂ, ਜਸਪਾਲ ਮਾਨਖੇੜਾ, ਜਸਵੀਰ ਝੱਜ, ਅਮਰਜੀਤ ਸ਼ੇਰਪੁਰੀ, ਮਨਦੀਪ ਕੌਰ ਭੰਮਰਾ, ਧਰਵਿੰਦਰ ਔਲਖ, ਭੁਪਿੰਦਰ ਸੰਧੂ, ਗੁਲਾਬ ਸਿੰਘ, ਇੰਦਰਜੀਤ ਜਾਦੂ, ਨਰਿੰਦਰਪਾਲ ਕੌਰ, ਸਤਨਾਮ ਸਿੰਘ, ਦੀਪਕ ਧਲੇਵਾਂ, ਮਨੂ ਬੁਆਣੀ, ਸੁਖਬੀਰ ਭੁੱਲਰ, ਪਰਮਜੀਤ ਕੌਰ ਮਹਿਕ, ਕੁਲਵਿੰਦਰ ਕਿਰਨ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

page-6-9-Apri.-2024.qxd 4/8/2024 11:08 PM Page 1



# ਅਮੋਲਕ ਸਿੰਘ ਸ਼ਾਹ ਨੂੰ ਅਜਨਾਲਾ ਸ਼ਹਿਰੀ ਯੂਥ ਅਕਾਲੀ ਦਲ ਦਾ ਪ੍ਰਧਾਨ ਥਾਪਿਆ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**— ਅਜਨਾਲਾ ਸ਼ਹਿਰ ਦੇ ਬੱਲ ਪੈਲੇਸ ਵਿੱਚ ਇੱਕ ਸੰਖੇਪ ਪ੍ਰੋਗਰਾਮ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਜਨਾਲਾ ਦੇ ਸ਼ਹਿਰੀ ਯੂਥ ਦਾ ਪ੍ਰਧਾਨ ਅਮੋਲਕ ਸਿੰਘ ਨੂੰ ਥਾਪਿਆ ਗਿਆ। ਇਸ ਮੌਕੇ ਅਮੋਲਕ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ, ਮਾਝੇ ਦੇ ਜਰਨੈਲ ਬਿਕਰਮ ਸਿੰਘ ਮਜੀਠੀਆ ਅਤੇ ਅਜਨਾਲਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਯੋਧ ਸਿੰਘ ਸਮਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਮੇਰੇ ਸਿਰ 'ਤੇ ਜ਼ਿੰਮੇਵਾਰੀ ਦਿੱਤੀ ਹੈ ਮੈਂ ਉਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਲਈ ਦਿਨ-ਰਾਤ ਮਿਹਨਤ ਕਰਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਾਂਗਾ। ਬੀਤੇ ਕੁਝ ਦਿਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਜਨਾਲਾ ਹਲਕੇ ਵਿੱਚ ਬਹੁਤ ਹੀ ਸਾਰੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਜਿਸ ਵਿੱਚ ਵਿਲਾਇਤ ਮਸੀਹ ਬੰਟੀ ਨੂੰ ਚੋਣ ਮੈਨੀਫੈਸਟੋ ਕਮੇਟੀ ਦਾ ਸਪੈਸ਼ਲ ਇਨਵਾਇਟੀ ਮੈਂਬਰ, ਜ਼ੋਰਾਵਰ ਸਿੰਘ ਸਾਬਕਾ ਪ੍ਰਧਾਨ ਨਗਰ ਪੰਚਾਇਤ ਅਜਨਾਲਾ, ਰੁਪਿੰਦਰ ਸਿੰਘ ਰੂਬੀ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ ਨੂੰ ਪੀਏਸੀ ਦਾ ਮੈਂਬਰ ਵੀ ਬਣਾਇਆ ਗਿਆ ਹੈ। ਇਸ ਪ੍ਰੋਗਰਾਮ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ, ਇਕਬਾਲ ਸਿੰਘ ਸਾਬਕਾ ਨਗਰ ਪੰਚਾਇਤ ਪ੍ਰਧਾਨ, ਮਨਜੀਤ ਸਿੰਘ ਨਿੱਜਰ ਸਾਬਕਾ ਨਗਰ ਪੰਚਾਇਤ ਪ੍ਰਧਾਨ, ਜੋਰਾਵਰ ਸਿੰਘ ਸੀਨੀਅਰ ਅਕਾਲੀ, ਇਕਬਾਲ ਸਿੰਘ, ਪਵਿੱਤਰ ਸਿੰਘ ਫੈਂਸੀ, ਪਰਗਟ ਸਿੰਘ ਚੱਕ ਬਾਲਾ, ਧਰਵਿੰਦਰ ਸਿੰਘ ਗਿੱਲ, ਅਮਰ ਸਿੰਘ, ਡਿੰਪਲ ਫੱਤੋਵਾਲ, ਹੀਰਾ ਸਿੰਘ ਕਮੀਰਪੁਰ, ਦਲਬੀਰ ਸਿੰਘ ਚੱਕ ਡੋਗਰਾ, ਸੁਰਜੀਤ ਸਿੰਘ, ਜਸਪਾਲ ਸਿੰਘ ਲਾਟੀ, ਜਰਨੈਲ ਸਿੰਘ, ਕਾਲਾ ਸਿੰਘ ਬਿੱਲਾ, ਉਗਰ ਔਲਖ, ਅਨਮੋਲ ਸਿੰਘ, ਗੁਰਚਰਨ ਸਿੰਘ ਫੱਤੋਵਾਲ ਆਦਿ ਹਾਜ਼ਰ ਸਨ।

## ਵਰਕਿੰਗ ਕਮੇਟੀ ਮੈਂਬਰ ਬਣਨ 'ਤੇ ਵਧਾਈਆਂ ਦਿੱਤੀਆਂ



**ਅਮਲੋਹ, (ਲਖਵੀਰ ਸਿੰਘ, ਹਰਚਰਨ)**- ਸ਼ਿੰਦਰਪਾਲ ਵਿੱਕੀ ਮਿੱਤਲ ਅਮਲੋਹ ਨੂੰ ਯੂਥ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਬਣਨ ਤੇ ਜਤਿੰਦਰਪਾਲ ਸਿੰਘ ਚੈਰੀ ਭਾਂਬਰੀ ਨੂੰ ਯੂਥ ਅਕਾਲੀ ਦਲ ਦਾ ਵਰਕਿੰਗ ਕਮੇਟੀ ਮੈਂਬਰ ਬਣਨ 'ਤੇ ਵਧਾਈਆਂ ਦਿੱਤੀਆਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ, ਯੂਥ ਅਕਾਲੀ ਦਲ ਦੇ ਕੋਆਰਡੀਨੇਟਰ ਪਰਮਬੰਸ ਸਿੰਘ ਬੰਟੀ ਰੋਮਾਣਾ ਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦਾ ਧੰਨਵਾਦ ਕੀਤਾ।

## ਪਿੰਡ ਲੱਖਪੁਰ ਵਿਖੇ ਮਨਾਇਆ ਢੱਡਵਾਲ ਜਠੇਰਿਆਂ ਦਾ ਸਲਾਨਾ ਜੋੜ ਮੇਲਾ

**ਫਗਵਾੜਾ (ਡਾ. ਰਮਨ, ਢੱਡਾ)**- ਢੱਡਵਾਲ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਇੱਥੋਂ ਦੇ ਨਜ਼ਦੀਕੀ ਪਿੰਡ ਲੱਖਪੁਰ ਵਿਖੇ ਪ੍ਰਬੰਧਕ ਕਮੇਟੀ ਵਲੋਂ ਸਮੂਹ ਢੱਡਵਾਲ ਪਰਵਾਰਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾਪੂਰਵਕ ਮਨਾਇਆ ਗਿਆ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਦੀਵਾਨ ਸਜਾਇਆ ਗਿਆ। ਢਾਡੀ ਤੇ ਰਾਗੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਕਮੇਟੀ ਪ੍ਰਧਾਨ ਬਲਬੀਰ ਸਿੰਘ ਢੱਡਵਾਲ, ਮਲਜਿੰਦਰ ਸਿੰਘ ਢੱਡਵਾਲ ਅਤੇ ਬਲਦੇਵ ਸਿੰਘ ਤੇ ਰੇਸ਼ਮ ਸਿੰਘ ਢੱਡਵਾਲ ਨੇ ਸਮੂਹ ਢੱਡਵਾਲ ਪਰਵਾਰਾਂ ਨੂੰ ਸਾਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਪਣੇ ਪੁਰਖਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਜਿਨ੍ਹਾਂ ਦੀ ਬਦੌਲਤ ਅੱਜ ਦੁਨੀਆ ਭਰ ਵਿਚ ਢੱਡਵਾਲ ਪਰਵਾਰ ਤਰੱਕੀਆਂ ਮਾਣ ਰਹੇ ਹਨ। ਵੱਡੀ ਗਿਣਤੀ ਵਿਚ ਢੱਡਵਾਲ ਪਰਵਾਰਾਂ ਨੇ ਹਾਜ਼ਰੀਆਂ ਭਰੀਆਂ ਅਤੇ ਵੱਡੇ ਵਡੇਰਿਆਂ ਦਾ ਅਸ਼ੀਰਵਾਦ ਲਿਆ। ਚਾਹ ਪਕੌੜੇ, ਜਲੇਬੀਆਂ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਨਛੱਤਰ ਸਿੰਘ ਐਨ.ਆਰ.ਆਈ., ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ, ਸੁਰਜੀਤ ਸਿੰਘ, ਮਹਿੰਦਰ ਸਿੰਘ ਢੱਡਵਾਲ, ਮਲਕੀਤ ਸਿੰਘ ਢੱਡਵਾਲ, ਲੈਂਬਰ ਸਿੰਘ ਢੱਡਵਾਲ, ਕੁਲਦੀਪ ਸਿੰਘ ਢੱਡਵਾਲ, ਗੁਰਪ੍ਰਤਾਪ ਸਿੰਘ ਢੱਡਵਾਲ, ਦੀਪਾ ਨੰਬਰਦਾਰ, ਮੋਹਨ ਸਿੰਘ, ਜਤਿੰਦਰ ਸਿੰਘ, ਰਣਜੀਤ ਸਿੰਘ, ਹਰਜਿੰਦਰ ਸਿੰਘ, ਪਿਆਰਾ ਸਿੰਘ ਢੱਡਵਾਲ, ਕੁਲਵੰਤ ਸਿੰਘ ਨੰਬਰਦਾਰ, ਅਵਤਾਰ ਸਿੰਘ, ਗੁਰਦਿਆਲ ਸਿੰਘ, ਬਲਜੀਤ ਸਿੰਘ ਢੱਡਵਾਲ, ਜਸਕਰਣ ਸਿੰਘ, ਜੱਸਾ ਭੱਟੀ, ਮਨਜੀਤ ਸਿੰਘ, ਜੱਸੀ ਸਿੰਘ, ਜਗਦੀਪ ਸਿੰਘ, ਅੰਮ੍ਰਿਤ ਸਿੰਘ, ਹਰਮਨ ਸਿੰਘ, ਸਿਮਰ ਢੱਡਵਾਲ, ਰਮਨਦੀਪ ਸਿੰਘ ਨੰਬਰਦਾਰ, ਇੰਦਰਜੀਤ ਸਿੰਘ ਇੰਦਾ ਆਦਿ ਹਾਜ਼ਰ ਸਨ।

## ਵਰ੍ਹੇਗੰਢ ਮਨਾਈ



ਹਾਕਮ ਸਿੰਘ ਈ. ਟੀ. ਓ. ਅਤੇ ਦਲਜੀਤ ਕੌਰ ਨਿਵਾਸੀ ਸ੍ਰੀ ਮਾਛੀਵਾੜਾ ਸਾਹਿਬ, ਜ਼ਿਲ੍ਹਾ ਲੁਧਿਆਣਾ ਨੇ ਆਪਣੇ ਵਿਆਹ ਦੀ 34ਵੀਂ ਵਰ੍ਹੇਗੰਢ ਮਨਾਈ।

## COURT NOTICE

(U/o 5 Rule 20 CPC)
In the Court of
Sh. Amrinder Pal Singh
Additional District and Sessions Judge, Ludhiana
CNR No. PBLD01-008539-2023
Next Date :- 28-05-2024
Bharti
Vs.
1. Suraj Gupta
Publication Issued To:
1. Suraj Gupta S/o Not Known, 2. Usha Gupta W/o Sh. Suraj Gupta R/o H. No. 40, Bachan Singh Nagar, Village Baloke, Tehsil and District Ludhiana.

In above titled case, the defendant(s)/ respondent(s) could not be served. It is ordered that defendant (s)/ respondent (s) should appear in person or through counsel on 28.05.2024 at 10:00 A.M.

For details logon to https://highcourtchd.gov.in/?trs=district_notice&district= Ludhiana

Additional District and Sessions Judge, Ludhiana
Dated this day of 28-03-2024

## COURT NOTICE

(U/o 5 Rule 20 CPC)
In The Court of Sh. Bagicha Singh Civil Judge, (Senior Division) Tarn Taran
Next Date, Purpose of case, Orders and Judgments as well as other case information is available on http://districts.ecourts.gov.in
CNR No. PBTT02-002192-2023
Next Date : 30.04.2024
Punjab National Bank
Vs
Kashmir Singh
Publication Issued To:
Kashmir Singh :
Pritam Singh R/o Village Sarhali Kalan,Tehsil and District Tarn Taran.

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 30.04.2024 at 10:00 A.M.

For details logon to https://highcourtchd.gov.in/?trs=district_notice&district=Tarn Taran

Civil Judge, (Senior Division) Tarn Taran
Dated this day of 06-04-2024

## COURT NOTICE

In the Court of
Sh. Tarunpreet Singh
Judicial Magistrate- 1st Class, Ludhiana
Coma/44028/2022
CNR No. PBLD03-065949-2022
Next Date :- 08-05-2024
Happy
Vs.
Gurwinderpal Singh
Publication Issued to :
Gurwinderpal Singh S/o Davinder Singh R/o H. No. 2099, Sector 32-A, Chandigarh Road, Ludhiana, M. 80545-63647. IInd Address :- H. No. 1837, Ward No. 50, khud Mohalla, Ludhiana.

In above titled case, accused Could not be served.It is ordered that accused should appear in person or through counsel on 08.05.2024 at 10:00 A.M.

For details logon to https://highcourtchd.gov.in/?trs=district notice&district= Ludhiana

Judicial Magistrate- 1st Class, Ludhiana
Dated this day of 02-04-2024

## Lost and Found

ਮੈ ਵਿੱਕੀ ਮਲਹੋਤਰਾ ਪੁੱਤਰ ਸ੍ਰੀ ਰਾਮ ਲਾਲ ਮਲਹੋਤਰਾ ਵਾਸੀ ਮਕਾਨ ਨੰ:1090/9 ਗਲੀ ਗੁਜਰਾ ਵਾਲੀ ਚੌਕ ਬਾਬਾ ਸਾਹਿਬ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਰਜਿਸਟਰੀ ਪਲਾਟ ਸਫੈਦ ਖਸਰਾ ਨੰਬਰ :580 ਮਿੰਨ, ਕੁੱਲ ਰਕਬਾ 80 ਵਰਗ ਗਜ , ਵਾਕਿਆ ਤੁੰਗਬਾਲਾ ਸੰਧੂ ਕਲੋਨੀ, ਅੰਮ੍ਰਿਤਸਰ ਵਿਖੇ ਹੈ ਜੋ ਕਿ ਮੈ ਸ੍ਰੀ ਸ਼ਸ਼ੀਕਾਂਤ ਪੁੱਤਰ ਸ੍ਰੀ ਸੁਦਰਸ਼ਨ ਵਲਦ ਸ੍ਰੀ ਸ਼ੰਕਰ ਵਾਸੀ ਜਗਦੰਬੇ ਕਲੋਨੀ , ਬਟਾਲਾ ਰੋਡ ਅਤੇ ਸ੍ਰੀ ਦੇਸ ਰਾਜ ਪੁੱਤਰ ਸ੍ਰੀ ਹੁਕਮ ਚੰਦ ਵਲਦ ਸ੍ਰੀ ਸ਼ੀਵ ਦਿਆਲ ਵਾਸੀ 465, ਗੋਪਾਲ ਨਗਰ ਮਜੀਠਾ ਰੋਡ ਅੰਮ੍ਰਿਤਸਰ ਕੋਲੋ ਖਰੀਦ ਕੀਤਾ ਹੋਇਆ ਹੈ ਜਿਸਦਾ ਜਮ੍ਹਾਂਬੰਦੀ ਖਸਰਾ ਨੰਬਰ :2076933/580 ਮਿੰਨ ਖਾਤਾ ਖਤੌਨੀ ਨੰਬਰ 476/1005 ਜਮ੍ਹਾਂਬੰਦੀ ਸਾਲ 2001-2002 ਜੋ ਮਹਿਕਮਾ ਸਬ ਰਜਿਸਟਰਾਰ ਵਿਚ ਵਸੀਕਾ ਨੰਬਰ 1488, ਬਹੀ 1, ਜਿਲਦ ਨੰ: 3268 ਦੇ ਸਫਾ ਨੰਬਰ 2829 ਮਿਤੀ 25-04-2008 ਤਸਦੀਕ ਸੁਦਾ ਸਬ ਰਜਿਸਟਰਾਰ ਅੰਮ੍ਰਿਤਸਰ -2 ਵਿਚ ਦਰਜ ਹੈ।ਜੋ ਕਿ ਮਿਤੀ : 20/03/2024 ਨੂੰ ਆਪਣੇ ਘਰ ਤੋਂ ਲਕਸ਼ਮਨਸਰ ਬਜਾਰ ਵਿਖੇ ਫੋਟੋ ਕਾਪੀ ਕਰਵਾਉਣ ਲਈ ਗਿਆ ਸੀ ਤਾ ਰਜਿਸਟਰੀ ਰਸਤੇ ਵਿਚ ਕਿਤੇ ਡਿੱਗ ਪਈ । ਜਿਸਨੂੰ ਮੈ ਲੱਭਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਮੈਨੂੰ ਕਿਧਰੇ ਨਹੀ ਮਿਲੀ।

## COURT NOTICE

(U/o 5 Rule 20 CPC)
In The Court of
Sh. Tanveer Singh Madhav
Civil Judge, (Junior Division) Tarn Taran
Next Date, Purpose of case, Orders and Judgments as well as other case information is available on http://districts.ecourts.gov.in
CNR No. PBTT02-000735-2022
Next Date : 30.04.2024
Punjab National Bank
Vs
Amar Singh
Publication Issued To:
Pargat Singh
:- Amar Singh R/o House No. 79, Village Shakri,Tehsil and District Tarn Taran.

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 30.04.2024 at 10:00 A.M.

For details logon to https://highcourtchd.gov.in/?trs=district_notice&district=Tarn Taran

Civil Judge, (Junior Division) Tarn Taran
Dated this day of 27-03-2024

## COURT NOTICE

(U/o 5 Rule 20 CPC)
In the Court of Ms. Ankita Mital
Civil Judge Junior Division-2, Nabha
CNR No. PBPTB0-001388-2022
Next Date :- 03-05-2024
Union Bank of India
Vs.
Dilbag Singh
Publication Issued to :
Balwinder Singh
:- Gurdev Singh, Village Sakrali, Sub Tehsil Bhadson, Tehsil Nabha, District Patiala

In above titled case, the defendant(s)/ respondent (s) could not be served. It is ordered that defendant(s)/ respondent(s) should appear in person or through counsel on 03.05.2024 at 10:00 A.M.

For details logon to https://highcourtchd.gov.in/?trs =district notice&district= Patiala

Civil Judge Junior Division-2, Nabha
Dated this day of 06-04-2024

## COURT NOTICE

(U/o 5 Rule 20 CPC)
In the Court of
Ms. Minakshi Mahajan
Additional Civil Judge (Senior Division), Payal
CNR No. PBLDD0-000017-2020
Next Date :- 24-04-2024
Bank of India, Branch Office at Doraha, Tehsil Pyal, District Ludhiana
Vs.
Sandeep Kaur
Publication Issued to :
Kulwinder Singh @ Kulwinderjit Singh S/o Sampuran Singh Resident of Near Kali Mata Mandir, Backside, G.N.N. College, Doraha, Tehsil Payal,District Ludhiana.

In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 24.04.2024 at 10:00 A.M.

For details logon to https://highcourtchd.gov.in/?trs=district notice&district= Ludhiana

Additional Civil Judge (Senior Division) Payal
Dated this day of 05-04-2024

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਬਲਬੀਰ ਰਾਜ ਸਿੰਘ, ਪੀ. ਸੀ. ਐਸ. ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਆਦਮਪੁਰ
ਕੇਸ ਨੰਬਰ 01/ ਅਪੀਲਜ਼/2023
ਪਾਰਟੀਸ਼ਨ ਅਪੀਲ ਪਿੰਡ ਕੰਦੋਲਾ
ਕੇਸ ਅਨੁਵਾਨ :
ਜੋਗਿੰਦਰ ਸਿੰਘ ਪੁੱਤਰ ਗਨੇਸ਼ਾ ਸਿੰਘ ਮੁਤਵਫੀ ਰਾਹੀਂ ਪਤਨੀ ਜੋਗਿੰਦਰ ਕੌਰ ਵਾਸੀ ਪਿੰਡ ਕੰਦੋਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ। ਅਪੀਲ ਕਰਤਾ ....
ਬਨਾਮ
1.ਜੋਗਿੰਦਰ ਸਿੰਘ ਪੁੱਤਰ ਰੰਗਾ ਸਿੰਘ ਰਾਹੀਂ ਅਟਾਰਨੀ ਜਸਵਿੰਦਰ ਸਿੰਘ, 2. ਬਲਬੀਰ ਸਿੰਘ ਪੁੱਤਰ ਪਿਆਰਾ ਸਿੰਘ, 3. ਸਾਧੂ ਸਿੰਘ ਪੁੱਤਰ ਪਿਆਰਾ ਸਿੰਘ, 4. ਬਲਜੀਤ ਕੌਰ ਪਤਨੀ ਲੇਟ ਜਸਵੀਰ ਸਿੰਘ, 5. ਜਰਨੈਲ ਸਿੰਘ ਪੁੱਤਰ ਅਮਰ ਸਿੰਘ ਉਰਫ ਅਮਰੂ, 6. ਗੁਰਦਿਆਲ ਸਿੰਘ ਪੁੱਤਰ ਕਰਨੈਲ ਸਿੰਘ, 7. ਪੂਰਨ ਸਿੰਘ ਪੁੱਤਰ ਮੇਲਾ ਸਿੰਘ, 8. ਸਵਰਨ ਕੌਰ ਪੁੱਤਰੀ ਮੇਲਾ ਸਿੰਘ, 9. ਹਰਵਿੰਦਰ ਕੌਰ ਪਤਨੀ ਇਕਬਾਲ ਸਿੰਘ, 10. ਨਵਜੋਤ ਸਿੰਘ ਪੁੱਤਰ ਇਕਬਾਲ ਸਿੰਘ, 11. ਸਰਬਜੋਤ ਸਿੰਘ ਪੁੱਤਰ ਇਕਬਾਲ ਸਿੰਘ, 12. ਜਗਤਾਰ ਸਿੰਘ ਪੁੱਤਰ ਬੰਤਾ ਸਿੰਘ, 13. ਬਲਦੇਵ ਸਿੰਘ ਪੁੱਤਰ ਕਰਨੈਲ ਸਿੰਘ, 14. ਜਗਜੀਤ ਸਿੰਘ ਪੁੱਤਰ ਦਰਸ਼ਨ ਸਿੰਘ, 15. ਜਗਮੋਹਣ ਸਿੰਘ ਪੁੱਤਰ ਕਰਨੈਲ ਸਿੰਘ, 16. ਗੁਰਮੇਲ ਸਿੰਘ ਪੁੱਤਰ ਚੰਨਾ ਸਿੰਘ, 17. ਸਰਬਜੀਤ ਕੌਰ ਪਤਨੀ ਸਰਬਜੀਤ ਸਿੰਘ, 18. ਸਰਬਜੀਤ ਸਿੰਘ ਪੁੱਤਰ ਪਿਆਰਾ ਸਿੰਘ, 19. ਅਮਰ ਸਿੰਘ ਪੁੱਤਰ ਮੂਲਾ ਸਿੰਘ, 20. ਸ਼ਾਮ ਚੰਦਰ ਪੁੱਤਰ ਗੰਢਾ ਰਾਮ, 21. ਚੰਦਰ ਭਾਨ ਪੁੱਤਰ ਗੰਢਾ ਰਾਮ, 22. ਦਰਸ਼ਨ ਸਿੰਘ ਪੁੱਤਰ ਬਿਸ਼ਨ ਸਿੰਘ, 23. ਅਜੀਤ ਸਿੰਘ ਪੁੱਤਰ ਬਚਿੱਤ ਸਿੰਘ, 24. ਮਹਾਂ ਕੌਰ ਪਤਨੀ ਉੱਤਮ ਸਿੰਘ, 25. ਹਜਾਰਾ ਰਾਮ ਪੁੱਤਰ ਮੀਹਾਂ ਰਾਮ, 26. ਹਰਭਗਵਾਨ ਦਾਸ ਪੁੱਤਰ ਗੰਢਾ ਰਾਮ, 27. ਹਰਗੋਬਿੰਦ ਦਾਸ ਪੁੱਤਰ ਗੰਢਾ ਰਾਮ, 28. ਅਵਤਾਰ ਸਿੰਘ ਉਰਫ ਕਾਲਾ ਪੁੱਤਰ ਚੈਂਚਲ ਸਿੰਘ, 29. ਮਹਿੰਦਰ ਕੌਰ ਪਤਨੀ ਦਰਸ਼ਨ ਸਿੰਘ, 30. ਜਸਵਿੰਦਰ ਸਿੰਘ ਪੁੱਤਰ ਹਰਭਜਨ ਸਿੰਘ, 31. ਜਸਬੀਰ ਸਿੰਘ ਪੁੱਤਰ ਪਿਆਰਾ ਸਿੰਘ, 32. ਬਲਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ, 33. ਕੁਲਦੀਪ ਸਿੰਘ ਪੁੱਤਰ ਉਜਾਗਰ ਸਿੰਘ, 34. ਸੁਰਜੀਤ ਸਿੰਘ ਪੁੱਤਰ ਉਜਾਗਰ ਸਿੰਘ, 35. ਪਰਮਜੀਤ ਸਿੰਘ ਪੁੱਤਰ ਉਜਾਗਰ ਸਿੰਘ, 36. ਸੁਖਦੇਵ ਸਿੰਘ ਪੁੱਤਰ ਸਤਵੰਤ ਸਿੰਘ ਸਾਰੇ ਵਾਸੀਆਨ ਪਿੰਡ ਕੰਦੋਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ। 37. ਯੂਨੀਅਨ ਬੈਂਕ ਆਫ ਇੰਡੀਆ ਆਦਮਪੁਰ, 38. ਜਲੰਧਰ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਲਿਮ. ਆਦਮਪੁਰ, ਜ਼ਿਲ੍ਹਾ ਜਲੰਧਰ, 39. ਪੰਜਾਬ ਨੈਸ਼ਨਲ ਬੈਂਕ, ਆਦਮਪੁਰ ਜ਼ਿਲ੍ਹਾ ਜਲੰਧਰ, 40. ਐੱਚ. ਡੀ. ਐੱਫ.ਸੀ. ਬੈਂਕ, ਆਦਮਪੁਰ, ਜ਼ਿਲ੍ਹਾ ਜਲੰਧਰ। ਉੱਤਰਵਾਦੀ
ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਰਿਸਪੋਡੈਂਟ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 02.05.2024 ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਰਿਸਪੋਡੈਂਟ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ ਪੇਸ਼ੀ 'ਤੇ ਆਪ ਜਾਂ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਣ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।
ਅੱਜ ਮਿਤੀ 01/04/24 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਨੰਬਰ : 108/ਰੀਡਰ ਮਿਤੀ : 01.04.24 (ਹਸਤਾਖਰ ਹਾਕਮ ਤੇ ਮੋਹਰ ਅਦਾਲਤ)




## Change of Name

I, Sandeep Setia S/o Hira Lal Setia R/o House No. 474, Ward No. 12, Mohalla, Jattan, Bhogpur, Tehsil & District Jalandhar, Punjab 144201, have changed the name of my minor daughter Pallavi to Pallavi Setia. Now her given name is Pallavi and Surname is Setia. All concerned note. (Parshotam)

I, Anju Suri w/o Naresh Kumar Dhawan R/o 136, Azad Nagar, Azad Road, Chheharta, Amritsar have changed my Name FROM ANJU SURI TO ANJU DHAWAN. Please Concern Note.

I Gagandeep SIngh s/o Charn Singh r/o village Mianpur Teh & Distt.Tarn Taran (pb.)have changed my name gagandeep Singh to Singh gagandeep. All concerned note.

I, Ravi Sher Singh S/o Karamjit Singh R/o 217/C, Gali No- 4, New Partap Nagar, Amritsar, Punjab have changed my name from Ravi Sher Singh to Ravisher Singh Gill.

I, Harroop Kumar S/O Prem Datt R/o H NO B-23/320 Ekta Enclave Lane - 2 Bullanwari P. O Sadhu Ashram Hoshiarpur have changed my name to Harroop Kumar Bhardwaj.

I, Parmodh Sangar W/O Harroop Kumar Bhardwaj R/o H NO B-23/320 Ekta Enclave Lane - 2 Bullanwari P. O Sadhu Ashram Hoshiarpur have changed my name to Parmodh Bhardwaj.

I, Ravinder Singh S/o Jarnail Singh R/o VPO Chomon ,Distt. Jalandhar-144103 ,Punjab. Have changed my name from Ravinder Singh to Ravinder Singh Behal. All concerned, please note .

I, Harpreet Singh S/O Ranjit Singh R/O W.no.7 Near Power House Ajnala Tehsil Ajnala Amritsar Have Changed My Name From Harpreet Singh To Given Name Harpreet Surname Singh

I, Minakshi Mishra W/O Viney Mishra R/O H.no.48, Shiv Nagar Colony, Islamabad, Amritsar Have Changed My Name From Minakshi Mishra To Meenakshi Sharma

I, Poonam W/O Kasturi Lal R/O Gali Stopa Wali, Ram Nagar Colony, Islamabad Amritsar Have Chagend My Name From Poonam To Poonam Rani

I, Simranjeet Singh S/O Baldev Singh R/O Vpo. Mudhal, Verka, Amritsar Have Declare That Singh Is My Surname And *Simranjeet * Is My Given Name.

I, Kamal Kamini W/O Satish Kumar R/O H.no.13 A, Shri Ram Avenue, 88 Foot Road, Majitha Road, Amritsar Have Changed My Name From Kamal Kamini To Alka Sharma

I, Baljeet Singh S/O Sulakhan Singh R/O H.no.43a, Golden Temple Colony, Sultanwind Road, Amritsar Have Changed My Name From Baljeet Singht To Baljit Singh

I, Rajeev Kumar S/O Ramesh Kumar R/O Vpo Bhikhiwind Tehsil Patti District Tarn Taran Have Changed My Name From Rajeev Kumar To Rajiv Kumar

I, Anaukh Singh S/O Ajit Singh R/O Vill. Kuri Wallah, P.o. Kang Tehsil Khadoor Sahib Distt Tarn Taran Have Changed My Name From Anaukh Singh To Anokh Singh.

I, Bhupinder Singh S/o Bishan Singh R/o H.No. WR- 20, Satran Mohalla, Basti Sheikh, Jalandhar-144002, Punjab, India have changed my daughter's name from Jyoti to Jyoti Jyoti. (Given Name Jyoti, Surname Jyoti). All concerned please note.

I, hitherto known as Kuldip Kumar S/o Mohan Lal R/o H.No. 155-A, St. No. 1, Baba Budha Ji Enclave, Dakoha, Jalandhar-144023, Punjab, India have changed my name and shall hereafter be known as Kuldip Kumar Kapoor.

I, Meena W/o Khushdeep Singh Purba R/o 32 Odeon Gali No. 2, Bhawani Nagar, Majitha Road, Amritsar, Punjab have changed my name to Meena Purba after marriage. All concerned please note.

I, Manjeet Singh S/o Bakhshish Singh R/o H.No.105, Street No.4, New Ashok Nagar, Basti Sheikh, Jalandhar have changed my name to Manjit Singh. All concerned please note.

I, Nirmal Das S/o Faqir Chand R/o Village Nahal, PO. Basti Guzan, Jalandhar, Punjab, India have changed my name spelling to Nirmal Dass. All concerned please note.

I, Kuldip Kumar S/o Baldev Krishan Kalia R/o VPO. Ibrahimwal, Tehsil Bholath, Distt. Kapurthala, Punjab, India have changed my name to Kuldip Kumar Kalia. All concerned please note.

I, Sadiq Masih S/o Sadhu Ram R/o NA-256, Kishanpura, Jalandhar, Punjab, India have changed my name from Sadiq Masih to Sadiq Masih Atwal. All concerned please note.

I, Simranjit Kaur W/O Navpreet Singh R/O VPO Moranwali Tehsil Garhshankar, Distt. Hoshiarpur have changed my name from Simranjit Kaur to Kaur Simranjit.

I, Gurmeet Singh S/o Shiv Singh R/o VPO Lehal, Teh. Phillaur, Distt. Jalandhar have changed my name Gurmit Singh. All concerned note.

I, Gurcharn Singh S/o Mela Singh R/o H. No. 174, Gali No. 5, Sainik Vihar, Dhilwan Road, Dakoha, Jalandhar, I have changed my name from Gurcharn Singh to Gurcharan Singh. Please note. (9773)

I, Monika D/o Sh. Baldev Raj R/o VPO. Chitti, Distt. Jalandhar have changed the name of my minor daughter Pallvi to Pallvi Arora.

I, Suraj Chouhan s/o Ravi Kumar r/o H.No.116, Adarsh Nagar, Jalandhar, Punjab, 144001 changed name of my minor daughter Amyra aged 6 years to Amyra Chouhan. All Please Note.

I, Sukhbir Kaur w/o Baldev Singh r/o VPO.Cheta, Distt. SBS Nagar-144503, Punjab I have changed the spelings of my name to Sukhvir Kaur. All Please Note.

I, Balwinder Singh s/o Kashmir Singh r/o VPO. Cheta, Distt. SBS Nagar-144503, Punjab have changed my name to Baldev Singh. All Please Note.

I, Jaya w/o Gitesh Sharma r/o H.No. 109, New Gandhi Nagar, Jalandhar, Punjab have changed my name from Jaya to Jaya Sharma. All Please Note.

## Change of Name

I, Mohammad Usife S/O Sh. Mohammd Hanif R/O Vill. Nangal Po. Chachoki, Teh. Phagwara, Distt Kapurthala, Punjab have changed my name from Mohd. Usife to Mohammad Usife. All note.

I, Gaurav Kumar S/O Kuldip Raj R/O Vill. Ghulla Po. Khojepur, Distt. Gurdaspur, Punjab have changed my name from Gaurav Kumar to Kumar Gaurav. All note.

I, Pramila, W/O Rakesh Kumar R/o House No 415, Ward No 01, Matani (111), Bhiwani, Haryana- 127028. have changed my name and shall hereafter be Known as Suman.

I, Garima Chhikara W/O Abhimaniyu Bsingh, R/o 4005 Third Floor H Block, Ansal Versalia Sector 67, Ansal Versalia, Gurgaon, Haryana-122001, I have changed the name of my minor Son Aarin Chhikara aged about 11 Years and He shall hereafter be known as Aarin Singh.

I, Seema D/O Rajesh Kumar, R/o H No-135, Vill- Khatkar, Teh- Sonepat, Khatkar (46), Sonipat, Haryana-131028. have changed my name and shall hereafter be Known as Saras Sharma.

I, Shelly Gaba, W/O Nishant Gabba R/o 44, Sector-11, Huda (Phase-1), Panipat, Haryana-132103. have changed my name and shall hereafter be Known as Shelle Gabba.

I, Surender Kumar S/O Ram Sawroop, R/o Village Masana, Jattan ( Bhagu Majra), Radaur (Rural) (45), Yamuna Nagar, Radaur, Haryana-135133, Declare that name of My Minor Son has been wrongly written as Jatin in my minor Son Jatin Kumar, aged about 15 Years, In his 10th Class Certificate. The actual name of My Minor Son is Jatin Kumar, which may be amended accordingly.

I, Baby Lata D/O Krishan Lal, R/o Ward No 01, Near Ambedkar Bhawan, Sampal (128), Rohtak, Haryana-124113. have changed my name and shall hereafter be Known as Lata.

I, Jasvir Kaur D/O Gurpreet Singh Gill, R/o Street Number 02, Hargobindsar Road, Baghapurana, Bhagha Purana, Moga, Punjab-142038. have changed my name and shall hereafter be Known as Jasvir Kaur Gill.

I, Rohit S/O Ramesh Kumar, R/o W No 6, Purhiran, Hoshiarpur, Punjab-146001, have changed my name and shall hereafter be Known as Rohit Kumar.

I, Kanwaljit Kaur, W/O Jagat Singh Kanyal R/o House No-402, Street No-12, Bala Ji Colony, Mundian Kalan, Po: Mundian Kalan, Dist-Ludhiana, Punjab- 141015. have changed my name and shall hereafter be Known as Kawaljit Kaur.

I, Molak Singh S/O Sawaran Singh, R/o Nakhatiya, VTC: Hijarawan Khurd, (40), PO: Hajrawan Khurd, Fatehabad, Haryana- 125050, have changed my name and shall hereafter be Known as Anmol Singh.

I, Santosh Bhambhu, W/O Dheeraj Kumar R/o Village Gillan Khera, Post office- Gillan Khera, (37), Fatehabad, Haryana- 125050. have changed my name and shall hereafter be Known as Sheetal.

I, Yogesh Suhag S/O Randhawa Suhag, R/o 4d, 4th Floor, Vine Street, Malibu Towne, Sector 47, South City-II, Gurgaon, Haryana- 122018, I have changed the name of my minor daughter Yashika Singh aged about 2 Years and She shall hereafter be known as Shreya Singh.

I, Nirmala, W/O Vijay Gahlot R/o A1001, Block-A, NBCC Heights, Sector 89, Gurugram, Haryana-122505. have changed my name and shall hereafter be Known as Nirmala Gahlot.

I, Manoj Kumar S/O Sish Ram, R/o 705,Sarai Allawardi, New Palam Vihar, Allawardi(56), Gurgaon, Railway Road, Haryana- 122006, Declare that name of Mine & My Wife and My Minor Daughter has been wrongly written as Manoj Swami & Ranjana and Khushi in my minor Daughter Khushi, aged about 14 Years, In her Birth Certificate. The actual name of Mine & My Wife and My Minor Daughter are Manoj Kumar & Ranjna Kumari and Khushi Swami, which may be amended accordingly.

I, Harjinder Kaur, W/O Kuldeep Singh R/o Bode, Moga, Punjab-142039. have changed my name and shall hereafter be Known as Karamjit Kaur.

I, Sanjeeta Barua W/O Rajesh Rawat, R/o 190, 1B, H Block, Lakkarpur Railway Crossing, Shiv Durga Vihar Lakkarpur, Surajkund, Faridabad, Haryana- 121009, Declare that name of Mine and My husband has been wrongly written as Sangeeta and Rajesh in my minor Son Utkarsh, aged about 13 Years, In his Birth Certificate. The actual name of Mine are Sanjeeta Barua and Rajesh Rawat, which may be amended accordingly.

I, Jaspreet Singh Tamber S/O Tarsem Singh, R/o Bassi Purani, Hoshiarpur, Punjab- 146021, have changed my name and shall hereafter be Known as Jaspreet Singh.

I, Devansh Bimalbhai Swadia S/o Bimalbhai Pravinkumar Swadia R/o House No 788, 1st Floor, Near Preet City, Sector 86, Mohali, Punjab-140308. I have changed my name to Devansh Bimal Swadia for future purposes.

I Manjit Singh S/O Swaran Singh, Vpo Nadala, Kapurthala Have Changed My Name From Manjit Singh To Singh Manjit. Concerned Note Please.

I Nandini W/o Sumit Kapoor R/o H.No. NJ-308 Near Jain Street, Mitha Bazar , Jalandhar-144001, Punjab, have changed my name from Nandini to Nandini Kapoor, after marriage. (Surname as Nandini ) Please note.

## Change of Name

I, Paramjeet Kaur Basra w/o Narinder Singh r/o VPO. Mehli, Tehsil Banga, Distt. S.B.S Nagar-144501, Punjab have changed my name to Paramjeet Kaur. All Please Note.

I, Dasondha Singh s/o Banta Singh r/o Vill. Garhi Bakhsha, Po. Pachranga, Distt. Jalandhar have changed my name to Dasonda Singh. All Please Note.

I, Parvinder Singh s/o Mohan Singh Suri r/o H.No.599-R, Back Side Niku Park, Model Town, Jalandhar have changed my name to Parvinder Singh Suri. All Please Note.

I, Parminder Kaur Chhabra d/o Amrik Singh r/o 38, Dada Nagar, Gol Market, Jalandhar have changed my name to Parminder Kaur. All Please Note.

I, Jyoti d/o Daulat Ram r/o H.No. 109, New Defence Colony, Rama Mandi, Jalandhar have changed my name to Jyoti Kumari. All Please Note.

I, Surjit Singh S/o Karam Singh R/o Patti Sala Nagar, Village Malsian, Tehsil Shahkot, Distt. Jalandhar, Punjab have changed my name from Surjit Singh to Surjit Singh Bhardwaj. All Please Note.

I, Jasvir Kaur W/o Surjit Singh Bhardwaj R/o Patti Sala Nagar, Village Malsian, Tehsil Shahkot, Distt. Jalandhar, Punjab have changed my name from Jasvir Kaur to Jasvir Kaur Bhardwaj. All Please Note.

I, Sandeep Kaur W/o Randeep Singh R/o Vill. Sarupwal, Po. Begowal, Distt. Kapurthala Have Changed My Name From Sandeep Kaur To Kaur Sandeep. (Surname as Kaur) All Please Note.

I, Manjit Kaur W/o Manjit Singh R/o Vill. Sarupwal, Po. Begowal, Distt. Kapurthala Have Changed My Name From Manjit Kaur To Kaur Manjit. (Surname as Kaur) All Please Note.

I, Sahmsher Singh S/o Puran Singh R/o VPO. Bhadas, Tehsil Bholath, Distt. Kapurthala Have Changed My Name From Sahmsher Singh To Shamsher Singh. All Please Note.

I, Kawaldeep w/o Gulzar Masih R/o VPO. Model Town, Distt. Kapurthala-144624, Punjab have changed my name from Kawaldeep to Kawaldeep Masih. All Please Note.

I, Komal S/o Jagdish Lal R/o H.No. 1091/6, Talkies Road, Ambala City, Pin Code-134003, Haryana have changed my name from Komal to Komal Budhraja. All Please Note.

I, Sapna Gandhi W/o Saurabh Arora R/o Flat No. B 304, Elite Tower, Kalia Colony, Phase-II, Jalandhar, Punjab have changed my name from Sapna Gandhi to Sapna Arora. All Please Note.

I, Narinder isngh S/o Rumal Singh R/o Vill. Qadian Wali Sekhan, P.O. Dorngla, Distt. Gurdaspur, have changed my name from Narinder isngh to Thakur Narinder Singh.

## ਨਾਂਅ ਦੀ ਬਦਲੀ

ਮੈਂ ਅਮਨਦੀਪ ਸਿੰਘ ਨਿੱਜਰ ਸਪੁੱਤਰ ਦਰਬਾਰਾ ਸਿੰਘ, ਵਾਸੀ ਪਿੰਡ ਖਵਾਸਪੁਰ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ ਨੇ ਆਪਣਾ ਨਾਮ ਅਮਨਦੀਪ ਸਿੰਘ ਤੋਂ ਬਦਲਕੇ ਅਮਨਦੀਪ ਸਿੰਘ ਨਿੱਜਰ ਰੱਖ ਲਿਆ ਹੈ। ਸਬੰਧਿਤ ਨੋਟ ਕਰਨ । (ਅਠੌਲਾ)

ਮੈਂ, ਗੁਰਲਾਲ ਪੁੱਤਰ ਤਰਸੇਮ ਲਾਲ ਨਿਵਾਸੀ ਪਿੰਡ ਤੇ ਡਾਕਘਰ ਭਾਰਟਾ ਗਣੇਸ਼ ਪੁਰ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਗੁਰਲਾਲ ਤੋਂ ਗੁਰਲਾਲ ਸਿੰਘ ਰੱਖ ਲਿਆ ਹੈ ਸਬੰਧਤ ਨੋਟ ਕਰਨ।

ਮੈਂ ਕਾਬਲ ਸਿੰਘ (KABAL SINGH) ਪੁੱਤਰ ਗੁਰਦਾਸ ਸਿੰਘ ਵਾਸੀ ਛੀਨਾ ਬਿਧੀ ਚੰਦ ਤਹਿ, ਜਿਲਾ ਤਰਨਤਾਰਨ, ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਕਾਬੁਲ ਸਿੰਘ (KABUL SINGH) ਤੋਂ ਬਦਲ ਕੇ ਕਾਬਲ ਸਿੰਘ (KABAL SINGH) ਰੱਖ ਲਿਆ ਹੈ।ਸਬੰਧਤ ਨੋਟ ਕਰਨ

## ਆਮ ਸੂਚਨਾ

ਖਾਤਾ ਨੰ: ਏ. ਪੀ. 12/240 ਟਿਊਬਵੈੱਲ ਕੁਨੈਕਸ਼ਨ ਜੋ ਕਿ ਹਰਬੰਸ ਕੌਰ (ਪਤਨੀ ਭੁਪਿੰਦਰ ਸਿੰਘ) ਪੁੱਤਰੀ ਉੱਤਮ ਸਿੰਘ ਵਾਸੀ ਢੰਡੋਵਾਲ ਦੇ ਨਾਂਅ ਉਪਰ ਰਕਬਾ ਢੰਡੋਵਾਲ ਅਧੀਨ ਪੀ ਐੱਸ ਪੀ ਸੀ ਐੱਲ ਉਪ ਮੰਡਲ ਸ਼ਾਹਕੋਟ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਹਰਬੰਸ ਕੌਰ ਦੇ ਵਾਰਸਾਂ ਵੱਲੋਂ ਬਲਹਾਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਢੰਡੋਵਾਲ ਨੂੰ ਵੇਚ ਦਿੱਤਾ ਗਿਆ ਹੈ। ਹੁਣ ਇਹ ਕੁਨੈਕਸ਼ਨ ਬਲਹਾਰ ਸਿੰਘ ਪੁੱਤਰ ਕਰਨੈਲ ਸਿੰਘ ਦੇ ਨਾਂਅ ਤਬਦੀਲ ਕੀਤਾ ਜਾਣਾ ਹੈ, ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿਚ ਪੀ ਐੱਸ ਪੀ ਸੀ ਐੱਲ ਸ਼ਾਹਕੋਟ ਉਪ ਮੰਡਲ ਵਿਖੇ 15 ਦਿਨਾਂ ਦੇ ਵਿਚ ਪੇਸ਼ ਕਰ ਸਕਦਾ ਹੈ। ਉਪਰੰਤ CON ਕਰ ਦਿੱਤਾ ਜਾਵੇਗਾ।(ਬੀ)

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ 5 ਹਾਰਸ ਪਾਵਰ ਜਿਸ ਦਾ ਖਾਤਾ ਨੰ: 3004499045 ਸ੍ਰੀ ਮਹਿੰਦਰ ਸਿੰਘ ਪੁੱਤਰ ਸ੍ਰੀ ਲਹਿਣਾ ਸਿੰਘ ਵਾਸੀ ਪਿੰਡ ਰਾਏਪੁਰ ਰਾਜਪੂਤਾਂ, ਜ਼ਿਲ੍ਹਾ ਕਪੂਰਥਲਾ ਦੇ ਮੋਟਰ ਕੁਨੈਕਸ਼ਨ ਨੂੰ ਸ੍ਰੀ ਜਰਨੈਲ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਵਾਸੀ ਪਿੰਡ ਰਾਏਪੁਰ ਰਾਜਪੂਤਾਂ ਕਪੂਰਥਲਾ ਨੇ ਆਪਣੇ ਨਾਂਅ ਤਬਦੀਲ ਕਰਨ ਲਈ ਇਸ ਦਫਤਰ ਵਿਚ ਦਰਖਾਸਤ ਦਿੱਤੀ ਹੈ। ਜੇਕਰ ਕਿਸੇ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ, ਪਾਵਰਕਾਮ ਸਬ ਡਵੀਜ਼ਨ ਨਡਾਲਾ ਜ਼ਿਲ੍ਹਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਮੋਟਰ ਕਨੈਕਸ਼ਨ ਖਾਤਾ ਨੰਬਰ ਏ.ਪੀ.22/273 ਨਿਸ਼ਾਨ ਸਿੰਘ ਪੁੱਤਰ ਹਰਬੰਸ ਸਿੰਘ ਨੂੰ ਆਪਣੇ ਨਾਮ ਕਰਨ ਲਈ ਸਰਬਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਹਿੱਸੇਦਾਰ ਰਕਬਾ ਕੋਹਾਲਾ ਤਹਿ: ਜੀਰਾ ਜਿਲਾ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐਸ.ਡੀ.ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ ।

ਮੋਟਰ ਕਨੈਕਸ਼ਨ ਖਾਤਾ ਨੰਬਰ ਏ.ਪੀ.19/0482 ਗੁਰਭੇਜ ਸਿੰਘ ਪੁੱਤਰ ਸੁੱਚਾ ਸਿੰਘ ਨੂੰ ਆਪਣੇ ਨਾਮ ਕਰਨ ਲਈ ਗੁਰਦੀਪ ਸਿੰਘ ਪੁੱਤਰ ਜਸਵੰਤ ਸਿੰਘ ਹਿੱਸੇਦਾਰ ਰਕਬਾ ਕਾਮਲ ਵਾਲਾ ਤਹਿ: ਜੀਰਾ ਜਿਲਾ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐਸ.ਡੀ.ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ ।

ਮੈਂ, ਸੀਮਾ ਸ਼ਰਮਾ ਪਤਨੀ ਨਰਿੰਦਰ ਕੁਮਾਰ ਵਾਸੀ ਚੂਹੜ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਸਿਧਾਰਥ ਸ਼ਰਮਾ ਦੇ ਜਨਮ ਸਰਟੀਫਿਕੇਟ ਵਿਚ ਮੇਰਾ ਯਾਨਿ ਕਿ ਮਾਤਾ ਦਾ ਨਾਂਅ ਸੀਮਾ ਲਿਖਿਆ ਹੈ, ਜਦ ਕਿ ਮੇਰਾ ਪੂਰਾ ਨਾਂਅ ਸੀਮਾ ਸ਼ਰਮਾ ਹੈ। ਇਹ ਕਿ ਮੇਰੇ ਲੜਕੇ ਸਿਧਾਰਥ ਸ਼ਰਮਾ ਦੇ ਜਨਮ ਸਰਟੀਫਿਕੇਟ ਵਿਚ ਮੇਰਾ ਨਾਂਅ ਸੀਮਾ ਤੋਂ ਸੀਮਾ ਸ਼ਰਮਾ ਦਰਜ ਕੀਤਾ ਜਾਵੇ। (9775)

ਮੈਂ, ਹਰਦੇਵ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ ਵਾਸੀ ਪਿੰਡ ਸ਼ਾਹਲਾਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਪਾਸਪੋਰਟ ਨੰਬਰ F7973802 'ਤੇ ਮੇਰੇ ਪਿਤਾ ਦਾ ਨਾਂਅ ਅੰਗਰੇਜ਼ੀ ਵਿਚ Amarjeet Singh ਲਿਖਿਆ ਹੈ, ਜੋ ਗਲਤ ਹੈ, ਜਦ ਕਿ ਸਹੀ ਨਾਂਅ Amarjit Singh ਹੈ।

ਮੈਂ, ਹਰਦੇਵ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ ਵਾਸੀ ਪਿੰਡ ਸ਼ਾਹਲਾਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਪਾਸਪੋਰਟ ਨੰਬਰ F7973802 'ਤੇ ਮੇਰੀ ਮਾਤਾ ਦਾ ਨਾਂਅ ਅੰਗਰੇਜ਼ੀ ਵਿਚ Daljeet Kaur ਹੈ, ਜੋ ਗਲਤ ਹੈ, ਜਦ ਕਿ ਸਹੀ ਨਾਂਅ Daljit Kaur ਹੈ।

ਮੈਂ, ਗੀਤਾ ਪਤਨੀ ਰਾਕੇਸ਼ ਵਾਸੀ ਆਬਾਦੀ ਬੱਗੇ ਵਾਲੀ, ਵੇਰਕਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਰਾਕੇਸ਼ ਪੁੱਤਰ ਸਵਿੰਦਰ ਸਿੰਘ, ਜੋ ਕਿ ਮੇਰੇ ਕਹਿਣੇ ਵਿਚ ਨਹੀਂ ਹੈ ਅਤੇ ਮੇਰੀ ਗੱਲ ਨਹੀਂ ਮੰਨਦਾ। ਮੈਂ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਸੰਬੰਧ ਨਹੀਂ ਰੱਖਣਾ ਚਾਹੁੰਦੀ। ਇਸ ਲਈ ਜੇਕਰ ਕੋਈ ਉਸ ਨਾਲ ਲੈਣ-ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਖ਼ਾਲਸਾ ਸਾਜਨਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਗੁਰੂ ਕਲਗੀਧਰ ਫਾਊਂਡੇਸ਼ਨ ਰਜਿ: ਫੱਜੂਪੁਰ (ਧਾਰੀਵਾਲ) ਵਲੋਂ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਪਿੰਡ ਫੱਜੂਪੁਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪਿੰਡ ਲੇਹਲ, ਬੜੋਏ, ਬਿਧੀਪੁਰ, ਚੌਧਰਪੁਰ, ਸੁਚੇਤਗੜ੍ਹ, ਸਿੰਧਵਾਂ, ਜਫਰਵਾਲ, ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ, ਬਾਬਾ ਮੋਤੀ ਰਾਮ ਮਹਿਰਾ ਫੱਜੂਪੁਰ ਤੋਂ ਹੁੰਦਾ ਹੋਇਆ ਮੁੜ ਵਾਪਿਸ ਆਰੰਭਿਕ ਸਥਾਨ ਗੁਰਦੁਆਰਾ ਸਿੰਘ ਸਭਾ ਫੱਜੂਪੁਰ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦਾ ਸ਼ਰਧਾਲੂਆਂ ਵਲੋਂ ਥਾਂ-ਥਾਂ ਤੇ ਸਵਾਗਤ ਕੀਤਾ ਅਤੇ ਲੰਗਰ ਲਗਾਏ ਗਏ। ਨਗਰ ਕੀਰਤਨ ਦੌਰਾਨ ਗੁਰਮਤਿ ਪ੍ਰਚਾਰ ਲਹਿਰ ਗਤਕਾ ਜਥਾ ਧਾਰੀਵਾਲ ਦੇ ਮੁੱਖ ਜਥੇਦਾਰ ਪਰਦੀਪ ਸਿੰਘ ਸੇਵਕ ਦੀ ਅਗਵਾਈ ਵਿੱਚ ਗਤਕਾ ਖਿਡਾਰੀਆਂ ਨੇ ਪੜਾਅਵਾਰ ਗੱਤਕੇ ਦੇ ਆਕਰਸ਼ਕ ਜੌਹਰ ਵਿਖਾਏ। ਨਗਰ ਕੀਰਤਨ ਵਿੱਚ ਗੁਰੂ ਕਲਗੀਧਰ ਫਾਊਂਡੇਸ਼ਨ ਦੇ ਆਗੂਆਂ ਪ੍ਰਸ਼ੋਤਮ ਸਿੰਘ ਫੌਜੀ, ਜਰਨੈਲ ਸਿੰਘ, ਪਲਵਿੰਦਰ ਸਿੰਘ ਵਿੱਕੀ, ਨਰਿੰਦਰਜੀਤ ਸਿੰਘ, ਇਕਬਾਲ ਸਿੰਘ ਲੱਕੀ, ਡਾ. ਬਿਕਰਮਜੀਤ ਸਿੰਘ, ਮਾਸਟਰ ਗੁਰਦੇਵ ਸਿੰਘ, ਪੰਕਜ ਲੇਹਲ, ਸ਼ਮਸ਼ੇਰ ਸਿੰਘ ਲੇਹਲ, ਗਗਨਜੀਤ ਸਿੰਘ ਕਾਹਲੋਂ ਆਦਿ ਸੇਵਾਦਾਰਾਂ ਤੋਂ ਇਲਾਵਾ ਇਲਾਕੇ ਦੀਆਂ ਮੁੱਖ ਸਖਸੀਅਤਾਂ ਸਮੇਤ ਸੰਗਤ ਸ਼ਾਮਲ ਸੀ। ਫਾਊਂਡੇਸ਼ਨ ਦੇ ਆਗੂਆਂ ਦੱਸਿਆ ਕਿ 10 ਅਪਰੈਲ ਨੂੰ ਬੱਚਿਆਂ ਦੇ ਦਸਤਾਰ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾਣਗੇ। ਸਰਕਾਰੀ ਹਾਈ ਸਕੂਲ ਲੇਹਲ ਵਿੱਚ ਰਾਤ ਦੇ ਦੋ ਰੋਜ਼ਾ ਗੁਰਮਤਿ ਸਮਾਗਮਾਂ ਦੌਰਾਨ 12 ਅਪਰੈਲ ਨੂੰ ਪੰਥ ਦੇ ਮਹਾਨ ਕੀਰਤਨੀਏ ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਕਥਾਵਾਚਕ ਭਾਈ ਕੁਲਵੰਤ ਸਿੰਘ ਲੁਧਿਆਣਾ ਵਾਲੇ, ਭਾਈ ਗੁਰਜੰਟ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਿੰਘ ਸਭਾ ਲੇਹਲ ਅਤੇ 13 ਅਪਰੈਲ ਨੂੰ ਨਿਸ਼ਕਾਮ ਕੀਰਤਨੀ ਜਥਾ ਡਾ. ਸ਼ਿਵ ਸਿੰਘ ਗੁਰਦਾਸਪੁਰ ਵਾਲਿਆਂ ਦੇ ਰਾਗੀ ਸਿੰਘ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨਗੇ।

## ਬੇਦਖ਼ਲੀ ਨੋਟਿਸ

ਮੈਂ, ਸਵਰਨ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਰਾਮਾ ਰੋਡ, ਪਿੰਡ ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈ, ਸੋਢੀ ਲਾਲ ਪੁੱਤਰ ਸ੍ਰੀ ਕਰਮ ਚੰਦ ਵਾਸੀ ਪਿੰਡ ਸੱਧਾ ਚੱਕ ਡਾਕਖਾਨਾ ਭੋਗਪੁਰ ਤਹਿਸੀਲ ਤੇ ਜਿਲਾ ਜਲੰਧਰ, ਪੰਜਾਬੀ ਬਆਨੀ ਹਾਂ ਕਿ ਮੇਰਾ ਲੜਕਾ ਦਿਵੰਦਰ ਕੁਮਾਰ, ਉਸਦੀ ਪਤਨੀ ਰਮਨਦੀਪ ਕੌਰ ਅਤੇ ਉਸਦੀਆ ਲੜਕੀਆ ਸਿਹਜਪ੍ਰੀਤ ਕੌਰ ਅਤੇ ਜਸਕੀਰਤ ਕੌਰ ਮੇਰੇ ਕਿਹਣੇ ਤੋ ਬਾਹਰ ਹੋਣ ਕਾਰਨ ਮੈ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਵਾਰ ਨਾਲ ਕੋਈ ਸੰਬਧ ਨਹੀ ਹੈ। ਉਹਨਾਂ ਨਾਲ ਲੈਣ ਦੇਣ ਵਾਲਾ ਖੁਦ ਜੁੰਮੇਵਾਰ ਹੋਵੇਗਾ।

ਮੈਂ, ਸੁਰਜੀਤ ਕੌਰ ਪਤਨੀ ਸ਼੍ਰੀ ਲਾਲ ਚੰਦ ਵਾਸੀ ਪਿੰਡ ਤਲਵੰਡੀ ਕਾਨੂੰਗੋ ਸ਼ਾਮ ਚੌਰਾਸੀ ਜਿਲਾ ਹੁਸ਼ਿਆਰਪੁਰ,ਪੰਜਾਬ ਬਿਆਨੀ ਹਾਂ ਕਿ ਮੇਰੀ ਬੇਟੀ ਮਨਦੀਪ ਕੌਰ ਪਤਨੀ ਕੁਲਵਿੰਦਰ ਸਿੰਘ ਅਤੇ ਉਸ ਦੀ ਪੁੱਤਰੀ ਅਰਸ਼ਜੋਤ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਨਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ। ਉਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜੁੰਮੇਵਾਰ ਹੋਵੇਗਾ।

ਮੈਂ, ਇੰਦਰਜੀਤ ਤੋਲਾ ਪੁੱਤਰ ਲੇਟ ਸ੍ਰੀ ਸਗਲੀ ਰਾਮ, ਵਾਸੀ 1252, ਮਿਸਤਰੀਆਂ ਮੁਹੱਲਾ, ਜਲੰਧਰ ਹਾਲ ਵਾਸੀ ਮਕਾਨ ਨੰ: 607-ਬੀ, ਆਦਰਸ਼ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਗੋਦ ਲਿਆ ਲੜਕਾ ਅਕਸ਼ੇ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਵਿੰਦਰ ਸਿੰਘ ਪੁੱਤਰ ਲੇਟ ਨਰੰਜਣ ਸਿੰਘ ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕਪਲ ਮੱਟੂ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਨਰਿੰਦਰ ਸ਼ਰਮਾ ਪੁੱਤਰ ਰਤਨ ਚੰਦ ਵਾਸੀ 4126/1,ਗੁਰਬਖਸ਼ ਨਗਰ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਸ਼ਰਮਾ ਜੋ ਕੁਆਰਾ ਹੈ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ, ਬੁਰੀ ਸੰਗਤ ਵਿਚ ਪੈ ਗਿਆ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ।

ਮੈਂ, ਰਾਜ ਰਾਣੀ ਪਤਨੀ ਲੇਟ ਸੁਭਾਸ਼ ਚੰਦਰ ਵਾਸੀ ਪਿੰਡ ਪਾਰੋਵਾਲ, ਡਾਕ: ਤੇ ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਅਜੇ ਕੁਮਾਰ ਵਾ ਮੇਰੀ ਨੂੰਹ ਮਾਨਸੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਅਸੀਂ ਭਜਨਜੀਤ ਸਿੰਘ ਪੁੱਤਰ ਸ਼੍ਰੀ ਗੁਰਬਚਨ ਸਿੰਘ ਵਾ ਮਧੁਮੀਤ ਪਤਨੀ ਸ. ਭਜਨਜੀਤ ਸਿੰਘ ਵਾਸੀਆਨ ਮਕਾਨ ਨੰ: 7, ਗਲੀ ਨੰ: 1-ਏ, ਨਿਊ ਗੁਰੂ ਤੇਗ ਬਹਾਦਰ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੰਨਸਿਮਰ ਸਿੰਘ ਅਤੇ ਨੂੰਹ ਸੁਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਦਲਜੀਤ ਸਿੰਘ ਵਾਸੀ ਹਸਨਪੁਰ ਖੁਰਦ, ਡਾਕ: ਬੱਲ ਪੁਰੀਆਂ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜੋਬਨਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

ਅਸੀਂ, ਰਣਜੀਤ ਸਿੰਘ ਪੁੱਤਰ ਸੂਰਤ ਸਿੰਘ ਅਤੇ ਸ੍ਰੀਮਤੀ ਬਲਵਿੰਦਰ ਕੌਰ ਪਤਨੀ ਰਣਜੀਤ ਸਿੰਘ ਵਾਸੀਆਨ ਪਿੰਡ ਨੂਰਪੁਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਲਖਵਿੰਦਰ ਸਿੰਘ, ਨੂੰਹ ਗੁਰਵਿੰਦਰ ਕੌਰ, ਪੋਤਰਾ ਗੁਰਫਤਿਹ ਸਿੰਘ ਅਤੇ ਪੋਤਰੀ ਦਿਵਜੋਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਲਾਬ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਉੱਚਾ ਕਿਲਾ, ਹਰਸ਼ਾ ਛੀਨਾ (ਰਾਜਾਸਾਂਸੀ) ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਿਲਸ਼ਾਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਾਂਤਾ ਦੇਵੀ ਪਤਨੀ ਸ੍ਰੀ ਓਂਕਾਰ ਸਿੰਘ ਵਾਸੀ ਮਕਾਨ ਨੰ: 16-ਏ, ਵੈਸਟ ਸੇਵਾ ਨਗਰ ਪੁਤਲੀਘਰ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਜਗਦੀਸ਼ ਕੌਰ ਅਤੇ ਆਪਣੇ ਦੋਵੇਂ ਬੱਚਿਆਂ ਗੁਰਮੁੱਖ ਸਿੰਘ ਅਤੇ ਰਾਜਵੰਸ਼ ਸਿੰਘ ਨਾਲ ਜ਼ਬਰਦਸਤੀ ਮੇਰੇ ਘਰ ਵਿਚ ਰਹਿਣ ਲੱਗ ਪਏ ਹਨ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਮਰੀਕ ਸਿੰਘ ਪੁੱਤਰ ਸ: ਸਾਧੂ ਸਿੰਘ ਵਾਸੀ 10, ਪ੍ਰੀਤ ਵਿਹਾਰ, ਨਜ਼ਦੀਕ ਡਾਕਖਾਨਾ, ਪੁਰਾਣੀ ਚੁੰਗੀ ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਕਰਮਜੀਤ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਾਲੁਕ -ਵਾਸਤਾ ਨਹੀਂ ਰਿਹਾ।

ਮੈਂ, ਗੁਰਪਰਸਾਦ ਪੁੱਤਰ ਪਿਆਰਾ ਲਾਲ ਵਾਸੀ ਪਿੰਡ ਕੰਧਾਲਾ ਸ਼ੇਖਾਂ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਵਿੰਦਰ ਕੁਮਾਰ ਅਤੇ ਉਸ ਦੀ ਪਤਨੀ ਅਮਨਦੀਪ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕਿਸੇ ਪ੍ਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਦੇਵ ਰਾਜ ਪੁੱਤਰ ਜਸਵੰਤ ਰਾਜ ਵਾਸੀ ਮਕਾਨ ਨੰ. 255/06, ਸਕੀਮ ਨੰ. 05, ਇੰਪਰੂਵਮੈਂਟ ਟਰੱਸਟ, ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਅਮਨਦੀਪ ਸਰੰਗਲ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## PUBLIC NOTICE

I, Naresh Maini S/o Sh. Om Parkash Maini R/o Shastri Nagar, Tehsil & Distt. Hoshiarpur Punjab declare that my son Angel Maini is out of my control. I so disown all of them from our Moveable and Immoveable Properties anybody dealing with them his/ her own risk Concerned Note

## Lost and Found

ਮੈਂ ਕੁਲਦੀਪ ਚੰਦ ਪੁੱਤਰ ਬਾਬੂ ਰਾਮ ਪੁੱਤਰ ਸਾਈਂ ਦਾਸ ਵਾਸੀ ਨਿਊ ਆਜ਼ਾਦ ਨਗਰ, ਨੇੜੇ ਜੱਟਾਂ ਦੀ ਬੰਬੀ, ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਵਿਜੇ ਕੁਮਾਰ ਪੁੱਤਰ ਪ੍ਰਭਦਿਆਲ ਵਾਸੀ ਗੁਰਦਾਸਪੁਰ ਤੋਂ ਮੇਰੇ ਵੱਲੋਂ ਖਰੀਦ ਕੀਤੇ ਪਲਾਟ ਦੀ ਰਜਿਸਟਰੀ ਦਸਤਾਵੇਜ਼ ਨੰਬਰ 6377 ਮਿਤੀ 26.02.1993 ਰਾਹੀਂ ਹੋਈ ਸੀ । ਇਹ ਰਜਿਸਟਰੀ 03.04.2024 ਨੂੰ ਕਿਤੇ ਗੁੰਮ ਗਈ ਹੈ । ਜਿਸ ਕਿਸੇ ਨੂੰ ਮਿਲੇ ਉਕਤ ਪਤੇ ਤੇ ਜਾਂ ਮੋਬਾਈਲ ਨੰਬਰ 97804-37446 ਤੇ ਸੂਚਿਤ ਕਰੇ ।

## ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਮਹਾਰਾਜ ਦਾ ਜਨਮ ਦਿਹਾੜਾ ਮਨਾਇਆ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਮਹਾਰਾਜ ਜੀ ਦੇ 451ਵੇਂ ਪ੍ਰਕਾਸ਼ ਦਿਹਾੜੇ ਮੌਕੇ ਪਿੰਡ ਮਗਰਾਲਾ ਦੀਆਂ ਸੰਗਤਾਂ ਵੱਲੋਂ ਸਮਾਗਮ ਕਰਵਾਇਆ ਗਿਆ।ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਸ਼ਾਮਲ ਹੋਏ।ਸਮਾਗਮ ਵਿੱਚ ਹਾਜ਼ਰੀ ਭਰਦੇ ਹੋਏ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਸਮੂਹ ਇਲਾਕੇ ਨਿਵਾਸੀ ਸੰਗਤਾਂ ਨੂੰ ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਗੁਰੂ ਪੀਰ ਸਾਡੇ ਧਰਮਾਂ ਦੇ ਲੋਕਾਂ ਦੇ ਸਾਂਝੇ ਹੁੰਦੇ ਹਨ ਅਤੇ ਗੁਰੂਆਂ ਪੀਰਾਂ ਨਾਲ ਸਬੰਧਤ ਦਿਹਾੜੇ ਵੀ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਮਨਾਉਣੇ ਚਾਹੀਦੇ ਹਨ।ਉਨ੍ਹਾਂ ਨੇ ਲੋਕਾਂ ਨੂੰ ਸਮਾਜ ਵਿੱਚ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਦੇਸ਼ ਅਤੇ ਸਮਾਜ ਦੀ ਭਲਾਈ ਲਈ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਰਹਿਣਾ ਚਾਹੀਦਾ ਹੈ ਅਤੇ ਗੁਰੂਆਂ ਦੇ ਸੰਦੇਸ਼ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ।ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਹਲਕਾ ਇੰਚਾਰਜ ਅਤੇ ਹੋਰਨਾਂ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਪੰਜਾਬ ਫ਼ਿਸ਼ਰੀਜ਼ ਡਿਵੈਲਪਮੈਂਟ ਬੋਰਡ ਦੇ ਮੈਂਬਰ ਧਰਮੇਸ਼ ਕੁਮਾਰ, ਬਾਪੂ ਬਲਦੇਵ ਸਿੰਘ, ਸਿਮਰਨਜੀਤ ਸਿੰਘ ਸਾਬ, ਮੋਨੂੰ ਝਕਰਾ, ਮਨਮੋਹਨ ਸਿੰਘ ਧਮਰਾਈ, ਰਜਿੰਦਰ ਕੁਮਾਰ ਮਗਰਾਲਾ, ਗੁਰਦਿਆਲ ਸਿੰਘ ਮਗਰਾਲਾ, ਸੰਜੀਵ ਕੁਮਾਰ, ਪ੍ਰਬੋਧ ਚੰਦਰ, ਜੈਪਾਲ, ਗੋਲਡੀ, ਸੁਲੱਖਣ, ਰਾਮ ਲੁਭਾਇਆ, ਜੀਵਨ ਅਤੇ ਰਾਧਾ ਰਾਣੀ ਵੀ ਹਾਜ਼ਰ ਸਨ।

## ਡਾ: ਕਮਲਜੀਤ ਸਿੰਘ ਕੇ ਜੇ ਦੀ 'ਆਪ' 'ਚ ਘਰ ਵਾਪਸੀ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸਵੈ-ਸੇਵੀ ਸੰਸਥਾ ਵਾਰਿਸ ਆਫ ਧਾਰੀਵਾਲ ਦੇ ਕਨਵੀਨਰ ਡਾ: ਕਮਲਜੀਤ ਸਿੰਘ ਕੇ. ਜੇ. ਨੇ ਆਮ ਆਦਮੀ ਪਾਰਟੀ ਦੇ ਦਿੱਗਜ ਨੇਤਾਵਾਂ/ਆਗੂਆਂ ਦੀ ਹਾਜ਼ਰੀ ਵਿੱਚ ਘਰ ਵਾਪਸੀ ਕਰ ਲਈ ਹੈ। ਡਾ: ਕਮਲਜੀਤ ਸਿੰਘ ਕੇ. ਜੇ. ਪਹਿਲਾਂ ਵੀ ਆਮ ਆਦਮੀ ਪਾਰਟੀ ਪੰਜਾਬ ਦੀ ਜਨਰਲ ਬਾਡੀ ਅਤੇ ਬੁੱਧੀਜੀਵੀ ਵਿੰਗ ਵਿੱਚ ਅਹਿਮ ਅਹੁਦਿਆਂ 'ਤੇ ਪਾਰਟੀ ਹਿੱਤ ਇਮਾਨਦਾਰੀ ਨਾਲ ਸੇਵਾਵਾਂ ਨਿਭਾਅ ਚੁੱਕੇ ਹਨ। ਡਾ: ਕਮਲਜੀਤ ਸਿੰਘ ਨੇ ਦੱਸਿਆ ਕਿ ਕੁੱਝ ਕਾਰਨਾਂ ਕਰਕੇ ਉਨ੍ਹਾਂ ਨੇ ਪਿਛਲੇ ਸਮੇਂ ਤੋਂ ਆਮ ਆਦਮੀ ਪਾਰਟੀ ਵਿੱਚ ਸਰਗਰਮੀਆਂ ਘੱਟ ਕੀਤੀਆਂ ਸਨ ਪਰ ਹੁਣ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਡਾਕਟਰ ਸੰਦੀਪ ਪਾਠਕ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ, ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਐੱਮਐੱਲਏ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਅਤੇ ਸਮੁੱਚੀ ਲੀਡਰਸ਼ਿਪ ਦੀ ਅਗਵਾਈ ਹੇਠ ਡਾਕਟਰ ਕਮਲਜੀਤ ਸਿੰਘ ਕੇ. ਜੇ. ਨੇ ਆਮ ਆਦਮੀ ਪਾਰਟੀ ਵਿੱਚ ਘਰ ਵਾਪਸੀ ਕਰ ਲਈ ਹੈ। ਉਨ੍ਹਾਂ ਨੇ ਸਮੁੱਚੀ ਆਮ ਆਦਮੀ ਪਾਰਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਪੂਰੀ ਲਗਨ ਤੇ ਇਮਾਨਦਾਰੀ ਨਾਲ ਸਖਤ ਮਿਹਨਤ ਕਰਨਗੇ।

9-APRIL-PAGE-7.qxd 4/8/2024 10:47 PM Page 1



# ਸੀਵਰੇਜ ਦੇ ਪਾਣੀ ਦਾ ਹੱਲ ਨਾ ਹੋਣ 'ਤੇ ਧਰਨਾ ਲਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਪਿਛਲੇ ਲੰਮੇ ਸਮੇਂ ਤੋਂ ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਸਵਾਹਰ ਨਗਰ ਦਾ ਸੀਵਰੇਜ ਦਾ ਪਾਣੀ ਸਰਵਿਸ ਰੋਡ 'ਤੇ ਖੜਾ ਹੋਣ ਕਾਰਨ ਹਲਕਾ ਰਾਮਪੁਰਾ ਵਾਸੀਆਂ ਨੂੰ ਬਹੁਤ ਦਿੱਕਤ ਆਉਂਦੀ ਸੀ।ਇਸ ਮਸਲੇ ਨੂੰ ਲੈ ਕੇ ਧਰਨਾ ਲਾਇਆ ਗਿਆ ਤੇ ਕੁੱਝ ਸਮਾਂ ਪੁੱਲ ਦੇ ਥੱਲੇ ਟ੍ਰੈਫਿਕ ਜਾਮ ਕੀਤੀ ਤਾਂ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਪ੍ਰਦਰਸ਼ਨਕਾਰੀਆਂ ਅਤੇ ਪ੍ਰਸ਼ਾਸਨ ਵਿਚਾਲੇ ਸਹਿਮਤੀ ਬਣਨ ਤੋਂ ਬਾਅਦ ਧਰਨਾ ਚੁੱਕ ਲਿਆ ਗਿਆ।ਇਹ ਧਰਨੇ ਨੂੰ ਉੱਘੇ ਸਮਾਜ ਸੇਵੀ ਤੇ ਕਾਰੋਬਾਰੀ ਮਨਜੀਤ ਸਿੰਘ ਬਿੱਟੀ ਸੇਲਬਰਾਹੀਆ, ਨਗਰ ਕੌਂਸਲ ਰਾਮਪੁਰਾ ਫੂਲ ਦੇ ਸਾਬਕਾ ਪ੍ਰਧਾਨ ਹੈਪੀ ਬਾਂਸਲ, ਕਾਂਗਰਸੀ ਆਗੂ ਸ਼ੀਰਾ ਮੱਲ੍ਹਆਣਾ, ਕਿਸਾਨ ਆਗੂ ਮਿੱਠੂ ਸਿੰਘ ਕੋਟੜਾ ਕੌੜਾ ਆਦਿ ਨੇ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਰਾਮਪੁਰਾ ਫੂਲ ਦੇ ਸਾਬਕਾ ਮੀਤ ਪ੍ਰਧਾਨ ਸੁਰਜੀਤ ਸਿੰਘ, ਉੱਘੇ ਅਕਾਲੀ ਆਗੂ ਪ੍ਰਿੰਸ ਨੰਦਾ, ਰਾਜੂ ਜੇਠੀ, ਆਰ ਐਸ ਜੇਠੀ, ਜਸਵਿੰਦਰ ਸਿੰਘ ਖਾਲਸਾ, ਨਗਰ ਕੌਂਸਲ ਰਾਮਪੁਰਾ ਫੂਲ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਬਿੱਟਾ, ਸਾਬਕਾ ਸਰਪੰਚ ਗੁਰਤੇਜ ਸਿੰਘ ਬਰਾੜ, ਕਾਂਵੜ ਸੰਘ ਦੇ ਪ੍ਰਧਾਨ ਨੀਰਜ ਚੌਧਰੀ, ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ, ਗੋਲਡੀ ਵਰਮਾ, ਬੂਟਾ ਸਿੰਘ ਸਾਬਕਾ ਸਰਪੰਚ, ਹਰਜਿੰਦਰ ਸਿੰਘ ਸਾਬਕਾ ਸਰਪੰਚ, ਗੋਗਾ ਲਾਲ ਸਾਬਕਾ ਸਰਪੰਚ, ਬਲਜੀਤ ਸਿੰਘ ਸਾਬਕਾ ਸਰਪੰਚ, ਸੁਖਵੰਤ ਜੇਈ, ਮਲਕੀਤ ਸਿੰਘ, ਰਜਿੰਦਰ ਸਿੰਘ ਗਿੱਲ, ਵੀਰ ਸਿੰਘ ਅਤੇ ਸਤਿੰਦਰ ਸਿੰਘ ਬਰਾੜ ਆਦਿ ਹਾਜ਼ਰ ਸਨ।

# ਭਾਜਪਾ ਆਗੂ ਹਰਜੀਤ ਗਰੇਵਾਲ ਤੇ ਅਰਵਿੰਦਰ ਖੰਨਾ ਦਾ ਸਖ਼ਤ ਵਿਰੋਧ



ਮੂਨਕ (ਰਾਜਪਾਲ ਸਿੰਗਲਾ)

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਦੇ ਮੀਤ ਪ੍ਰਧਾਨ ਸੂਬਾ ਸਿੰਘ ਸੰਗਤਪੁਰਾ ਤੇ ਜਨਰਲ ਸਕੱਤਰ ਬਹਾਦਰ ਸਿੰਘ ਭੁਟਾਲ ਖੁਰਦ ਦੀ ਅਗਵਾਈ ਹੇਠ ਬੀਜੇਪੀ ਦੇ ਲੀਡਰ ਹਰਜੀਤ ਗਰੇਵਾਲ ਤੇ ਅਰਵਿੰਦ ਖੰਨਾ ਦਾ ਸਖ਼ਤ ਵਿਰੋਧ ਕੀਤਾ ਗਿਆ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵਲੋਂ ਸਾਰੇ ਭਾਰਤ ਵਿੱਚ ਕੇਂਦਰ ਦੀ ਸਰਕਾਰ ਅਤੇ ਉਸਦੇ ਲੀਡਰਾਂ ਦਾ ਬਾਈਕਾਟ ਕੀਤਾ ਹੋਇਆ ਹੈ ਅਤੇ ਪਿੰਡਾਂ ਸ਼ਹਿਰਾਂ ਵਿੱਚ ਕਿਸੇ ਵੀ ਕੋਨੇ ਵਿਚ ਅਗਰ ਬੀਜੇਪੀ ਦੇ ਲੀਡਰ ਵੋਟ ਪਰਚਾਰ ਲਈ ਆਉਂਦੇ ਹਨ ਤਾਂ ਕਿਸਾਨਾਂ ਮਜ਼ਦੂਰਾਂ ਵਲੋਂ ਉਨ੍ਹਾਂ ਨੂੰ ਆਪਣੀਆ ਮੰਗਾਂ ਪ੍ਰਤੀ ਸਵਾਲ ਜਵਾਬ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਅੱਜ ਅਸੀਂ ਕਿਸਾਨਾਂ ਦੀ ਕਾਤਲ ਕੇਂਦਰ ਸਰਕਾਰ ਤੋਂ ਲਖੀਮਪੁਰ ਖੀਰੀ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕਰਦੇ ਹਾਂ।ਭਾਰਤ ਵਿੱਚ ਕਿਸਾਨਾਂ ਨੂੰ ਸਾਰੀਆਂ ਫਸਲਾਂ ਤੇ ਐਮਐਸਪੀ ਦੀ ਮੰਗ ਕਰਦੇ ਹਾਂ।ਪਰਾਲੀ ਸਾੜਨ ਅਤੇ ਧਰਨੇ ਲਾਉਣ ਸਬੰਧੀ ਜਬਰੀ ਕਿਸਾਨਾਂ ਸਿਰ ਮੜ੍ਹੇ ਕੇਸ ਖਾਰਜ ਕੀਤੇ ਜਾਣ।ਬਿਜਲੀ ਅਟੈਕ 2020 ਖਤਮ ਕੀਤਾ ਜਾਵੇ।

# ਨਜਾਇਜ਼ ਮਾਈਨਿੰਗ ਦੇ ਦੋਸ਼ 'ਚ ਟ੍ਰੈਕਟਰ-ਟ੍ਰਾਲੀ ਸਣੇ 2 ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਨਜਾਇਜ਼ ਰੇਤ ਦੀ ਨਿਕਾਸੀ ਕਰਨ ਦੇ ਦੋਸ਼ ਵਿਚ ਟ੍ਰੈਕਟਰ-ਟਰਾਲੀ ਤੇ 130 ਸਕੇਅਰ ਫੁੱਟ ਰੇਤ, 2 ਬੱਠਲ ਤੇ 2 ਕਹੀਆਂ ਸਣੇ 2 ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਤਪਾਲ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਪਾਲੀਵਾਲਾ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪ੍ਰੀਤਮ ਸਿੰਘ ਵਗੈਰਾ, ਜੋ ਚੰਦ ਭਾਨ ਡਰੇਨ ਵਿਚੋਂ ਪਿੰਡ ਪਾਲੀਵਾਲਾ ਦੇ ਨੇੜਿਓ ਨਜਾਇਜ਼ ਮਾਈਨਿੰਗ ਕਰਕੇ ਰੇਤਾ ਵੇਚਦੇ ਹਨ, ਜੋ ਅੱਜ ਟ੍ਰੈਕਟਰ ਸਵਰਾਜ ਰੰਗ ਨੀਲਾ ਬਿਨਾ ਨੰਬਰੀ ਸਮੇਤ ਟ੍ਰਾਲੀ ਅਤੇ ਟ੍ਰਾਲੀ ਸਮੇਤ ਸੰਮਨਾਲਾ ਚੰਦ ਭਾਨ ਡਰੇਨ ਵਿਚੋਂ ਨਾਜਾਇਜ਼ ਰੇਤਾ ਚੋਰੀ ਕਰਕੇ ਪਿੰਡ ਪਾਲੀਵਾਲਾ ਨੂੰ ਆ ਰਹੇ ਹਨ ਤੇ ਜੇਕਰ ਟੀ-ਪੁਆਇੰਟ ਪਾਲੀਵਾਲਾ 'ਤੇ ਨਾਕਾਬੰਦੀ ਕੀਤੀ ਜਾਵੇ ਤਾਂ ਚੋਰੀ ਦੇ ਰੇਤਾ ਨਾਲ ਭਰੀ ਟਰਾਲੀ-ਟ੍ਰੈਕਟਰ ਸਮੇਤ ਕਾਬੂ ਆ ਸਕਦੇ ਹਨ। ਮੁਖਬਰ ਖਾਸ ਪਾਸੋਂ ਸੂਚਨਾ ਠੋਸ ਹੋਣ ਕਾਰਨ ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਮਜ਼ਦੂਰ ਸਵਰਾਜ 744 ਬਿਨਾਂ ਨੰਬਰੀ ਸਮੇਤ ਟ੍ਰਾਲੀ ਤੇ 130 ਸਕੇਅਰ ਫੁੱਟ ਰੇਤਾ, 2 ਬੱਠਲ ਅਤੇ 2 ਕਹੀਆਂ ਸਮੇਤ 2 ਵਿਅਕਤੀਆਂ ਪ੍ਰੀਤਮ ਸਿੰਘ ਪੁੱਤਰ ਚੰਦ ਸਿੰਘ ਵਾਸੀ ਬਲਾਕੀਵਾਲਾ ਅਤੇ ਛਿੰਦਰਪਾਲ ਸਿੰਘ ਪੁੱਤਰ ਕੱਕਣ ਸਿੰਘ ਵਾਸੀ ਚੱਕ ਖੁੰਡ ਵਾਲਾ ਨੂੰ ਕਾਬੂ ਕਰ ਲਿਆ ਹੈ, ਜਦੋਂਕਿ ਕੱਕੂ ਉਰਫ਼ ਸ਼ੰਭੂ ਪੁੱਤਰ ਗੁਰਬਚਨ ਸਿੰਘ ਵਾਸੀ ਚੱਕ ਖੁੰਡਵਾਲਾ, ਸੁਰਜੀਤ ਸਿੰਘ ਤੇ ਕਾਲਾ ਸਿੰਘ ਪੁੱਤਰ ਖੁਸ਼ਹਾਲ ਸਿੰਘ ਵਾਸੀਆਨ ਪਾਲੀਵਾਲਾ ਮੌਕੇ ਤੋਂ ਫਰਾਰ ਹੋ ਗਏ। ਥਾਣਾ ਵੈਰੋਕੇ ਵਿਖੇ ਪੁਲਸ ਨੇ ਪ੍ਰੀਤਮ ਸਿੰਘ, ਛਿੰਦਰਪਾਲ ਸਿੰਘ, ਕੱਕੂ ਉਰਫ ਸ਼ੰਭੂ, ਸੁਰਜੀਤ ਸਿੰਘ ਅਤੇ ਕਾਲਾ ਸਿੰਘ ਦੇ ਖਿਲਾਫ਼ ਧਾਰਾ 379 ਆਈਪੀਸੀ ਅਤੇ 21 ਮਾਈਨਿੰਗ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਜਮਹੂਰੀ ਅਧਿਕਾਰ ਸਭਾ ਦੀ ਹੋਈ ਇਕੱਤਰਤਾ



ਸੰਗਰੂਰ (ਪ੍ਰਵੀਨ ਸਿੰਘ)

ਜਮਹੂਰੀ ਅਧਿਕਾਰ ਸਭਾ, ਪੰਜਾਬ ਇਕਾਈ ਸੰਗਰੂਰ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਦੀ ਪ੍ਰਧਾਨਗੀ ਹੇਠ ਗਦਰ ਭਵਨ ਵਿਖੇ ਹੋਈ।

ਮੀਟਿੰਗ ਵਿਚ ਪਿਛਲੇ ਦਿਨੀਂ ਇਕਾਈ ਦੇ ਚੋਣ ਇਜਲਾਸ ਦੇ ਰੀਵਿਊ ਕਰਨ ਤੋਂ ਇਲਾਵਾ ਭਵਿੱਖ ਦੀ ਵਿਉਂਤਬੰਦੀ 'ਤੇ ਚਰਚਾ ਕੀਤੀ ਗਈ।ਸੂਬਾ ਕਮੇਟੀ ਦੀ ਮੀਟਿੰਗ ਦੀ ਰਿਪੋਰਟਿੰਗ ਸੂਬਾ ਆਗੂ ਸਵਰਨਜੀਤ ਸਿੰਘ ਨੇ ਕਰਦਿਆਂ ਦੱਸਿਆ ਭਵਿੱਖ ਵਿੱਚ 295ਏ ਧਾਰਾ ਰੱਦ ਕਰਾਉਣ, ਫ਼ਿਰਕਾਪ੍ਰਸਤੀ ਤੇ ਫ਼ਾਸ਼ੀਵਾਦੀ ਤਾਕਤਾਂ ਤੇ ਧਾਰਮਿਕ ਵੰਡੀਆਂ ਪਾ ਕੇ ਰਾਜ ਸੱਤਾ 'ਤੇ ਕਾਬਜ਼ ਹੋਣ ਵਾਲੀ ਭਾਜਪਾ ਖਿਲਾਫ਼ ਪ੍ਰੋਗਰਾਮ ਕਰਕੇ ਲੋਕ ਲਾਮਬੰਦੀ ਕੀਤੀ ਜਾਵੇਗੀ।ਲੋਕ ਸਭਾ ਚੋਣਾਂ ਦੌਰਾਨ ਪਿੰਡਾਂ ਸਹਿਰਾਂ ਵਿੱਚ ਵੋਟਾਂ ਮੰਗਣ ਵਾਲੀਆਂ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਨੂੰ ਝੂਠੇ ਚੋਣ ਵਾਅਦਿਆਂ ਨਾਲ ਸੱਤਾ ਹਥਿਆਉਣ ਤੇ ਸਵਾਲ ਕਰਕੇ ਲੋਕ ਕਚਿਹਰੀ ਵਿੱਚ ਖੜਾ ਕੀਤਾ ਜਾਵੇਗਾ।

ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਵੱਲੋਂ ਕੀਤੀ ਗਈ, ਜਦੋਂਕਿ ਵਿੱਤ ਸਕੱਤਰ ਮਨਧੀਰ ਸਿੰਘ ਨੇ ਵਿੱਤ ਰਿਪੋਰਟ ਪੇਸ਼ ਕੀਤੀ।ਮੈਂਬਰਾਂ ਨੂੰ ਸਭਾ ਦੇ ਐਲਾਨਨਾਮੇ ਅਨੁਸਾਰ ਇਲਾਕਾ ਪੱਧਰੀ ਕਾਰਜਾਂ ਨੂੰ ਹੱਥਾਂ ਵਿਚ ਲੈ ਕੇ ਕੰਮ ਕਰਨ ਲਈ ਤਿਆਰ ਕੀਤਾ ਜਾਵੇਗਾ।ਮੀਟਿੰਗ ਵਿਚ ਦੱਸਿਆ ਗਿਆ ਕਿ ਜ਼ਿਲ੍ਹੇ ਸੰਗਰੂਰ ਵਿੱਚ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਸੰਬੰਧੀ ਤੱਥ ਇਕੱਠੇ ਕਰਨ ਉਪਰੰਤ ਰਿਪੋਰਟ ਜਾਰੀ ਕਰਕੇ ਦੋਸ਼ੀਆਂ ਨੂੰ ਬੇਨਕਾਬ ਕੀਤਾ ਜਾਵੇਗਾ।

# ਕਾਰ-ਮੋਟਰਸਾਈਕਲ ਦੀ ਟੱਕਰ 'ਚ ਪਿਓ-ਪੁੱਤ ਹਲਾਕ



ਜ਼ੀਰਾ/ਮਖੂ (ਪਰਮਜੀਤ ਸਿੰਘ ਧੰਜੂ/ਰਛਪਾਲ ਸਿੰਘ ਸੰਧੂ)

ਪਿੰਡ ਪੀਰ ਮੁਹੰਮਦ ਨੇੜੇ ਕਾਰ ਤੇ ਮੋਟਰਸਾਈਕਲ ਦੀ ਆਪਸੀ ਟੱਕਰ ਵਿੱਚ ਮੋਟਰਸਾਈਕਲ ਸਵਾਰ ਪਿਓ-ਪੁੱਤਰ ਹਲਾਕ ਹੋ ਗਏ।ਸਿਵਲ ਹਸਪਤਾਲ ਵਿਖੇ ਮ੍ਰਿਤਕਾਂ ਦੇ ਰਿਸ਼ਤੇਦਾਰ ਛਿੰਦਰ ਸਿੰਘ ਪੁੱਤਰ ਹਰਬੇਲ ਸਿੰਘ ਵਾਸੀ ਪਿੰਡ ਬੂਲੇ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਬਲਵਿੰਦਰ ਸਿੰਘ (37) ਪੁੱਤਰ ਮਹਿੰਦਰ ਸਿੰਘ ਅਤੇ ਉਸ ਦਾ ਪੁੱਤਰ ਗੁਰਵਿੰਦਰ ਸਿੰਘ (18) ਵਾਸੀ ਪਿੰਡ ਬੂਲੇ ਆਪਣੇ ਮੋਟਰਸਾਈਕਲ 'ਤੇ ਖੀਰ ਚੜ੍ਹਾਉਣ ਲਈ ਗੁਰਦੁਆਰਾ ਭੱਠ ਸਾਹਿਬ, ਪੱਟੀ ਜਾ ਰਹੇ ਸਨ ਕਿ ਰਸਤੇ ਵਿੱਚ ਮਖੂ ਦੇ ਨੇੜੇ ਸਥਿਤ ਪਿੰਡ ਪੀਰ ਮੁਹੰਮਦ ਕੋਲ ਉਨ੍ਹਾਂ ਦੇ ਮੋਟਰਸਾਈਕਲ ਦੀ ਸਾਹਮਣੇ ਤੋਂ ਆ ਰਹੀ ਇੱਕ ਹੌਂਡਾ ਸਿਟੀ ਕਾਰ ਨਾਲ ਟੱਕਰ ਹੋ ਗਈ, ਜਿਸ ਕਾਰਨ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।ਛਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ ਹੈ।ਸਿਵਲ ਹਸਪਤਾਲ ਜੀਰਾ ਵਿਖੇ ਡਿਊਟੀ ਤੇ ਤਾਇਨਾਤ ਡਾ. ਰਮਿੰਦਰ ਸਿੰਘ ਨੇ ਵੀ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ 'ਆਪ' ਵਰਕਰਾਂ ਕੀਤੀ ਭੁੱਖ ਹੜਤਾਲ



ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਜਥੇਬੰਦੀ ਵੱਲੋਂ ਜ਼ਿਲ੍ਹਾ ਪ੍ਰਧਾਨ ਅਜੇ ਲਿਬੜਾ ਦੀ ਅਗਵਾਈ ਵਿੱਚ ਜ਼ਿਲ੍ਹਾ ਹੈੱਡਕੁਆਰਟਰ ਸਾਹਮਣੇ ਭੁੱਖ ਹੜਤਾਲ ਕੀਤੀ ਗਈ। ਕੇਂਦਰ ਸਰਕਾਰ ਦੇ ਖਿਲਾਫ਼ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਤੇ ਵਿਰੋਧ ਵਿੱਚ ਨਾਅਰੇਬਾਜ਼ੀ ਵੀ ਕੀਤੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਸਮੇਤ ਔਰਤ ਵਰਕਰਾਂ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੇ ਲਿਬੜਾ ਤੇ ਮਾਰਕੀਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਵੱਲੋਂ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ, ਦੇਸ਼ ਹਿੱਤ ਵਿੱਚ ਲੜਨ ਵਾਲੀਆਂ ਪਾਰਟੀਆਂ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ਤਾਂ ਜੁ ਲੋਕਤੰਤਰ ਨੂੰ ਖਤਮ ਕੀਤਾ ਜਾ ਸਕੇ।

ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦਿੱਲੀ ਦੇ ਮੌਜੂਦਾ ਮੁੱਖ ਮੰਤਰੀ ਹਨ। ਇੱਕ ਕਾਰੋਬਾਰੀ ਵੱਲੋਂ ਉਨ੍ਹਾਂ ਦੇ ਖਿਲਾਫ਼ ਦਿੱਤੇ ਬਿਆਨ ਨੂੰ ਆਧਾਰ ਬਣਾ ਕੇ ਈਡੀ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਦਕਿ ਉਹ ਵਿਅਕਤੀ ਖੁਦ ਵੀ ਘੁਟਾਲੇ ਦੇ ਵਿੱਚ ਸ਼ਾਮਲ ਹਨ, ਉਹ ਆਜ਼ਾਦ ਘੁੰਮ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਦਾ ਥਾਪੜਾ ਮਿਲਿਆ ਹੋਇਆ ਹੈ।ਜਿਹੜੇ ਵਿਅਕਤੀਆਂ ਵੱਲੋਂ ਭ੍ਰਿਸ਼ਟਾਚਾਰ ਦੇ ਘੁਟਾਲਿਆਂ ਦੀਆਂ ਪੋਲਾਂ ਖੋਲ੍ਹੀਆਂ ਜਾ ਰਹੀਆਂ ਹਨ।

ਉਨ੍ਹਾਂ ਨੂੰ ਸਰਕਾਰ ਵੱਲੋਂ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ, ਜਿਸ ਸ਼ਰਾਬ ਘੁਟਾਲੇ ਦੀ ਈਡੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਉਹ ਪਿਛਲੇ ਦੋ ਸਾਲਾਂ ਤੋਂ ਚਰਚਾ ਵਿੱਚ ਹੈ, ਪ੍ਰੰਤੂ ਈਡੀ ਉਸ ਦੇ ਵਿੱਚ ਕੁਝ ਵੀ ਬਰਾਮਦ ਨਹੀਂ ਕਰ ਸਕੀ, ਕਿਉਂਕਿ ਜਿਹੜੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਘੁਟਾਲੇ ਵਿੱਚ ਸ਼ਾਮਲ ਹੀ ਨਹੀਂ ਹਨ।ਚੋਣਾਂ ਦੇ ਮੱਦੇਨਜ਼ਰ ਕੇਵਲ ਉਨ੍ਹਾਂ ਨੂੰ ਹਰਾਸ ਕੀਤਾ ਜਾ ਰਿਹਾ ਹੈ ਤਾਂ ਜੁ ਉਹ ਆਮ ਲੋਕਾਂ ਵਿੱਚ ਜਾ ਕੇ ਚੋਣ ਪ੍ਰਚਾਰ ਨਾ ਕਰ ਸਕਣ।

ਇਹ ਸਾਰੀਆਂ ਗੱਲਾਂ ਭਾਰਤ ਦੇ ਲੋਕ ਭਲੀ ਭਾਂਤ ਜਾਣਦੇ ਹਨ।ਭਾਰਤੀ ਜਨਤਾ ਪਾਰਟੀ ਨੂੰ ਸਬਕ ਸਿਖਾਉਣ ਦੇ ਲਈ ਸਾਨੂੰ ਉਨ੍ਹਾਂ ਦੇ ਖਿਲਾਫ਼ ਵੋਟ ਕਰਨੀ ਹੋਵੇਗੀ, ਤਾਂ ਹੀ ਅਸੀਂ ਭਾਰਤ ਦੇ ਸੰਵਿਧਾਨ ਨੂੰ ਬਚਾਉਣ ਵਿੱਚ ਸਫ਼ਲ ਹੋਵਾਂਗੇ।

# ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਇਕੱਤਰਤਾ 'ਚ ਰਚਨਾਵਾਂ 'ਤੇ ਹੋਈ ਚਰਚਾ



ਸਮਰਾਲਾ (ਸੁਰਜੀਤ ਸਿੰਘ)

ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮਾਸਿਕ ਮੀਟਿੰਗ ਸਭਾ ਦੀ ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿੱਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਦੀ ਪ੍ਰਧਾਨਗੀ ਹੇਠ ਹੋਈ।ਇਕੱਤਰਤਾ ਦੇ ਆਰੰਭ ਵਿਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ।ਇਸ ਤੋਂ ਬਾਅਦ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਪੰਮੀ ਹਬੀਬ ਦੀ ਮਿੰਨੀ ਕਹਾਣੀ ਮਜਬੂਰੀ ਤੋਂ ਹੋਈ, ਜਿਸ 'ਤੇ ਬਹੁਤ ਨਿੱਠ ਕੇ ਚਰਚਾ ਹੋਈ।ਇਸ ਤੋਂ ਬਾਅਦ ਵਿਸ਼ਵਿੰਦਰ ਨੇ ਕਵਿਤਾ 'ਪਿੱਤਲ ਸੋਨਾ ਵਿੱਚ ਕਠਾਲੀ ਢਲ ਜਾਂਦਾ', ਸਿਮਰਨ ਅਹਿਲਾਵਤ ਨੇ ਕਵਿਤਾ 'ਦੇਖ ਰਹੀ ਹਾਂ ਕੰਧ 'ਤੇ ਟੰਗੀ ਸਿਥਰਤਾ', ਜ਼ੋਰਾਵਰ ਪੰਛੀ ਨੇ ਗ਼ਜ਼ਲ 'ਹਿਜ਼ਰ ਦਾ ਗ਼ਮ ਹੈ ਪਹਾੜ ਵਰਗਾ', ਤੇਲੂ ਰਾਮ ਕੁਹਾੜਾ ਨੇ ਕਹਾਣੀ 'ਸ਼ਾਇਰ ਪਤੀ', ਜਸਵੀਰ ਝੱਜ ਨੇ ਗ਼ਜ਼ਲ 'ਰੁਤਬਾ ਤਾਂ ਹੀ ਪਾਇਆ ਰੋਹਬ ਜਮਾਉਣ ਲਈ', ਮਲਕੀਤ ਮਾਲੜਾ ਨੇ ਕਵਿਤਾ 'ਮੈਂ ਉਸ ਸੱਜਣ ਦੀ ਗੱਲ ਕਰਦਾ', ਗੁਰਮੀਤ ਆਰਿਫ਼ ਨੇ ਬਦਲ ਰਹੇ ਸਮੇਂ ਦੀ ਕਹਾਣੀ 'ਅਹਿਮਦਸ਼ਾਹੇ', ਹਰਬੰਸ ਮਾਲਵਾ ਨੇ ਗੀਤ 'ਉਡੀਕ', ਬਲਵੰਤ ਮਾਂਗਟ ਨੇ ਗੀਤ 'ਜਾਨ ਲੈਣ ਨੂੰ ਫਿਰਦੀ ਏ', ਤਰਨਵੀਰ ਤਰਨ ਨੇ ਗ਼ਜ਼ਲ 'ਮੈਂ ਨਹੀਂ ਕੋਈ ਹੋਰ ਹਾਂ', ਅਮਰਿੰਦਰ ਸੋਹਲ ਨੇ ਗ਼ਜ਼ਲ 'ਚੇਲੇ ਵੀ ਨੇ ਮਤਹੀਣ', ਗੁਰਦਿਆਲ ਦਲਾਲ ਨੇ ਨਸਲੀਮਾ ਨਸਰੀਨ ਦੇ ਨਾਵਲ ਲੱਜਾ 'ਤੇ ਅਧਾਰਿਤ ਨਾਟਕ 'ਬਦਲਾ', ਨੇਤਰ ਮੁੱਤੋ ਨੇ ਮਿੰਨੀ ਕਹਾਣੀ 'ਲਾਇਲਾਜ', ਸ਼ੇਰ ਰਾਮਪੁਰ ਨੇ ਗੀਤ 'ਠੇਕਿਆਂ ਨੂੰ ਅੱਗ ਲੱਗ ਜੇ' ਸੁਣਾਇਆ। ਮੀਟਿੰਗ ਵਿੱਚ ਪ੍ਰੀਤ ਸੰਦਲ, ਮੁਖਤਿਆਰ ਸਿੰਘ, ਭਗਵੰਤ ਸਿੰਘ ਲਿੱਟ ਨੇ ਸਰੋਤਿਆਂ ਦੇ ਤੌਰ 'ਤੇ ਸ਼ਿਰਕਤ ਕੀਤੀ। ਸਭਾ ਵਲੋਂ ਮੁਖਤਿਆਰ ਖੰਨਾ ਨੂੰ ਉਨ੍ਹਾਂ ਦੀ ਪੋਤਰੀ ਦੇ ਵਿਆਹ ਦੀ ਅਤੇ ਗੁਰਮੀਤ ਆਰਿਫ ਨੂੰ ਸਨਮਾਨ ਮਿਲਣ ਦੀ ਮੁਬਾਰਕਵਾਦ ਦਿੱਤੀ ਗਈ। ਮੁਖਤਿਆਰ ਖੰਨਾ ਵਲੋਂ ਸਭਾ ਦੀ ਲਾਇਬ੍ਰੇਰੀ ਲਈ 20 ਦੇ ਕਰੀਬ ਕਿਤਾਬਾਂ ਭੇਂਟ ਕੀਤੀਆਂ ਗਈਆਂ। ਅੰਤ ਵਿਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਮੀਟਿੰਗ ਵਿਚ ਸ਼ਾਮਿਲ ਸਾਰੇ ਸਾਹਿਤਕਾਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਭਾ ਦੀ ਕਾਰਵਾਈ ਸਭਾ ਦੇ ਸਕੱਤਰ ਬਲਵੰਤ ਮਾਂਗਟ ਦੁਆਰਾ ਬਹੁਤ ਭਾਵਪੂਰਨ ਤਰੀਕੇ ਨਾਲ ਨਿਭਾਈ ਗਈ। ਸਭਾ ਦੀ ਕਾਰਵਾਈ ਦੌਰਾਨ ਪ੍ਰਬੰਧਕੀ ਕੰਮਾਂ ਨੂੰ ਤਰਨਵੀਰ ਤਰਨ ਤੇ ਸਭਾ ਦੇ ਮੀਤ ਪ੍ਰਧਾਨ ਅਮਰਿੰਦਰ ਸੋਹਲ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ।

# ਗੁਲਾਬੀ ਸੁੰਡੀ ਤੋਂ ਰੋਕਥਾਮ ਲਈ ਏਕੀਕ੍ਰਿਤ ਕੀਟ ਪ੍ਰਬੰਧ ਪ੍ਰਣਾਲੀ ਅਪਣਾਉਣ ਦੀ ਜ਼ਰੂਰਤ : ਡਾ. ਮੌਰੀਆ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)

ਨਰਮੇ ਉੱਪਰ ਗੁਲਾਬੀ ਸੁੰਡੀ ਦੀ ਸ਼ੁਰੂਆਤ ਦੀ ਫਿਊਮੀਗੇਸ਼ਨ ਕਰਨ ਲਈ ਕਿਹਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਧਰਮ ਪਾਲ ਨੇ ਕਿਹਾ, ਨਰਮਾ ਮਾਲਵਾ ਖੇਤਰ ਦੀ ਅਹਿਮ ਫ਼ਸਲ ਹੈ, ਜੋ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਝੋਨੇ ਹੇਠੋਂ ਰਕਬਾ ਘਟਾ ਕੇ ਖੇਤੀ ਵਿਭਿੰਨਤਾ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।ਉਨ੍ਹਾਂ ਕਿਹਾ ਕਿ ਸੁਧਰੀਆਂ ਕਿਸਮਾਂ ਬਾਰੇ ਸਹੀ ਜਾਣਕਾਰੀ ਨਾ ਹੋਣਾ, ਪਿਛੇਤੀ ਬਿਜਾਈ, ਖਾਦਾਂ ਦੀ ਸੰਤੁਲਤ ਵਰਤੋਂ ਨਾ ਕਰਨਾ, ਪਾਣੀ ਦੀ ਸੁਚੱਜੀ ਵਰਤੋਂ ਨਾਂ ਕਰਨਾ ਆਦਿ ਅਜਿਹੇ ਕਾਰਨ ਹਨ, ਜੋ ਨਰਮੇ ਦੀ ਪੈਦਾਵਾਰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਨਰਮੇ ਦੀ ਫ਼ਸਲ ਦੀ ਸਫ਼ਲ ਕਾਸ਼ਤ ਲਈ ਜ਼ਰੂਰੀ ਹੈ ਕਿ ਸਿਫ਼ਾਰਸ਼ਸ਼ੁਦਾ, ਕੀੜੇ ਤੇ ਬਿਮਾਰੀਆਂ ਪ੍ਰਤੀਰੋਧਕ ਕਿਸਮਾਂ ਸਰਬਪੱਖੀ ਕੀਟ, ਖਾਦ ਤੇ ਬਿਮਾਰੀ ਪ੍ਰਬੰਧਨ ਤਕਨੀਕਾਂ ਅਪਨਾਈਆਂ ਜਾਣ।ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਕਿਸਾਨਾਂ ਤੱਕ ਨਰਮੇ ਦੀਆਂ ਨਵੀਨਤਮ ਤਕਨੀਕਾਂ ਪੁਚਾਉਣ ਲਈ ਜੰਗੀ ਪੱਧਰ 'ਤੇ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ।

ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਨਰਮੇ ਦੀ ਫ਼ਸਲ ਦੀ ਸਫ਼ਲਤਾ ਲਈ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਲ 2023-24 ਦੌਰਾਨ ਜ਼ਿਲ੍ਹਾ ਫ਼ਰੀਦਕੋਟ ਵਿੱਚ ਨਰਮੇ ਦੀ ਫਲਸ 854 ਹੈਕਟੇਅਰ ਰਕਬੇ ਵਿੱਚ ਕਾਸ਼ਤ ਕੀਤੀ ਗਈ ਸੀ ਤੇ ਸਾਲ 2024-25 ਦੌਰਾਨ ਨਰਮੇ ਦੀ ਫ਼ਸਲ 950 ਹੈਕਟੇਅਰ ਰਕਬੇ ਵਿੱਚ ਕਾਸ਼ਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਟੀਚੇ ਦੀ ਪ੍ਰਾਪਤੀ ਲਈ ਹਰ ਹਫ਼ਤੇ ਬੁੱਧਵਾਰ ਤੇ ਸ਼ੁੱਕਰਵਾਰ ਨੂੰ ਹਰੇਕ ਸਰਕਲ ਦੇ ਇੱਕ-ਇੱਕ ਪਿੰਡ ਵਿੱਚ ਜਾਗਰੂਕ ਕੈਂਪ ਲਾ ਕੇ ਕਿਸਾਨਾਂ ਨੂੰ ਨਰਮੇ ਹੇਠ ਰਕਬਾ ਵਧਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੇ ਘਰਾਂ ਵਿੱਚ ਪਈਆਂ ਛਿਟੀਆਂ ਨੂੰ ਨਸ਼ਟ ਤੇ ਜੈਤੋ ਸਥਿਤ ਕਪਾਹ ਜਿੰਨਿੰਗ ਮਿੱਲ ਵਿੱਚ ਪਏ ਵੜੇਵਿਆਂ ਦੇ ਸਟਾਕ ਨੂੰ ਫਿਊਮੀਗੇਟ ਕਰਕੇ ਗੁਲਾਬੀ ਸੁੰਡੀ ਦੇ ਪਿਊਪੇ ਖਤਮ ਕੀਤੇ ਜਾ ਚੁਕੇ ਹਨ ਤਾਂ ਜੁ ਗੁਲਾਬੀ ਸੁੰਡੀ ਦੀ ਰੋਕਥਾਮ ਹੋ ਸਕੇ।ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਮੌਸਮ ਦੇ ਅਨੁਕੂਲ ਨਾ ਰਹਿਣ ਤੇ ਗੁਲਾਬੀ ਸੁੰਡੀ ਕਾਰਨ ਨਰਮੇ ਦੀ ਫ਼ਸਲ ਦਾ ਨੁਕਸਾਨ ਹੋਇਆ ਸੀ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਦੇ ਆਦੇਸ਼ਾਂ ਤੇ ਸੰਬੰਧਤ ਵਿਭਾਗ ਨਹਿਰਾਂ, ਸੜਕਾਂ, ਵਿਰਾਨ ਜਗਾ ਅਤੇ ਹੋਰ ਥਾਵਾਂ ਤੋਂ ਨਦੀਨਾਂ ਦੀ ਰੋਕਥਾਮ ਕਰ ਰਹੇ ਤਾਂ ਜੁ ਚਿੱਟੀ ਮੱਖੀ ਦੀ ਰੋਕਥਾਮ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਨਰਮੇ ਦੀ ਸਫ਼ਲ ਕਾਸ਼ਤ ਲਈ ਟੀਂਡੇ ਦੀ ਗੁਲਾਬੀ ਸੁੰਡੀ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ ਤੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਏਕੀਕ੍ਰਿਤ ਕੀਟ ਪ੍ਰਬੰਧ ਪ੍ਰਣਾਲੀ ਅਪਨਾਉਣੀ ਚਾਹੀਦੀ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਨਰਮੇ ਦੀ ਸਫ਼ਲ ਕਾਸਤ ਲਈ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਸਮੂਹ ਅਧਿਕਾਰੀ/ਕ੍ਰਮਚਾਰੀ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਨਰਮੇ ਦੀ ਕਾਸ਼ਤ ਨੂੰ ਸਫ਼ਲ ਕਰਨ ਲਈ ਬਣਦਾ ਯੋਗਦਾਨ ਪਾਉਣਗੇ।

# ਭਾਰਤ ਗਰੁੱਪ ਵੱਲੋਂ ਸਾਲਾਨਾ ਅਥਲੈਟਿਕ ਮੀਟ ਦਾ ਆਯੋਜਨ



ਸਰਦੂਲਗੜ੍ਹ (ਅਵਤਾਰ ਜਟਾਣਾ)

ਭਾਰਤ ਗਰੁੱਪ ਆਫ਼ ਕਾਲਜਿਜ਼ ਵੱਲੋਂ ਆਪਣੇ ਕੈਂਪਸ ਵਿੱਚ ਸਾਲਾਨਾ ਐਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ। ਵੱਖ-ਵੱਖ ਇੰਡੋਰ ਤੇ ਆਊਟਡੋਰ ਖੇਡਾਂ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਭਾਗ ਲਿਆ।ਸੀਈਓ, ਸ਼੍ਰੀ ਰਾਜੇਸ਼ ਕੁਮਾਰ ਗਰਗ ਤੇ ਐਡਮਿਸ਼ਨ ਡਾਇਰੈਕਟਰ ਸ਼੍ਰੀ ਮੋਹਿਤ ਜੈਨ, ਭਾਰਤ ਗਰੁੱਪ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਇਸ ਮੌਕੇ ਕਰਾਈਆਂ ਵੱਖ-ਵੱਖ ਇੰਡੋਰ ਅਤੇ ਆਊਟਡੋਰ ਖੇਡਾਂ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਭਾਗ ਲਿਆ।ਪ੍ਰੋਗਰਾਮ ਦਾ ਸੰਚਾਲਨ ਪ੍ਰਿੰਸੀਪਲ ਡਾ. ਗੀਤੇਸ਼ ਗੋਗਾ, ਲਵਪ੍ਰੀਤ ਸਿੰਘ ਰੰਧਾਵਾ (ਇੰਜੀਨੀਅਰਿੰਗ), ਹਰਬੰਸ ਸਿੰਘ (ਇੰਜਨੀਅਰਿੰਗ), ਸੁਰਿੰਦਰ ਸਿੰਘ ਸੰਧੂ (ਖੇਡ ਕੋਚ) ਨੇ ਕੀਤਾ।

ਪੂਰੇ ਸਮਾਗਮ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਸੀ।ਇੰਡੋਰ ਗੇਮਜ਼, ਆਊਟਡੋਰ ਗੇਮਜ਼ ਤੇ ਫਨ ਗੇਮਜ਼। ਆਊਟਡੋਰ ਖੇਡਾਂ ਵਿੱਚ 100 ਮੀਟਰ ਅਤੇ 200 ਮੀਟਰ ਦੌੜ, ਵਾਲੀਬਾਲ, ਕਬੱਡੀ, ਖੋ-ਖੋ, ਲੰਬੀ ਛਾਲ, ਉੱਚੀ ਛਾਲ, ਜੈਵਲਿਨ ਥਰੋਅ, ਡਿਸਕਸ ਥਰੋਅ, ਕ੍ਰਿਕਟ ਆਦਿ ਸ਼ਾਮਲ ਸਨ।ਇੰਡੋਰ ਖੇਡਾਂ ਵਿੱਚ ਸ਼ਤਰੰਜ, ਕੈਰਮ ਬੋਰਡ ਤੇ ਬੈਡਮਿੰਟਨ ਸ਼ਾਮਲ ਸਨ।ਫਨ ਗੇਮਜ਼ ਵਿੱਚ 3 ਲੈਗ ਰੇਸ, ਟਗ ਆਫ ਵਾਰ, ਸੈਕ ਰੇਸ, ਗੁਬਾਰੇ ਤੇ ਨਿੰਬੂ ਰੇਸਾਂ ਸ਼ਾਮਲ ਸਨ।

ਪ੍ਰਿੰਸੀਪਲ ਡਾ. ਗੀਤੇਸ਼ ਗੋਗਾ, ਭਾਰਤ ਗਰੁੱਪ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਖੇਡ ਗਤੀਵਿਧੀਆਂ 'ਤੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅਕਾਦਮਿਕ ਤੇ ਖੇਡ ਗਤੀਵਿਧੀਆਂ ਵਿੱਚ ਸੰਤੁਲਨ ਬਣਾਏ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ।

ਉਹਨਾਂ ਨੇ ਅੱਗੇ ਕਿਹਾ ਕਿ ਖੇਡਾਂ ਵਿਦਿਆਰਥੀ ਦੀ ਸਮੁੱਚੀ ਸ਼ਖਸੀਅਤ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਵੱਖ-ਵੱਖ ਉੱਘੀਆਂ ਖੇਡ ਸ਼ਖਸੀਅਤਾਂ ਦੀ ਮਿਸਾਲ ਦਿੰਦਿਆਂ ਵਿਦਿਆਰਥੀਆਂ ਨੂੰ ਖੇਡਾਂ ਨੂੰ ਕਿੱਤੇ ਵਜੋਂ ਅਪਣਾਉਣ ਲਈ ਪ੍ਰੇਰਿਤ ਕੀਤਾ।

## ਪਰਜਾਪਤ ਸੇਵਾ ਸੁਸਾਇਟੀ ਦਾ ਸਮਾਗਮ 14 ਨੂੰ



ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਮੋਗਾ ਦੀ ਖਾਸ ਮੀਟਿੰਗ ਅਜੀਤ ਵਰਮਾ ਐਡਵੋਕੇਟ, ਚੌਧਰੀ ਖੁਸ਼ੀਰਾਮ, ਜੈ ਚੰਦ ਬੇਵਾਲ ਅਤੇ ਹੰਸਰਾਜ ਦੀ ਅਗਵਾਈ ਹੇਠ ਹੋਈ।ਸੁਸਾਇਟੀ ਵਲੋਂ ਪ੍ਰਜਾਪਤ ਸਮਾਜ ਸੰਬੰਧੀ ਸਮਾਜ ਸੇਵੀ ਕੰਮ ਕੀਤੇ ਜਾਂਦੇ ਹਨ। ਸੁਸਾਇਟੀ ਵੱਲੋਂ ਹੋਣਹਾਰ ਵਿਦਿਆਰਥੀਆਂ ਦਾ ਹੌਸਲਾ ਅਫ਼ਜ਼ਾਈ ਕਰਨ ਲਈ 14 ਅਪ੍ਰੈਲ ਨੂੰ ਪ੍ਰਜਾਪਤ ਧਰਮਸ਼ਾਲਾ ਵਿੱਚ ਇੱਕ ਖਾਸ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਹੈ, ਜਿਸ ਵਿੱਚ ਸੁਸਾਇਟੀ ਵੱਲੋਂ ਪੰਜਵੀਂ ਜਮਾਤ ਤੋਂ 11ਵੀਂ ਜਮਾਤ ਦੇ ਵਿਦਿਆਰਥੀਆਂ, ਜਿਨ੍ਹਾਂ ਦੇ 80% ਤੋਂ ਵੱਧ ਨੰਬਰ ਆਏ ਹਨ, ਉਨ੍ਹਾਂ ਸਨਮਾਨਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਹ ਵੀ ਤੈਅ ਕੀਤਾ ਗਿਆ ਕਿ ਸਮੇਂ-ਸਮੇਂ 'ਤੇ ਸੁਸਾਇਟੀ ਵੱਲੋਂ ਪ੍ਰਜਾਪਤ ਸਮਾਜ ਸੰਬੰਧੀ ਹੋਰ ਵੀ ਸਮਾਜ ਸੇਵੀ ਕੰਮ ਕੀਤੇ ਜਾਣਗੇ।

# ਗਰਮੀ ਰੁੱਤ ਦੀ ਮੂੰਗੀ/ਮਾਂਹ ਦੀ ਕਾਸ਼ਤ ਕਰਕੇ ਵਾਧੂ ਆਮਦਨ ਲਈ ਜਾ ਸਕਦੀ ਹੈ : ਮੁੱਖ ਖੇਤੀਬਾੜੀ ਅਫ਼ਸਰ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)

ਕਣਕ ਝੋਨੇ ਦੇ ਫ਼ਸਲੀ ਚੱਕਰ ਵਿੱਚ ਝੋਨੇ ਦੀ ਲਵਾਈ ਤੋਂ ਪਹਿਲਾਂ ਗਰਮੀ ਦੀ ਮੂੰਗੀ/ਮਾਂਹ ਦੀ ਕਾਸ਼ਤ ਕਰਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰ ਸਕਦਾ।ਪਿੰਡ ਭਾਗਥਲਾ ਵਿੱਚ ਕਿਸਾਨ ਗੁਰਜੋਤ ਸਿੰਘ ਵਲੋਂ ਕਾਸ਼ਤ ਕੀਤੀ ਮੂੰਗੀ ਦੀ ਫ਼ਸਲ ਦਾ ਜਾਇਜ਼ਾ ਲੈਂਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਮੌਜੂਦਾ ਕਣਕ, ਝੋਨੇ ਦੇ ਫ਼ਸਲੀ ਚੱਕਰ ਵਿਚ ਗਰਮੀ ਰੁੱਤ ਦੀ ਮੂੰਗੀ ਦੀ ਕਾਸ਼ਤ ਰਕਬਾ ਵਧਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾਂ ਕਿ ਜ਼ਿਲ੍ਹਾ ਫ਼ਰੀਦਕੋਟ ਵਿੱਚ ਸਾਲ 2023 -24 ਦੌਰਾਨ ਤਕਰੀਬਨ 300 ਹੈਕ. ਰਕਬੇ ਵਿੱਚ ਮੂੰਗੀ ਦੀ ਕਾਸ਼ਤ ਕੀਤੀ ਗਈ ਸੀ ਅਤੇ ਚਾਲੂ ਸੀਜ਼ਨ ਦੌਰਾਨ ਅੰਦਾਜ਼ਨ 450 ਹੈਕਟਰ ਰਕਬੇ ਵਿੱਚ ਮੂੰਗੀ ਦੀ ਕਾਸ਼ਤ ਕੀਤੀ ਜਾਵੇਗੀ। ਉਨ੍ਹਾਂ ਕਿਹਾਂ ਕਿ ਗਰਮੀ ਰੁੱਤ ਵਿੱਚ ਮਾਂਹ ਤੇ ਮੂੰਗੀ ਦੀ ਦਾਲਾਂ ਦੀ ਕਾਸ਼ਤ ਨਾਲ ਜਿੱਥੇ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਹੁੰਦਾ, ਉਥੇ ਝੋਨੇ ਤੇ ਬਾਸਮਤੀ ਦੀ ਲਵਾਈ ਤੋਂ ਪਹਿਲਾਂ ਵਾਧੂ ਆਮਦਨ ਮਿਲ ਜਾਂਦੀ ਹੈ।ਉਨ੍ਹਾਂ ਕਿਹਾ ਕਿ ਗਰਮ ਰੁੱਤ ਦੀਆਂ ਦਾਲਾਂ ਮੂੰਗੀ ਅਤੇ ਮਾਂਹ ਘੱਟ ਸਮਾਂ ਲੈਣ ਵਾਲੀਆਂ ਫ਼ਸਲਾਂ ਹੋਣ ਕਾਰਨ ਇਹ ਦੋਨੋਂ ਫ਼ਸਲਾਂ ਝੋਨਾ-ਕਣਕ ਫਸਲੀ ਚੱਕਰ ਵਿਚ ਖਾਸ ਮਹੱਤਤਾ ਰੱਖਦੀਆਂ ਹਨ।ਉਨ੍ਹਾਂ ਕਿਹਾ ਕਿ ਪੀ.ਏ.ਯੂ. ਵੱਲੋਂ ਮੂੰਗੀ ਦੀ ਕਿਸਮ ਐਸ ਐਮ ਐਲ 1827 ਗਰਮ ਰੁੱਤ ਵਿੱਚ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ ਹੈ, ਜੋ ਤਕਰੀਬਨ 62 ਦਿਨਾਂ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ।ਉਨ੍ਹਾਂ ਕਿਹਾ ਕਿ ਮੂੰਗੀ ਦੀ ਫ਼ਸਲ ਦੇ ਬੂਟੇ ਖੜਵੇਂ ਤੇ ਦਰਮਿਆਨੇ ਕੱਦ ਦੇ ਹੁੰਦੇ ਹਨ ਤੇ ਇਸ ਨੂੰ ਫਲੀਆਂ ਗੁੱਛਿਆਂ ਵਿੱਚ ਲੱਗਦੀਆਂ ਹਨ।

ਉਨ੍ਹਾਂ ਕਿਹਾ ਕਿ ਇਹ ਕਿਸਮ ਪੀਲਾ ਚਿਤਕਬਰੇ ਦੇ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਕਿਸਮ ਦਾ ਔਸਤ ਝਾੜ 5 -6 ਕੁਇੰਟਲ ਪ੍ਰਤੀ ਏਕੜ ਹੈ।ਉਨ੍ਹਾਂ ਕਿਹਾਂ ਕਿ ਮੂੰਗੀ ਦੀ ਫਸਲ ਤੋਂ ਵਧੇਰੇ ਪੈਦਾਵਾਰ ਲੈਣ ਲਈ ਬਿਜਾਈ ਜ਼ੀਰੋ ਡਰਿੱਲ, ਸੁਪਰ ਸੀਡਰ ਜਾਂ ਹੈਪੀ ਸੀਡਰ ਨਾਲ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਐਸ ਐਮ ਐਲ 1827 ਦਾ ਬੀਜ ਪੰਜਾਬ ਦੇ ਵੱਖੋ-ਵੱਖ ਜਿਲ੍ਹਿਆਂ ਵਿਚ ਸਥਿਤ ਪਨਸੀਡ,ਕ੍ਰਿਸ਼ੀ ਵਿਗਿਆਨ ਕੇਦਰਾਂ, ਫਾਰਮ ਸਲਾਹਕਾਰ ਕੇਦਰਾਂ, ਖੋਜ ਕੇਦਰਾਂ ਅਤੇ ਯੂਨੀਵਰਸਿਟੀ ਸੀਡ ਫਾਰਮਾਂ ਤੇ ਉਪਲੱਬਧ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਡਾ. ਰਾਜਵੀਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਖੇਤੀਬਾੜੀ ਉਪ ਨਿਰੀਖਕ ਤੇ ਕਿਸਾਨ ਮਿੱਤਰ ਗੁਰਜੋਤ ਸਿੰਘ ਮੌਜੂਦ ਸਨ।

# ਹਲਕਾ ਸ਼ੁਤਰਾਣਾ ਦੇ ਟਕਸਾਲੀ ਅਕਾਲੀ ਆਗੂਆਂ ਵੱਲੋਂ ਮੀਟਿੰਗ

**'ਪੰਜਾਬ ਬਚਾਓ ਯਾਤਰਾ' ਲਈ ਵਰਕਰਾਂ ਦੀਆਂ ਡਿਊਟੀਆਂ ਲਾਈਆਂ**



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਚਲਾਈ ਜਾ ਰਹੀ ਪੰਜਾਬ ਬਚਾਓ ਯਾਤਰਾ ਦੇ ਆਪਣੇ ਆਖਰੀ ਪੜਾਅ ਦੌਰਾਨ ਹਲਕਾ ਸ਼ੁਤਰਾਣਾ ਵਿੱਚ ਆ ਰਹੀ ਹੈ।ਯਾਤਰਾ ਦੇ ਸਵਾਗਤ ਨੂੰ ਲੈ ਕੇ ਅਕਾਲੀ ਵਰਕਰਾਂ ਵੱਲੋਂ ਵੱਡੇ ਪੱਧਰ ਉੱਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਸੇ ਦੌਰਾਨ ਹਲਕਾ ਸ਼ੁਤਰਾਣਾ ਦੇ ਟਕਸਾਲੀ ਅਕਾਲੀ ਵਰਕਰਾਂ ਵੱਲੋਂ ਮੀਟਿੰਗ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।ਮੀਟਿੰਗ ਵਿੱਚ ਸ਼ਾਮਲ ਹਲਕਾ ਸ਼ੁਤਰਾਣਾ ਦੇ ਟਕਸਾਲੀ ਅਕਾਲੀ ਆਗੂ ਸੀਨੀਅਰ ਅਕਾਲੀ ਆਗੂ ਭਗਵੰਤ ਸਿੰਘ ਸਾਬਕਾ ਸਰਪੰਚ ਸ਼ੁਤਰਾਣਾ, ਅਮਰੀਕ ਸਿੰਘ ਨੰਬਰਦਾਰ, ਕੋਆਪ੍ਰੇਟਿਵ ਸੁਸਾਇਟੀ ਸ਼ੁਤਰਾਣਾ ਦੇ ਪ੍ਰਧਾਨ ਰਾਜ ਸਿੰਘ ਝੱਬਰ, ਤਰਸੇਮ ਸ਼ਰਮਾ ਸਾਬਕਾ ਸਰਪੰਚ ਹਾਮਝੇੜੀ, ਬਲਾਕ ਸੰਮਤੀ ਮੈਂਬਰ ਜਸਵਿੰਦਰ ਸਿੰਘ ਜੱਸਾ ਬਰਾਸ, ਨੰਬਰਦਾਰ ਯਾਦਵਿੰਦਰ ਸਿੰਘ ਨਿਆਲ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਖ਼ਿਲਾਫ਼ ਆਮ ਆਦਮੀ ਪਾਰਟੀ ਵੱਲੋਂ ਵੱਡੇ ਪੱਧਰ ਉੱਤੇ ਝੂਠਾ ਕੂੜ ਪ੍ਰਚਾਰ ਕਰਕੇ ਸੱਤਾ ਹਾਸਲ ਕਰ ਲਈ ਸੀ, ਪਰ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਬਦਲਾਅ ਦੇ ਨਾਂਅ ਉੱਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਗ਼ਲਤ ਨੀਤੀਆਂ ਕਰਕੇ ਸੂਬੇ ਨੂੰ ਵਿਕਾਸ ਦੇ ਪੱਖੋਂ ਪਛਾੜ ਕੇ ਰੱਖ ਦਿੱਤਾ ਹੈ।

ਆਗੂਆਂ ਕਿਹਾ ਕਿ ਹੁਣ ਸੂਬੇ ਦੇ ਲੋਕਾਂ ਦੇ ਅਸਲੀਅਤ ਸਾਹਮਣੇ ਆ ਗਈ ਹੈ ਅਤੇ ਲੋਕ ਲਗਾਤਾਰ ਅਕਾਲੀ ਦਲ ਨਾਲ ਜੁੜ ਰਹੇ ਹਨ।ਹਲਕਾ ਸ਼ੁਤਰਾਣਾ ਵਿੱਚ ਪੰਜਾਬ ਬਚਾਓ ਯਾਤਰਾ ਨੂੰ ਲੈ ਕੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਸ ਦੌਰਾਨ ਆਪਣੇ ਆਪਣੇ ਇਲਾਕਿਆਂ ਵਿੱਚੋਂ ਯਾਤਰਾ ਵਿੱਚ ਲੋਕਾਂ ਦੀ ਭਰਵੀਂ ਸ਼ਮੂਲੀਅਤ ਕਰਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਲੋਕ ਸਭਾ ਦੇ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ



ਸੰਗਰੂਰ (ਪ੍ਰਵੀਨ ਸਿੰਘ)

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਦੀ ਚੋਣ ਲੜਨ ਵਾਲੇ ਪਾਰਟੀ ਦੇ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੂਜੀ ਸੂਚੀ ਅਨੁਸਾਰ ਪਾਰਟੀ ਉਮੀਦਵਾਰਾਂ ਦਾ ਐਲਾਨ ਕਰਦਿਆ ਦੱਸਿਆ ਕਿ ਅੰਮ੍ਰਿਤਸਰ ਤੋਂ ਈਮਾਨ ਸਿੰਘ ਮਾਨ, ਖਡੂਰ ਸਾਹਿਬ ਤੋਂ ਹਰਪਾਲ ਸਿੰਘ ਬਲੇਰ ਅਤੇ ਫ਼ਿਰੋਜ਼ਪੁਰ ਤੋਂ ਭੁਪਿੰਦਰ ਸਿੰਘ ਭੁੱਲਰ ਨੂੰ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲੋਕ ਸਭਾ ਚੋਣ ਕਿਸਾਨ, ਮਜ਼ਦੂਰ, ਘੱਟ ਗਿਣਤੀਆਂ ਅਤੇ ਦਲਿਤਾਂ ਦੇ ਹੱਕਾਂ ਦੀ ਰੱਖਿਆ, ਆਮ ਲੋਕਾਂ ਲਈ ਬਰਾਬਰ ਦੀਆਂ ਸਿਹਤ ਤੇ ਵਿਦਿਅਕ ਸਹੂਲਤਾਂ ਅਤੇ ਸੁਚਾਰੂ ਰਾਜ ਪ੍ਰਬੰਧਾਂ ਦੇ ਮੁੱਦਿਆਂ 'ਤੇ ਲੜੀ ਜਾਵੇਗੀ।ਉਨ੍ਹਾਂ ਕਿਹਾ ਕਿ ਲੋਕ ਇਸ ਵਾਰ ਦਿੱਲੀ ਪੱਖੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਹਰਾ ਕੇ ਲੋਕਾਂ ਦੇ ਹਿੱਤਾਂ ਲਈ ਖੜਨ ਵਾਲੇ ਉਮੀਦਵਾਰਾਂ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ।ਇਸ ਮੌਕੇ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਪੀਏਸੀ ਮੈਂਬਰ ਬਹਾਦਰ ਸਿੰਘ ਭਸੌੜ, ਜਥੇਦਾਰ ਹਰਜੀਤ ਸਿੰਘ ਸੰਜੂਮਾ, ਜ਼ਿਲ੍ਹਾ ਪ੍ਰਧਾਨ ਬਰਨਾਲਾ ਜਥੇਦਾਰ ਦਰਸ਼ਨ ਸਿੰਘ ਮੰਡੇਰ, ਜ਼ਿਲ੍ਹਾ ਪ੍ਰਧਾਨ ਮਲੇਰਕੋਟਲਾ ਹਰਦੇਵ ਸਿੰਘ ਪੱਪੂ, ਸੀਨੀਅਰ ਆਗੂ ਮਾਸਟਰ ਕਰਨੈਲ ਸਿੰਘ ਨਾਰੀਕੇ, ਜਥੇਬੰਦਕ ਸਕੱਤਰ ਗੋਵਿੰਦ ਸਿੰਘ ਸੰਧੂ, ਪਾਰਟੀ ਦੇ ਸੀਨੀਅਰ ਆਗੂ ਡਾ.ਹਰਜਿੰਦਰ ਸਿੰਘ ਜੱਖੂ, ਗੋਪਾਲ ਸਿੰਘ ਸਿੱਧੂ, ਕੁਸ਼ਲਪਾਲ ਸਿੰਘ ਮਾਨ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਐਡਵੋਕੇਟ ਸਿਮਰਨਜੀਤ ਸਿੰਘ, ਗੁਰਜੰਟ ਸਿੰਘ ਕੱਟੂ, ਮਨਮੋਹਨ ਸਿੰਘ ਚੰਡੀਗੜ੍ਹ, ਗੁਰਪ੍ਰੀਤ ਸਿੰਘ ਚੰਡੀਗੜ੍ਹ, ਬਲਕਾਰ ਸਿੰਘ ਭੁੱਲਰ ਤੇ ਬਲਦੇਵ ਸਿੰਘ ਗਗੜਾ ਸਮੇਤ ਹੋਰ ਆਗੂ ਵੀ ਮੌਜੂਦ ਸਨ।

# ਸ਼ਹਿਰ ਦੇ ਪਾਰਕਾਂ 'ਚ ਬਜ਼ੁਰਗਾਂ ਤੇ ਖਿਡਾਰੀਆਂ ਲਈ ਚਲਾਈ ਵੋਟਰ ਜਾਗਰੂਕਤਾ ਮੁਹਿੰਮ



ਵੋਟ ਫ਼ੀਸਦੀ ਵਧਾਉਣ ਲਈ ਮੋਗਾ ਦੇ ਪਾਰਕਾਂ 'ਚ ਬਜ਼ੁਰਗਾਂ ਤੇ ਖਿਡਾਰੀਆਂ ਲਈ ਵੋਟਰਾਂ ਜਾਗਰੂਕਤਾ ਕਰਦੀ ਹੋਈ ਸਵੀਪ ਟੀਮ।

ਮੋਗਾ (ਇਕਬਾਲ ਸਿੰਘ ਖਹਿਰਾ)

ਲੋਕ ਸਭਾ ਚੋਣਾਂ 2024 ਲਈ ਵੋਟ ਫ਼ੀਸਦੀ ਵਧਾਉਣ ਲਈ ਪੰਜਾਬ ਦੇ ਚੋਣ ਕਮਿਸਨ ਵੱਲੋਂ ਕੀਤੇ ਆਦੇਸ਼ਾਂ ਤਹਿਤ 1 ਜੂਨ ਨੂੰ ਸੱਤਵੇਂ ਪੜਾਅ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਸਵੀਪ ਟੀਮ ਮੈਂਬਰ ਜ਼ਿਲ੍ਹੇ ਦੇ ਵੋਟਰਾਂ ਨੂੰ ਚੋਣ ਬੂਥਾਂ 'ਤੇ ਲਿਜਾ ਕੇ ਵੋਟ ਪਾਉਣਗੇ। ਇਸੇ ਲੜੀ ਤਹਿਤ ਸਹਿਰ ਦੇ ਸਭ ਤੋਂ ਵੱਡੇ ਪਾਰਕ ਵਿੱਚ ਇੱਕ ਸਵੀਪ ਗਤੀਵਿਧੀ ਕਰਾਈ ਗਈ, ਜਿੱਥੇ ਸ਼ਾਮ ਨੂੰ ਨੌਜਵਾਨ ਵੱਡੀ ਗਿਣਤੀ ਵਿੱਚ ਖੇਡਣ ਲਈ ਆਉਂਦੇ ਹਨ ਤੇ ਬਜ਼ੁਰਗ ਸੈਰ ਅਤੇ ਯੋਗਾ ਆਦਿ ਕਰਨ ਲਈ ਆਉਂਦੇ ਹਨ, ਜਿਸ ਵਿੱਚ ਬਜ਼ੁਰਗਾਂ ਨਾਲ, ਆਉਣ ਵਾਲੀਆਂ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਚੋਣ ਕਮਿਸ਼ਨ ਤੇ ਜ਼ਿਲ੍ਹਾ ਪ੍ਰਸਾਸਨ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਦੱਸਿਆ ਗਿਆ।

ਇਸ ਸਮੇਂ ਜ਼ਿਲ੍ਹਾ ਸਹਾਇਕ ਸਵੀਪ ਨੋਡਲ ਪ੍ਰੋ. ਗੁਰਪ੍ਰੀਤ ਸਿੰਘ ਘਾਲੀ ਨੇ ਦੱਸਿਆ ਕਿ ਜੇਕਰ ਕੋਈ ਬਜ਼ੁਰਗ 85 ਸਾਲ ਤੋਂ ਵੱਧ ਉਮਰ ਦਾ ਹੈ ਤਾਂ ਉਹ ਆਪਣੇ ਘਰ ਬੈਠੇ ਹੀ ਆਪਣੀ ਵੋਟ ਪਾ ਸਕਦਾ ਹੈ। ਇਸ ਲਈ ਜ਼ਿਲ੍ਹਾ ਪ੍ਰਸਾਸਨ ਵੱਲੋਂ ਟੀਮਾਂ ਦਾ ਗਠਨ ਕੀਤਾ ਜਾਵੇਗਾ, ਜੋ ਤੁਹਾਡੇ ਘਰ ਆਉਣਗੇ। ਇਸਦੇ ਲਈ ਉਨ੍ਹਾਂ ਨੂੰ ਆਪਣੇ ਬੀ ਐਲ ਓ ਦੀ ਮਦਦ ਲੈਣੀ ਪਵੇਗੀ ਤੇ ਵੋਟਰ ਹੈਲਪਲਾਈਨ ਐਪ ਰਾਹੀਂ ਰਜਿਸਟਰ ਕਰਾਉਣਾ ਹੋਵੇਗਾ। ਜਦੋਂ ਬਜ਼ੁਰਗਾਂ ਨੇ ਈਵੀਐਮ ਤੇ ਵੀਵੀਪੈਟ ਬਾਰੇ ਪੁੱਛਿਆ ਤਾਂ ਸਾਬਕਾ ਜ਼ਿਲ੍ਹਾ ਸਵੀਪ ਨੋਡਲ ਅਫਸਰ ਬਲਵਿੰਦਰ ਸਿੰਘ ਨੇ ਉਨ੍ਹਾਂ ਦੇ ਸਾਰੇ ਸੰਕਿਆਂ ਨੂੰ ਦੂਰ ਕਰਦਿਆਂ ਕਿਹਾ ਕਿ ਇਹ ਮਸ਼ੀਨਾਂ ਬਿਲਕੁਲ ਸੁਰੱਖਿਅਤ ਹਨ ਅਤੇ ਉਹ ਬਿਨਾਂ ਕਿਸੇ ਭੰਬਲਭੂਸੇ ਦੇ ਆਪਣੀ ਵੋਟ ਪਾ ਸਕਦੇ ਹੋ। ਹੁਣ ਵੀ ਵੀ ਪੈਟ ਮਸ਼ੀਨ ਤੁਹਾਨੂੰ ਉਸ ਉਮੀਦਵਾਰ ਦੀ ਫੋਟੋ ਵੀ ਦਿਖਾਉਂਦੀ ਹੈ, ਜਿਸ ਨੂੰ ਤੁਸੀਂ ਵੋਟ ਪਾਈ ਹੈ। ਨੌਜਵਾਨ ਵੋਟਰਾਂ ਨਾਲ ਗੱਲਬਾਤ ਕਰਦੇ ਸਵੀਪ ਨੋਡਲ ਅਫ਼ਸਰ ਅਮਨਦੀਪ ਗੋਸਵਾਮੀ ਨੇ ਕਿਹਾ ਕਿ ਸਾਰੇ ਨੌਜਵਾਨ ਵੋਟਰ ਪਹਿਲਾਂ ਆਪਣੀ ਵੋਟ ਬਣਵਾਉਣ ਤੇ ਫਿਰ ਆਪਣੀ ਵੋਟ ਪਾਉਣ। ਇਸ ਤਰ੍ਹਾਂ ਉਹ ਚੰਗੇ ਲੋਕਤੰਤਰ ਦੀ ਨੀਂਹ ਨੂੰ ਹੋਰ ਮਜਬੂਤ ਕਰੋਗੇ। ਸਵੀਪ ਟੀਮ ਵੱਲੋਂ ਜ਼ਿਲ੍ਹਾ ਮੋਗਾ ਦੇ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਸ੍ਰੀ ਕੁਲਵੰਤ ਸਿੰਘ ਤੇ ਸਹਾਇਕ ਕਮਿਸਨਰ ਕਮ ਜ਼ਿਲ੍ਹਾ ਸਵੀਪ ਨੋਡਲ ਅਫਸਰ ਸ੍ਰੀਮਤੀ ਸੁਭੀ ਆਂਗਰਾ ਦੀ ਤਰਫੋਂ ਸਾਨੂੰ ਸਾਰਿਆਂ ਨੂੰ ਆਪਣੇ ਪਰਵਾਰਾਂ ਸਮੇਤ ਬਿਨਾਂ ਕਿਸੇ ਵੋਟ ਦੇ ਵੋਟ ਪਾਉਣ ਦੀ ਅਪੀਲ ਕੀਤੀ ਗਈ ਹੈ। ਵੋਟਾਂ ਵਾਲੇ ਦਿਨ ਲਾਲਚ, ਡਰ ਆਦਿ ਕਿਸੇ ਨੇ ਵੋਟ ਪਾਉਣ ਜਾਣਾ ਹੈ ਤੇ ਜੋ ਵੋਟ ਪਾਉਣ ਨਹੀਂ ਜਾ ਸਕਦੇ, ਉਨ੍ਹਾਂ ਨੂੰ ਨਾਲ ਲੈ ਕੇ ਜਾਣਾ ਪਵੇਗਾ। ਜੇਕਰ ਤੁਸੀਂ ਆਪਣੇ ਲਈ ਚੰਗੀ ਸਰਕਾਰ ਚਾਹੁੰਦੇ ਹੋ ਤਾਂ ਵੋਟ ਜ਼ਰੂਰ ਪਾਓ।

# ਪਾਬੰਦੀਸ਼ੁਦਾ ਵਸਤੂਆਂ ਨੂੰ ਜੇਲ੍ਹ ਅਹਾਤੇ 'ਚ ਲਿਜਾਣ ਦੀ ਮਨਾਹੀ

ਮਾਨਸਾ (ਆਤਮਾ ਸਿੰਘ ਪਮਾਰ)

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਨਿਰਮਲ ਓਸੇਪਚਨ ਨੇ ਸੀ.ਆਰ.ਪੀ.ਸੀ ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਿਸੇ ਵੀ ਵਿਅਕਤੀ ਵੱਲੋਂ ਕਿਸੇ ਵੀ ਤਰੀਕੇ ਨਾਲ ਜਾਂ ਕਿਸੇ ਵੀ ਡਿਵਾਈਸ ਦੀ ਵਰਤੋਂ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੇਲ ਦੇ ਅਹਾਤੇ ਵਿੱਚ ਦਾਖਲ ਹੋਣ ਜਾਂ ਅੰਦਰ ਲਿਜਾਣ 'ਤੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਜੇਲ ਨਿਯਮ ਜਾਂ ਕਿਸੇ ਹੋਰ ਕਾਨੂੰਨ ਦੇ ਅਧੀਨ ਜਿੰਨਾਂ ਵਸਤਾਂ ਦੀ ਮਨਾਹੀ ਹੈ, ਅਜਿਹੀ ਕਿਸੇ ਵੀ ਵਸਤੂ, ਚੀਜ਼, ਪਦਾਰਥ, ਸਮੱਗਰੀ ਨੂੰ ਜੇਲ ਵਿੱਚ ਆਪਣੇ ਕਬਜ਼ੇ 'ਚ ਰੱਖਣ ਦੀ ਵੀ ਮਨਾਹੀ ਹੋਵੇਗੀ।

ਉਨ੍ਹਾਂ ਕਿਹਾ ਕਿ ਕਾਨੂੰਨੀ ਤੌਰ 'ਤੇ ਪ੍ਰਵਾਨਿਤ ਪ੍ਰਕਿਰਿਆ ਨੂੰ ਛੱਡ ਕੇ ਜੇਲ੍ਹਾਂ ਦੇ ਅਹਾਤੇ ਵਿੱਚ ਪੰਜਾਬ ਜੇਲ ਨਿਯਮ, 2022 ਜਾਂ ਕਿਸੇ ਹੋਰ ਕਾਨੂੰਨ ਅਧੀਨ ਪਾਬੰਦੀਸ਼ੁਦਾ ਵਸਤੂਆਂ, ਯੰਤਰਾਂ ਜਾਂ ਸਮੱਗਰੀਆਂ ਦੇ ਦਾਖਲ ਹੋਣ ਤੇ ਉਨ੍ਹਾਂ ਦੀ ਉਪਲੱਬਧਤਾ ਇਹ ਸੰਭਾਵਨਾ ਬਣਾਉਂਦੀ ਹੈ ਕਿ ਅਜਿਹੀਆਂ ਵਸਤਾਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਵਰਤੀਆਂ ਜਾ ਸਕਦੀਆਂ ਹਨ। ਅਜਿਹੀਆਂ ਵਸਤਾਂ ਦੀ ਉਪਲਬਧਤਾ ਨਾਲ ਜੇਲ੍ਹ ਦੇ ਅੰਦਰ ਅਤੇ ਬਾਹਰ ਅਪਰਾਧਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਜਿਸ ਕਾਰਨ ਅਮਨ-ਸ਼ਾਂਤੀ ਭੰਗ ਹੋਣ ਅਤੇ ਜਨਤਕ ਸਾਂਤੀ ਭੰਗ ਹੋਣ ਦੀ ਪੂਰੀ ਸੰਭਾਵਨਾ ਹੁੰਦੀ ਹੈ।ਇਹ ਅਪਰਾਧ ਮਨੁੱਖੀ ਜੀਵਨ, ਜਨਤਕ ਸੁਰੱਖਿਆ ਤੇ ਜੇਲ੍ਹ ਦੇ ਅੰਦਰ ਅਤੇ ਬਾਹਰ ਜਨਤਕ ਜਾਇਦਾਦ ਨੂੰ ਨੁਕਸਾਨ ਪੁਚਾਉਣ ਦਾ ਖਤਰਾ ਪੈਦਾ ਕਰਦੀਆਂ ਹਨ।ਅਮਨ-ਸਾਂਤੀ ਭੰਗ ਹੋਣ ਤੋਂ ਰੋਕਣ ਅਤੇ ਮਨੁੱਖੀ ਜੀਵਨ ਦੀ ਸੁਰੱਖਿਆ ਲਈ ਗੰਭੀਰ ਖਤਰੇ ਨੂੰ ਰੋਕਣ, ਜਨਤਕ ਸੁਰੱਖਿਆ ਨੂੰ ਬਰਕਰਾਰ ਰੱਖਣ ਦੇ ਮਕਸਦ ਨਾਲ, ਜੇਲ ਦੇ ਅੰਦਰ ਅਤੇ ਬਾਹਰ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਨ ਲਈ ਧਾਰਾ 144, ਕ੍ਰਿਮੀਨਲ ਪ੍ਰੋਸੀਜਰ ਕੋਡ, 1973 ਦੇ ਤਹਿਤ ਮਨਾਹੀ ਦੇ ਹੁਕਮ ਕਰਨੇ ਲਾਜ਼ਮੀ ਹੋ ਜਾਂਦੇ ਹਨ।ਹੁਕਮ ਦੀ ਉਲੰਘਣਾ ਕਰਨ ਵਾਲੇ ਵਿਰੁੱਧ ਭਾਰਤੀ ਦੰਡਾਵਲੀ 1860 ਦੀ ਧਾਰਾ 188 ਅਧੀਨ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਹੁਕਮ 31 ਮਈ ਤੱਕ ਲਾਗੂ ਰਹੇਗਾ।

9-APR-PAGE-8.qxd 4/8/2024 10:54 PM Page 1



# ਮੋਦੀ ਸਰਕਾਰ ਮਜ਼ਦੂਰ, ਸੰਵਿਧਾਨ ਤੇ ਜਮਹੂਰੀਅਤ ਵਿਰੋਧੀ : ਨਿਆਮਤਪੁਰ



**ਸ਼ਾਹਕੋਟ (ਗਿਆਨ ਸੈਦਪੁਰੀ)** 'ਕੇਂਦਰ ਦੀ ਮੋਦੀ ਸਰਕਾਰ ਦੇ ਦਸ ਸਾਲਾਂ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕਰਦਿਆਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਹ ਸਰਕਾਰ ਮਜ਼ਦੂਰ ਵਰਗ ਦੀ ਹੀ ਵਿਰੋਧੀ ਨਹੀਂ ਸਗੋਂ ਸੰਵਿਧਾਨ ਤੇ ਜਮਹੂਰੀਅਤ ਵਿਰੋਧੀ ਵੀ ਹੈ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਕਾਮਰੇਡ ਪ੍ਰੀਤਮ ਸਿੰਘ ਨਿਆਮਤ ਪੁਰ ਨੇ ਕੀਤਾ। ਉਹ ਪਿੰਡ ਭੈਣੀ ਕਲਾਂ (ਮਲੇਰ ਕੋਟਲਾ) ਵਿਖੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਕਾਮਰੇਡ ਸੁਰਿੰਦਰ ਭੈਣੀ ਦੀ ਖੇਤੀਬਾੜੀ ਮਸ਼ੀਨਰੀ ਬਣਾਉਣ ਦੀ ਫੈਕਟਰੀ ਵਿੱਚ ਇੱਕ ਹੋਰ ਲੇਜ਼ਰ ਕਟਿੰਗ ਮਸ਼ੀਨ ਸਥਾਪਤ ਕਰਨ ਦੇ ਉਦਘਾਟਨੀ ਸਮਾਗਮ ਤੋਂ ਬਾਅਦ ਸਭਾ ਦੀ ਵੱਖਰੇ ਤੌਰ 'ਤੇ ਹੋਈ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਮਜ਼ਦੂਰ ਆਗੂ ਨੇ ਕਿਹਾ ਕਿ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਕਾਰਪੋਰੇਟ ਪੱਖੀ ਤੇ ਫਾਸ਼ੀਵਾਦੀ ਰੁਚੀਆਂ ਵਾਲੀ ਸਰਕਾਰ ਨੂੰ ਗੱਦੀ ਤੋਂ ਲਾਹ ਦੇਣ ਦਾ ਮੌਕਾ ਹੈ। ਜੇਕਰ ਇਸ ਮੌਕੇ ਨੂੰ ਖੁੰਝਾ ਦਿੱਤਾ ਤਾਂ ਇਸ ਸਰਕਾਰ ਦਾ ਲੋਕਾਂ ਪ੍ਰਤੀ ਰਵੱਈਆ ਹੋਰ ਜ਼ਲਾਮਾਨਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਖੇਤ ਮਜ਼ਦੂਰ ਸਭਾ 'ਮੋਦੀ ਹਰਾਓ ਦੇਸ਼ ਬਚਾਓ' ਦੇ ਨਾਹਰੇ ਹੇਠ ਲੋਕਾਂ ਦੀ ਲਾਮਬੰਦੀ ਕਰੇਗੀ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਨਿਰੰਜਣ ਸਿੰਘ ਚੁਨਾਗਰਾ, ਪਿਆਰਾ ਲਾਲ, ਜਸਵੀਰ ਕੌਰ ਸਰਾਂ, ਸੁਰਿੰਦਰ ਭੈਣੀ ਅਤੇ ਸੁਖਪਾਲ ਸਿੰਘ ਗੱਗੜ ਪੁਰ ਸ਼ਾਮਲ ਸਨ। ਨਵੀਂ ਲੇਜ਼ਰ ਕਟਿੰਗ ਮਸ਼ੀਨਰੀ ਸਥਾਪਨਾ ਤੋਂ ਪਹਿਲਾਂ ਭੈਣੀ ਪਰਵਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਕੀਰਤਨ ਹੋਇਆ। ਇਸ ਮੌਕੇ ਏਟਕ ਦੇ ਸੂਬਾਈ ਆਗੂ ਸੁਖਦੇਵ ਸ਼ਰਮਾ, ਕਿਸਾਨ ਆਗੂ ਹਰਦੇਵ ਸਿੰਘ ਬਖਸ਼ੀਵਾਲਾ, ਕਮਿਊਨਿਸਟ ਆਗੂ ਮੁਹੰਮਦ ਖਲੀਲ, ਟਰੇਡ ਯੂਨੀਅਨ ਆਗੂ ਭਰਪੂਰ ਸਿੰਘ, ਧਨਰਾਜ ਸਿੰਘ ਕੰਡਾ ਅਤੇ ਗੁਰਤੇਜ ਸਿੰਘ ਵਾਲੀਆ ਭੈਣੀ ਪ੍ਰਵਾਰ ਨਾਲ ਖੁਸ਼ੀ ਸਾਂਝੀ ਕਰਨ ਲਈ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਨੂੰ ਰਾਧਿਕਾ ਇੰਡਸਟਰੀਜ਼ ਦੇ ਨੁਮਾਇੰਦੇ ਗੁਰਚਰਨ ਸਿੰਘ ਨੇ ਖੇਤੀਬਾੜੀ ਮਸ਼ੀਨਰੀ ਦੇ ਉਤਪਾਦਨ ਅਤੇ ਵਰਤੋਂ ਦੇ ਸਹੀ ਢੰਗ ਤਰੀਕੇ ਦੱਸੇ। ਜਸਵੀਰ ਸਿੰਘ ਭੈਣੀ ਕਲਾਂ ਨੇ ਸਭ ਦਾ ਧੰਨਵਾਦ ਕੀਤਾ।

# ਚੋਣਾਂ ਦੌਰਾਨ ਅਵੈਧ ਸ਼ਰਾਬ ਤੇ ਨਸ਼ੀਲੇ ਪਦਾਰਥਾਂ 'ਤੇ ਰੱਖੀ ਜਾ ਰਹੀ ਪੈਨੀ ਨਜ਼ਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਵਿਚ ਲੋਕਸਭਾ ਆਮ ਚੋਣਾਂ ਦੇ ਮੱਦੇਨਜਰ ਅਵੈਧ ਸ਼ਰਾਬ ਤੇ ਨਸ਼ੀਲੇ ਪਦਾਰਥਾਂ 'ਤੇ ਵੱਖ-ਵੱਖ ਏਜੰਸੀਆਂ ਵੱਲੋਂ ਪੈਨੀ ਨਜ਼ਰ ਰੱਖੀ ਜਾ ਰਹੀ ਹੈ। ਹੁਣ ਤਕ ਰਾਜ ਵਿਚ ਸਾਢੇ 10 ਕਰੋੜ ਰੁਪਏ ਤੋਂ ਵੱਧ ਦੀ ਅਵੈਧ ਸ਼ਰਾਬ ਤੇ ਨਸ਼ੀਲੇ ਪਦਾਰਥ ਅਤੇ 3.62 ਕਰੋੜ ਰੁਪਏ ਨਗਦ ਰਕਮ ਜਬਤ ਕੀਤੀ ਗਈ ਹੈ। ਰਾਜ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਚੋਣ ਜਾਬਤਾ ਲਾਗੂ ਹੋਣ ਦੇ ਬਾਅਦ ਰਾਜ ਵਿਚ ਪੁਲਿਸ, ਇੰਕਮ ਟੈਕਸ ਵਿਭਾਗ, ਆਬਕਾਰੀ ਅਤੇ ਕਰਾਧਾਨ ਵਿਭਾਗ ਅਤੇ ਮਾਲ ਆਸੂਚਨਾ ਮੁੱਖ ਦਫਤਰ (ਡੀਆਰਆਈ) ਵੱਲੋਂ ਉਪਰੋਕਤ ਕਾਰਵਾਈ ਕੀਤੀ ਗਈ ਹੈ।ਉਨ੍ਹਾਂ ਨੇ ਦਸਿਆ ਕਿ ਪੁਲਸ ਵੱਲੋਂ 40.22 ਲੱਖ ਰੁਪਏ ਨਗਦ, 225.57 ਲੱਖ ਰੁਪਏ ਦੀ ਕੀਮਤ ਦੀ 70,671.54 ਲੀਟਰ ਸ਼ਰਾਬ, 514.48 ਲੱਖ ਰੁਪਏ ਦੀ ਕੀਮਤ ਦੇ ਨਸ਼ੀਲੇ ਪਦਾਰਥ, ਲੋਭ-ਲਾਲਚ ਤੇ ਹੋਰ ਵਸਤੂਆਂ, ਜਿਨ੍ਹਾਂ ਦੀ ਕੀਮਤ 56.81 ਲੱਖ ਰੁਪਏ ਹੈ, ਜਬਤ ਕੀਤੀ ਗਈ ਹੈ। ਇਸੀ ਤਰ੍ਹਾਂ, ਇੰਕਮ ਟੈਕਸ ਵਿਭਾਗ ਵੱਲੋਂ 42 ਲੱਖ ਰੁਪਏ ਨਗਦ, 173 ਲੱਖ ਰੁਪਏ ਤੋਂ ਵੱਧ ਦੇ 2967.88 ਗ੍ਰਾਮ ਕੀਮਤੀ ਸਮਾਨ ਅਤੇ 42.19 ਲੱਖ ਰੁਪਏ ਦੀ ਹੋਰ ਵਸਤੂਆਂ ਨੂੰ ਜਬਤ ਕੀਤਾ ਗਿਆ ਹੈ।ਆਬਕਾਰੀ ਵਿਭਾਗ ਵੱਲੋਂ ਢਾਈ ਲੱਖ ਰੁਪਏ ਨਗਦ, 40 ਲੱਖ ਰੁਪਏ ਦੀ 101036 ਲੀਟਰ ਸ਼ਰਾਬ ਜਬਤ ਕੀਤੀ ਗਈ ਹੈ। ਇਸ ਤੋਂ ਇਲਾਵਾ, ਡੀਆਰਆਈ ਵੱਲੋਂ 2 ਕਰੋੜ 78 ਲੱਖ ਰੁਪਏ ਦੀ ਲਗਦ ਰਕਮ ਜਬਤ ਕੀਤੀ ਗਈ ਹੈ।

# ਪਾਵਰ ਮੈਨੇਜਮੈਂਟ ਮੁਲਾਜ਼ਮ ਮਸਲਿਆਂ ਦਾ ਤੁਰੰਤ ਨਿਪਟਾਰਾ ਕਰੇ : ਮਜਾਰੀ /ਲਹੌਰੀਆ



**ਮੁਹਾਲੀ (ਗੁਰਜੀਤ ਬਿੱਲਾ)**- ਪੀ ਐਸ ਈ ਬੀ ਇੰਪਲਾਈਜ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੂਬਾ ਪੱਧਰੀ ਸੱਦੇ 'ਤੇ ਸਥਾਨਿਕ ਸਰਕਲ ਦੀ ਕੰਨਵੈਨਸ਼ਨ ਸਪੈਸ਼ਲ ਮੰਡਲ ਇੰਡਸਟਰੀਜ਼ ਏਰੀਆ ਵਿੱਖੇ ਕੀਤੀ ਗਈ ਜਿਸ ਦੀ ਪ੍ਰਧਾਨਗੀ ਮੋਹਨ ਸਿੰਘ ਗਿੱਲ , ਜਸਵਿੰਦਰ ਸਿੰਘ, ਸਰਮੁੱਖ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ। ਇਸ ਕੰਨਵੈਨਸ਼ਨ ਵਿੱਚ ਲਾਲੜੂ , ਜੀਰਕਪੁਰ ਅਤੇ ਮੁਹਾਲੀ ਡਵੀਜ਼ਨ ਨਾਲ ਸਬੰਧਤ ਬਿਜਲੀ ਕਾਮਿਆਂ ਨੇ ਹਿੱਸਾ ਲਿਆ । ਸਾਂਝੇ ਫੋਰਮ ਦੇ ਆਗੂ ਰਤਨ ਸਿੰਘ ਮਜਾਰੀ ਨੇ ਪਾਵਰ ਮੈਨੇਜਮੈਂਟ ਨੂੰ ਕਿਹਾ ਕਿ ਮੁਲਾਜ਼ਮਾਂ ਦੇ ਵਾਜਿਬ ਮਸਲਿਆਂ ਦਾ ਟੇਬਲ ਤੇ ਬੈਠ ਕੇ ਹੱਲ ਕੀਤਾ ਜਾਵੇ ਨਹੀਂ ਤਾਂ ਸਾਂਝਾ ਫੋਰਮ ਅਤੇ ਏਕਤਾ ਮੰਚ ਅਗਲੇ ਦਿਨਾਂ ਵਿੱਚ ਸਾਰੇ ਸੰਘਰਸ਼ਸ਼ੀਲ ਲੋਕਾਂ ਨੂੰ ਨਾਲ ਲੈ ਕੇ ਮੰਗਾਂ ਦੀ ਪ੍ਰਾਪਤੀ ਲਈ ਤਿੱਖਾ ਅਤੇ ਸਿਰੜੀ ਸੰਘਰਸ਼ ਕਰੇਗਾ। ਜਿਸ ਤੋਂ ਨਿਕਲੇ ਸਿੱਟਿਆਂ ਦੀ ਜ਼ਿੰਮੇਵਾਰ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਹੋਵੇਗੀ । ਮੁਲਾਜ਼ਮ ਆਗੂਆਂ ਸਰਿੰਦਰਪਾਲ ਸਿੰਘ ਲਹੌਰੀਆ , ਹਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰ ਬਣਾਉਣ ਸਮੇਂ ਇਹ ਵਾਅਦਾ ਸੀ ਕਿ ਮੁਲਾਜ਼ਮ ਮੰਗਾਂ ਅਸੀਂ ਇੱਕ ਮਹੀਨੇ ਅੰਦਰ ਲਾਗੂ ਕਰ ਦਿਆਂਗੇ ਪਰ ਹੋਇਆ ਇਸ ਦੇ ਉਲਟ ਇਸ ਸਰਕਾਰ ਨੇ ਮੰਗਾਂ ਤਾਂ ਕੀ ਮੰਨਣੀਆਂ ਸੀ ਉਲਟਾ ਮੁਲਾਜ਼ਮ ਵਰਗ ਦੇ ਸਾਰੇ ਮਸਲਿਆਂ ਨੂੰ ਵਿਸਾਰਨ ਸਮੇਤ ਮਹਿੰਗਾਈ ਭੱਤਾ ਜਾਮ ਕਰਨ ਤੋਂ ਇਲਾਵਾ ਤਨਖਾਹ ਸਕੇਲਾਂ ਦਾ ਏਰੀਅਰ ਵੀ ਵੱਟੇ ਖਾਤੇ ਪਾ ਦਿੱਤਾ ਹੈ । ਵਿਧਾਨ ਸਭਾ ਚੋਣਾਂ ਵੇਲੇ ਮੁਲਾਜ਼ਮ ਵਰਗ ਨਾਲ ਕੀਤੇ ਸਾਰੇ ਵਾਅਦੇ ਠੰਡੇ ਬਸਤੇ ਵਿੱਚ ਪਾ ਦਿੱਤੇ ਹਨ । ਮੁਲਾਜ਼ਮ ਆਗੂਆਂ ਮਹਿੰਦਰ ਸਿੰਘ ਸੈਣੀ, ਬਲਵਿੰਦਰ ਕੁਮਾਰ, ਬਰਜਿੰਦਰ ਸਿੰਘ ਪੰਡਿਤ , ਰਾਮ ਕੁਮਾਰ ਤੋਂ ਇਲਾਵਾ ਪਾਵਰਕਾਮ ਟਰਾਸ਼ਕੋ ਪੈਨਸ਼ਨ ਯੂਨੀਅਨ ਦੇ ਆਗੂ ਬ੍ਰਿਜ ਮੋਹਨ ਸ਼ਰਮਾ , ਰਾਜ ਕੁਮਾਰ ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਸਵਰਨਜੀਤ ਸਿੰਘ, ਮੋਹਨ ਰਾਣਾ, ਜਗਮੋਹਨ ਸਿੰਘ ਆਦਿ ਨੇ ਸੰਘਰਸ਼ ਨੂੰ ਕਾਮਯਾਬ ਕਰਨ ਦਾ ਅਹਿਦ ਲਿਆ।

# ਚੋਣਾਂ 'ਚ ਉਮੀਦਵਾਰਾਂ ਲਈ ਬਣਾਇਆ ਸਹੂਲਤ ਪੋਰਟਲ : ਅਗਰਵਾਲ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਸੂਚਨਾ ਤਕਨਾਲੋਜੀ ਦੇ ਯੁੱਗ ਵਿਚ ਭਾਰਤੀ ਚੋਣ ਕਮਿਸ਼ਨ ਵੀ ਲਗਾਤਾਰ ਹਾਈਟੇਕ ਹੋ ਰਿਹਾ ਹੈ। ਇਸ ਵਾਰ ਦੇ ਲੋਕਸਭਾ ਆਮ ਚੋਣਾਂ ਲਈ ਚੋਣ ਕਮਿਸ਼ਨ ਨੇ ਕਈ ਮੋਬਾਇਲ ਐਪ ਤੇ ਪੋਰਟਲ ਲਾਂਚ ਕੀਤੇ ਹਨ, ਜਿਸ ਤੋਂ ਚੋਣ ਪ੍ਰਕ੍ਰਿਆ ਨਾਲ ਸਬੰਧਿਤ ਗਤੀਵਿਧੀਆਂ ਦੇ ਲਾਗੂ ਕਰਨ ਵਿਚ ਕਮਿਸ਼ਨ ਦੇ ਨਾਲ-ਨਾਲ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਹੂਲਤ ਹੋ ਰਹੀ ਹੈ। ਇਸ ਲੜੀ ਵਿਚ ਕਮਿਸ਼ਨ ਵੱਲੋਂ ਲਾਂਚ ਕੀਤੇ ਗਏ ਸਹੂਲਤ ਪੋਰਟਲ (https://suvidha.eci.gov.in) ਰਾਹੀਂ ਚੋਣ ਪ੍ਰਚਾਰ ਗਤੀਵਿਧੀਆਂ ਲਈ ਆਨਲਾਇਨ ਮੰਜੂਰੀ ਦਿੱਤੀ ਜਾ ਰਹੀ ਹੈ। ਹੁਣ ਤਕ ਹਰਿਆਣਾ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂਤੇ ਉਮੀਦਵਾਰਾਂ ਵੱਲੋਂ 207 ਅਪੀਲ ਪ੍ਰਾਪਤ ਹੋ ਚੁੱਕੇ ਹਨ। ਅਗਰਵਾਲ ਨੇ ਕਿਹਾ ਕਿ ਸਹੂਲਤ ਪੋਰਟਲ ਇਕ ਤਕਨੀਕੀ ਹੱਲ ਹੈ, ਜੋ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਦੇ ਲੋਕਤਾਂਤਰਿਕ ਸਿਦਾਂਤਾਂ ਨੂੰ ਕਾਇਮ ਰੱਖਦੇ ਹੋਏ ਸਾਰਿਆਂ ਨੂੰ ਸਮਾਨ ਮੌਕਾ ਯਕੀਨੀ ਕਰਦਾ ਹੈ। ਇਸ ਸਹੂਲਤ ਪੋਰਟਲ ਰਾਹੀਂ ਚੋਣ ਸਮੇਂ ਦੌਰਾਨ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਮੰਜੂਰੀ ਅਤੇ ਸਹੂਲਤਾਂ ਦੀ ਅਪੀਲ ਪ੍ਰਾਪਤ ਕਰਨ ਅਤੇ ਉਨ੍ਹਾਂ 'ਤੇ ਕਾਰਵਾਈ ਕਰਨ ਦੀ ਪ੍ਰਕ੍ਰਿਆ ਨੂੰ ਸਹੀ ਢੰਗ ਨਾਲ ਕੀਤਾ ਜਾਂਦਾ ਹੈ।ਉਨ੍ਹਾਂ ਨੇ ਕਿਹਾ ਕਿ ਚੋਣ ਮੁਹਿੰਮ ਸਮੇਂ ਦੌਰਾਨ ਜਦੋਂ ਪਾਰਟੀਆਂ ਅਤੇ ਉਮੀਦਵਾਰ ਵੋਟਰਾਂ ਤਕ ਪਹੁੰਚਣ ਲਈ ਗਤੀਵਿਧੀਆਂ ਵਿਚ ਵਿਅਸਤ ਹੁੰਦੇ ਹਨ, ਤਾਂ ਉਸ ਦੌਰਾਨ ਇਹ ਸਹੂਲਤ ਪੋਰਟਲ 'ਤੇ ਪਹਿਲਾਂ ਆਓ ਪਹਿਲਾਂ ਪਾਓ ਦੇ ਸਿਧਾਂਤ 'ਤੇ ਪਾਰਦਰਸ਼ੀ ਰੂਪ ਨਾਲ ਵਿਵਿਧ ਸ਼੍ਰੇਣੀ ਦੇ ਤਹਿਤ ਮੰਜੂਰ ਅਪੀਲਾਂ 'ਤੇ ਕਾਰਵਾਈ ਕਰਦਾ ਹੈ। ਇਸ ਪੋਰਟਲ 'ਤੇ ਰੈਲੀਆਂ ਦੇ ਪ੍ਰਬੰਧ, ਅਸਥਾਈ ਪਾਰਟੀ ਦਫਤਰ ਖੋਲਣ ਘਰ-ਘਰ ਜਾ ਕੇ ਪ੍ਰਚਾਰ ਕਰਨ, ਵੀਡੀਓ ਵੈਨ, ਹੈਲੀਕਾਪਰ, ਵਾਹਨ ਪਰਮਿਟ ਪ੍ਰਾਪਤ ਕਰਨ ਤੇ ਪਰਚੇ ਵੰਡਣ ਸਮੇਤ ਵੱਖ-ਵੱਖ ਗਤੀਵਿਧੀਆਂਦੀ ਮੰਜੂਰੀ ਪ੍ਰਾਪਤ ਕੀਤੀ ਜਾ ਸਕਦੀ ਹੈ।ਮੁੱਖ ਚੋਣ ਅਧਿਕਾਰੀ ਨੇ ਦਸਿਆ ਸਹੂਲਤ ਪੋਰਟਲ ਰਾਹੀਂ ਰਾਜਨੀਤਿਕ ਪਾਰਟੀ ਅਤੇ ਉਮੀਦਵਾਰ ਕਿਤੋਂ ਵੀ, ਕਿਸੇ ਵੀ ਸਮੇਂ ਆਨਲਾਇਨ ਮੰਜੂਰੀ ਅਪੀਲ ਪੇਸ਼ ਕਰ ਸਕਦੇ ਹਨ। ਇਸ ਤੋਂ ਇਲਾਵਾ, ਸਾਰੇ ਹਿੱਤਧਾਰਕਾਂ ਲਈ ਸਮਾਨ ਮੌਕਾ ਸਕੀਨੀ ਕਰਨ ਦੇ ਲਈ ਆਨਲਾਇਨ ਸਬਮਿਸ਼ਨ ਵਿਕਲਪ ਵੀ ਉਪਲਬਧ ਹੈ। ਪੋਰਟਲ ਵਿਚ ਇਕ ਐਪ ਵੀ ਹੈ ਜੋ ਬਿਨੈਕਾਰਾਂ ਨੂੰ ਮੌਜੂਦਾ ਸਮੇਂ ਵਿਚ ਆਪਣੀ ਅਪੀਲਾਂ ਦੀ ਸਥਿਤੀ ਨੂੰ ਟ੍ਰੈਕ ਕਰਨ ਵਿਚ ਸਮਰੱਥ ਬਣਾਉਂਦਾ ਹੈ, ਜਿਸ ਨਾਲ ਪ੍ਰਕ੍ਰਿਆ ਵਿਚ ਹੋਰ ਵੱਧ ਸਹੂਲਤ ਅਤੇ ਪਾਰਦਰਸ਼ਿਤਾ ਆਉਂਦੀ ਹੈ। ਇਸ ਤੋਂ ਇਲਾਵਾ, ਪੋਰਟਲ 'ਤੇ ਉਪਲਬਧ ਮੰਜੂਰੀ ਡੇਟਾ ਚੋਣ ਖਰਚ ਦੀ ਜਾਂਚ ਕਰਨ ਲਈ ਇਕ ਮੁਲਾਂਕਨ ਸਰੋਤ ਵਜੋ ਕੰਮ ਕਰਦਾ ਹੈ, ਜੋ ਚੋਣਾਵੀ ਪ੍ਰਕ੍ਰਿਆ ਵਿਚ ਵੱਧ ਜਵਾਬਦੇਹੀ ਅਤੇ ਅਖੰਡਤਾ ਵਿਚ ਯੋਗਦਾਨ ਦਿੰਦਾ ਹੈ।

# ਲੋਕ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਹਾਸਲ ਕਰੇਗੀ ਵੱਡੀ ਜਿੱਤ : ਰਾਜਿੰਦਰ ਮਾਰਸ਼ਲ



**ਟਾਂਡਾ ਉੜਮੁੜ (ਉਂਕਾਰ ਸਿੰਘ ਜਸਵਿੰਦਰ ਸੰਧੂ)**- ਜਦੋਂ ਵੀ ਚੋਣਾਂ ਆਉਂਦੀਆਂ ਹਨ ਹਰ ਪਾਰਟੀ ਆਪਣੇ ਵਰਕਰਾਂ ਅਤੇ ਆਮ ਜਨਤਾ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੰਦੀਆਂ ਹਨ ਪਰ ਪੰਜਾਬ ਵਿੱਚ ਆਮ ਜਨਤਾ ਵੱਲੋਂ ਬਣਾਈ ਗਈ ਉਨ੍ਹਾਂ ਦੀ ਆਪਣੀ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਅਜਿਹੀ ਸਰਕਾਰ ਹੈ ਜਿਸਨੇ ਸਰਕਾਰ ਬਣਨ ਤੋਂ ਲੈ ਕੇ ਅੱਜ ਤੱਕ ਆਪਣੇ ਹਰ ਵਰਕਰ ਅਤੇ ਆਮ ਜਨਤਾ ਦੇ ਵਿੱਚ ਰਹਿ ਕੇ ਉਨ੍ਹਾਂ ਦੀਆਂ ਹਮੇਸ਼ਾ ਦੁੱਖ ਤਕਲੀਫਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਮ ਆਦਮੀ ਸਰਕਾਰ ਦਾ ਇੱਕੋ ਇੱਕ ਸੁਪਨਾ ਹੈ ਕਿ ਉਹ ਪੰਜਾਬ ਨੂੰ ਮੁੜ ਤੋਂ ਸੋਨੇ ਦੀ ਚਿੜੀਆ ਬਣਾਵੇ ਅਤੇ ਖੁਸ਼ਹਾਲੀ ਦੀਆਂ ਲੀਹਾਂ ਤੇ ਲਿਆਵੇ। ਪਿੰਡ ਪਿੰਡ ਵਿੱਚ ਜਨਤਕ ਸ਼ਿਕਾਇਤ ਨਿਵਾਰਨ ਕੈਂਪ ਲਗਾਉਣ ਤੋਂ ਇਲਾਵਾ ਆਪ ਸਰਕਾਰ ਦੇ ਸਾਰੇ ਵਿਧਾਇਕ ਆਪਣੇ ਆਪਣੇ ਦਫਤਰਾਂ ਵਿੱਚ ਹਰ ਰੋਜ਼ 2-3 ਘੰਟੇ ਲਈ ਆਮ ਪਬਲਿਕ ਡੀਲਿੰਗ ਕਰਦੇ ਹਨ ਅਤੇ ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰਦੇ ਹਨ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ ਨੇ ਕੀਤਾ। ਉਨ੍ਹਾਂ ਕਿਹਾ ਕਿ ਚੁਣਾਵ ਆਯੋਗ ਵੱਲੋਂ ਪੰਜਾਬ ਵਿੱਚ 1 ਜੂਨ ਨੂੰ ਲੋਕ ਸਭਾ ਚੋਣਾਂ ਨਿਸ਼ਚਿਤ ਕੀਤੇ ਜਾਣ ਉਪਰੰਤ ਜਿੱਥੇ ਹਰ ਸਿਆਸੀ ਪਾਰਟੀ ਵੱਲੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਉੱਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵੀ ਵਰਕਰਾਂ ਨਾਲ ਤਾਲਮੇਲ ਕਰਨ ਲਈ ਤੂਫਾਨੀ ਦੌਰੇ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਵੱਲੋਂ ਆਪ ਵਰਕਰਾਂ ਨਾਲ ਕੀਤੀਆਂ ਜਾ ਰਹੀਆਂ ਮੀਟਿੰਗਾਂ ਸਦਕਾ ਆਪ ਵਰਕਰਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ ਅਤੇ ਉਨ੍ਹਾਂ ਦੇ ਅੰਦਰ ਇੱਕ ਨਵੀਂ ਊਰਜਾ ਪੈਦਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੂਰਾ ਕਰ ਦਿਖਾਇਆ ਹੈ ਜਿਸਦੇ ਸਦਕਾ ਪੰਜਾਬ ਦੀ ਜਨਤਾ ਲੋਕ ਸਭਾ ਚੋਣਾਂ ਵਿੱਚ ਆਪ ਦੇ ਉਮੀਦਵਾਰਾਂ ਦੀ ਜਿੱਤ ਨਿਸ਼ਚਿਤ ਕਰਨ ਦਾ ਮਨ ਬਣਾਈ ਬੈਠੀ ਹੈ। ਉਨ੍ਹਾਂ ਕਿਹਾ ਕਿ ਇਹ ਸੁਨਿਸ਼ਚਿਤ ਹੈ ਕਿ ਪੰਜਾਬ ਦੀਆਂ 13 ਵਿੱਚੋਂ 13 ਹੀ ਲੋਕ ਸਭਾ ਸੀਟਾਂ ਤੇ ਆਪ ਦੇ ਉਮੀਦਵਾਰ ਜਿੱਤ ਹਾਸਿਲ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਝੋਲੀ ਵਿੱਚ ਪਾਉਣਗੇ।

# ਬਾਬਾ ਬਾਲਕ ਨਾਥ ਦਾ ਸਾਲਾਨਾ ਭੰਡਾਰਾ ਧੂਮਧਾਮ ਨਾਲ ਮਨਾਇਆ



**ਸੁਲਤਾਨਪੁਰ ਲੋਧੀ, ( ਹਨੀ )** ਸ੍ਰੀ ਸਿੱਧ ਬਾਬਾ ਬਾਲਕ ਨਾਥ ਪ੍ਰਬੰਧਕ ਕਮੇਟੀ ਵੱਲੋਂ ਸ਼ਤਾਬਗੜ੍ਹ ਰੋਡ ਵਿਖੇ ਸਥਿਤ ਬਾਬਾ ਬਾਲਕ ਨਾਥ ਜੀ ਦੇ ਮੰਦਰ ਵਿਖੇ ਸਾਲਾਨਾ ਭੰਡਾਰਾ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਲਗਾਇਆ ਗਿਆ। ਇਸ ਮੌਕੇ ਬਾਬਾ ਬਾਲਕ ਨਾਥ ਜੀ ਦੀ ਪੂਜਾ ਅਰਚਨਾ ਕੀਤੀ ਗਈ ਅਤੇ ਸੰਗਤਾਂ ਨੂੰ ਰੋਟ ਦਾ ਪ੍ਰਸ਼ਾਦ ਵੰਡਿਆ ਗਿਆ। ਇਸ ਦੌਰਾਨ ਆਯੋਜਿਤ ਧਾਰਮਿਕ ਸਮਾਗਮ ਵਿੱਚ ਪ੍ਰਸਿੱਧ ਭਜਨ ਗਾਇਕ ਦੀਪਕ ਮਾਨ ਰੋਪੜ ਵਾਲਿਆਂ ਨੇ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਸਮੂਹ ਸੰਗਤਾਂ ਨੂੰ ਬਾਬਾ ਬਾਲਕ ਨਾਥ ਜੀ ਦੇ ਸਾਲਾਨਾ ਮੇਲੇ ਦੀਆਂ ਮੁਬਾਰਕਾਂ ਦਿੱਤੀਆਂ। ਪ੍ਰਬੰਧਕ ਕਮੇਟੀ ਵੱਲੋਂ ਸਾਬਕਾ ਵਿਧਾਇਕ ਚੀਮਾ, ਜ਼ਿਲ੍ਹਾ ਪਰਿਸ਼ਦ ਕਪੂਰਥਲਾ ਦੇ ਉਪ ਚੇਅਰਮੈਨ ਹਰਜਿੰਦਰ ਸਿੰਘ ਜਿੰਦਾ, ਸਾਬਕਾ ਜਿਲਾ ਪ੍ਰਧਾਨ ਰਮੇਸ਼ ਡਡਵਿੰਡੀ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਨਰਿੰਦਰ ਸਿੰਘ ਪੰਨੂ, ਸਾਬਕਾ ਕੌਂਸਲਰ ਜਤਿੰਦਰ ਰਾਜੂ, ਪੀਏ ਬਲਜਿੰਦਰ ਸਿੰਘ, ਮੀਤ ਪ੍ਰਧਾਨ ਨਵਨੀਤ ਸਿੰਘ ਚੀਮਾ, ਕੌਂਸਲਰ ਪਵਨ ਕੁਮਾਰ ਕਨੋਜੀਆ, ਭਾਜਪਾ ਆਗੂ ਸਾਬਕਾ ਕੌਂਸਲਰ ਪਵਨ ਸੇਠੀ, ਜਰਨਲਿਸਟ ਪ੍ਰੈਸ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਜਤਿੰਦਰ ਸੇਠੀ, ਜੈ ਮਾਂ ਮਿਸ਼ਨ ਦੇ ਵਰਿੰਦਰ ਸਾਲਪੋਨਾ, ਅਮਿਤਾਬ ਸੇਠੀ ਅਤੇ ਹੋਰ ਪਤਵੰਤਿਆਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਤ ਕੀਤਾ। ਅੰਤ ਵਿੱਚ ਅਤੁੱਟ ਭੰਡਾਰਾ ਵਰਤਾਇਆ ਗਿਆ। ਲਾਲਾ ਦੌਲਤ ਰਾਮ ਛੁਰਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭੂਸ਼ਣ ਕੁਮਾਰ ਛੁਰਾ, ਅਮਿਤ ਕੁਮਾਰ ਛੁਰਾ, ਸੁਮਨ ਛੁਰਾ, ਵੇਨੂ ਛੁਰਾ, ਮੋਨਿਕਾ ਛੁਰਾ, ਭਗਤ ਰਾਜ ਕੁਮਾਰ ਰਾਜੂ, ਰਾਮ ਸਰੂਪ ਕਨੋਜੀਆ, ਸੁਰਿੰਦਰ ਸ਼ਰਮਾ, ਕਮਲਜੀਤ ਗੁਪਤਾ, ਵਿਨੇ ਮਦਾਨ, ਤਜਿੰਦਰ ਸਿੰਘ, ਵਿਸ਼ਾਲ ਟਕਸਾਲੀ, ਸਤਪਾਲ ਸ਼ਰਮਾ, ਕੇਵਲ ਕ੍ਰਿਸ਼ਨ ਵਧਵਾ, ਯਸ਼ਪਾਲ ਅਰੋੜਾ ਆਦਿ ਵੀ ਹਾਜ਼ਰ ਸਨ।

## ਖਲਵਾੜਾ-ਵਾਹਦ ਲਿੰਕ ਰੋਡ ਦੀ ਖਸਤਾ ਹਾਲਤ ਬਣੀ ਰਾਹਗੀਰਾਂ ਲਈ ਮੁਸੀਬਤ



**ਫਗਵਾੜਾ (ਡਾ. ਰਮਨ, ਢੱਡਾ)**- ਪਿੰਡ ਖਲਵਾੜਾ ਬਾਈਪਾਸ ਤੋਂ ਵਾਹਦ ਨੂੰ ਜੋੜਨ ਵਾਲੀ ਲਿੰਕ ਸੜਕ ਦੀ ਤਰਸ ਯੋਗ ਹਾਲਤ ਇਕ ਵਾਰ ਫਿਰ ਲੋਕਾਂ ਲਈ ਮੁਸੀਬਤ ਬਣ ਗਈ ਹੈ। ਜ਼ਿਕਰਯੋਗ ਹੈ ਕਿ ਇਸ ਸੜਕ ਦੀ ਉਸਾਰੀ ਮੌਜੂਦਾ ਸਰਕਾਰ ਵਲੋਂ ਹੀ ਸਾਲ 2022 ਵਿਚ ਕਰਵਾਈ ਗਈ ਸੀ। ਸੜਕ ਦੀ ਮਾੜੀ ਹਾਲਤ ਨੂੰ ਲੈ ਕੇ ਇਲਾਕੇ ਦੇ ਵਸਨੀਕਾਂ ਅਤੇ ਰਾਹਗੀਰਾਂ ਵਿਚ ਭਾਰੀ ਰੋਸ ਹੈ।ਗੱਲਬਾਤ ਕਰਦੇ ਹੋਏ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਇਸ ਸੜਕ ਦੀ ਮੁੜ ਉਸਾਰੀ ਲਈ ਕਾਫੀ ਸੰਘਰਸ਼ ਕੀਤਾ ਗਿਆ ਪਰ ਸੜਕ ਦੀ ਉਸਾਰੀ ਨਹੀਂ ਹੋਈ।ਜਿਸ ਤੋਂ ਬਾਅਦ ਭਗਵੰਤ ਮਾਨ ਸਰਕਾਰ ਨੇ ਸੱਤਾ 'ਚ ਆਉਣ ਤੋਂ ਬਾਅਦ ਪਹਿਲ ਦੇ ਅਧਾਰ 'ਤੇ ਸੜਕ ਦੀ ਉਸਾਰੀ ਕਰਵਾਈ ਸੀ।ਜਿਸ ਕਰਕੇ ਲੋਕਾਂ ਵਿਚ ਭਾਰੀ ਖੁਸ਼ੀ ਵੀ ਸੀ ਲੇਕਿਨ ਹੁਣ ਫਿਰ ਇਸ ਸੜਕ ਵਿਚ ਵੱਡੇ ਤੇ ਡੂੰਘ ਟੋਏ ਪੈ ਗਏ ਹਨ ਜੋ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ।ਇਸ ਸੜਕ ਦੋ ਪਹੀਆ ਵਾਹਨਾਂ ਦਾ ਲੰਘਣਾ ਖਤਰੇ ਤੋਂ ਖਾਲੀ ਨਹੀਂ ਹੈ।ਕਿਉਂਕਿ ਇਹ ਸੜਕ ਇਲਾਕੇ ਦੇ ਕਰੀਬ ਪੰਜ ਦਰਜਨ ਪਿੰਡਾਂ ਨੂੰ ਫਗਵਾੜਾ, ਮਾਹਿਲਪੁਰ ਤੇ ਗੜ੍ਹਸ਼ੰਕਰ ਨਾਲ ਜੋੜਦੀ ਹੈ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਸੜਕ ਦੀ ਜਲਦੀ ਤੋਂ ਜਲਦੀ ਮੁੜ ਉਸਾਰੀ ਕਰਵਾਈ ਜਾਵੇ।ਇਸ ਸਬੰਧੀ ਗੱਲਬਾਤ ਕਰਨ ਤੇ ਪੀ.ਡਬਲਯੂ.ਡੀ. ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਸਮੱਸਿਆ ਉਹਨਾਂ ਦੀ ਜਾਣਕਾਰੀ ਵਿਚ ਹੈ। ਜਲਦੀ ਹੀ ਪੈਚ ਵਰਕ ਦਾ ਕੰਮ ਕਰਵਾਇਆ ਜਾਵੇਗਾ।

## ਮਾਲੜੀ ਭਰਾਵਾਂ ਨੂੰ ਸਦਮਾ, ਭੈਣ ਰੋਜ਼ੀ ਦਾ ਦਿਹਾਂਤ



**ਸ਼ਾਹਕੋਟ (ਗਿਆਨ ਸੈਦਪੁਰੀ)** ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਅਤੇ ਇੰਨਕਲਾਬੀ ਜਮਹੂਰੀ ਲਹਿਰ ਦੇ ਸਿਦਕਵਾਨ ਕਾਮੇ ਯਸ਼ਪਾਲ ਮਾਲੜੀ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੀ ਛੋਟੀ ਭੈਣ ਰੋਜੀ ਆਪਣੇ 52ਵੇਂ ਜਨਮ ਦਿਨ ਵਾਲੇ ਦਿਨ ਉਨ੍ਹਾਂ ਨੂੰ ਸਦੀਵੀ ਵਿਛੋੜਾ ਦੇ ਗਈ। ਭੈਣ ਦੀ ਮੌਤ 'ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਇਲਾਕਾ ਪ੍ਰਧਾਨ ਹਰਪਾਲ ਬਿੱਟੂ,ਸਕੱਤਰ ਸੁਖਜਿੰਦਰ ਲਾਲੀ ਤੇ ਸਤਨਾਮ ਉੱਗੀ,ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਕੋਟਲੀ ਤੇ ਸਕੱਤਰ ਅਵਤਾਰ ਲਾਲ,ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਇਕਾਈ ਸ਼ਾਹਕੋਟ ਦੇ ਮੁਖੀ ਮਨਜੀਤ ਸਿੰਘ ਮਲਸੀਆਂ,ਬਿੱਟੂ ਰੁਪੇਵਾਲੀ,ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ ਦੇ ਸਕੱਤਰ ਡਾ. ਮੰਗਤ ਰਾਏ ਔਜਲਾ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮੋਹਨ ਸਿੰਘ ਬੱਲ ਨੇ ਗਹਿਰੇ ਦੁੱਖ ਦਾ ਪ੍ਰਟਾਵਾ ਕਰਦਿਆ ਮਾਲੜੀ ਪਰਵਾਰ ਨਾਲ ਹਮਦਰਦੀ ਜ਼ਾਹਰ ਕੀਤੀ ਹੈ। ਭੈਣ ਰੋਜੀ ਦੀ ਅੰਤਮ ਕਿਰਿਆ 12 ਅਪ੍ਰੈਲ ਨੂੰ ਪਿੰਡ ਧੀਣਾ ਨੇੜੇ ਜਲੰਧਰ ਛਾਉਣੀ ਵਿਖੇ ਬਾਅਦ ਦੁਪਹਿਰ ਹੋਵੇਗੀ।

# ਗੌਰਮਿੰਟ ਟੀਚਰਜ਼ ਯੂਨੀਅਨ ਦੇ ਫਿਲੌਰ ਨਿਰਵਿਰੋਧ ਚੁਣੇ ਗਏ ਪ੍ਰਧਾਨ



**ਜਲੰਧਰ, ਗੁਰਾਇਆ (ਬਿੰਦਰ ਸੁੰਮਨ):** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ 17ਵੀਆਂ ਜਥੇਬੰਦਕ ਚੋਣਾਂ ਲਈ ਨਿਯੁਕਤ ਰਿਟਰਨਿੰਗ ਅਫ਼ਸਰ ਤੀਰਥ ਸਿੰਘ ਬਾਸੀ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਬਲਜੀਤ ਸਿੰਘ ਕੁਲਾਰ ਨੇ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨਗੀ ਮੰਡਲ ਦੇ ਫੈਸਲੇ ਅਨੁਸਾਰ ਚੋਣਾਂ ਦੇ ਉਲੀਕੇ ਪ੍ਰੋਗਰਾਮ ਦੇ ਅਧੀਨ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਪ੍ਰਧਾਨ ਦੀਆਂ ਨਾਮਜਦਗੀਆਂ ਦੇਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਅਧਿਆਪਕਾਂ ਦਾ ਇਕੱਠ ਹੋਇਆ।ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਦੇ ਅਹੁਦੇ ਲਈ ਇੱਕੋ ਇੱਕੋ ਨਾਮਜ਼ਦਗੀ ਕਰਨੈਲ ਚੰਦ ਫਿਲੌਰ ਨੇ ਦਿੱਤੀ ,ਹੋਰ ਕਿਸੇ ਨੇ ਵੀ ਜ਼ਿਲ੍ਹਾ ਪ੍ਰਧਾਨ ਲਈ ਨਾਮਜ਼ਦਗੀ ਦਰਜ ਨਹੀਂ ਕਰਵਾਈ, ਇਸ ਲਈ ਉਨ੍ਹਾਂ ਨੂੰ ਨਿਰਵਿਰੋਧ ਜ਼ਿਲ੍ਹਾ ਜਲੰਧਰ ਦਾ ਪ੍ਰਧਾਨ ਐਲਾਨਿਆ ਗਿਆ।ਬਲਾਕ ਪ੍ਰਧਾਨਾਂ ਦੀਆਂ ਨਾਮਜ਼ਦਗੀਆਂ ਵਿੱਚ ਗੁਰਾਇਆ 01 ਤੋਂ ਕੁਲਵੰਤ ਰਾਮ ਰੁੜਕਾ, ਗੁਰਾਇਆ 02 ਤੋਂ ਸੁਖਵਿੰਦਰ ਰਾਮ,ਫਿਲੌਰ ਤੋਂ ਕਵਿਸ਼ ਵਾਲੀਆ,ਨੂਰਮਹਿਲ ਤੋਂ ਸੰਦੀਪ ਕੁਮਾਰ ਰਾਜੋਵਾਲ ,ਜਲੰਧਰ ਪੂਰਬੀ: 01ਤੋਂ ਜਤਿੰਦਰ ਸਿੰਘ, ਜਲੰਧਰ ਪੂਰਬੀ:04 ਤੋਂ ਜਤਿੰਦਰ ਸਿੰਘ ਤੁਲੀ,ਜਲੰਧਰ ਪੱਛਮੀ:01ਤੋਂ ਹਰਵਿੰਦਰ ਸਿੰਘ,ਜਲੰਧਰ ਪੱਛਮੀ:02 ਵਿਨੋਦ ਕੁਮਾਰ ਭੱਟੀ,,ਨਕੋਦਰ 01ਤੋਂ ਮੁਲਖ ਰਾਜ ,ਨਕੋਦਰ 02 ਤੋਂ ਜਸਵੀਰ ਸਿੰਘ,ਸ਼ਾਹਕੋਟ: 01ਤੋਂ ਸੁਰੇਸ਼ ਕੁਮਾਰ ਸ਼ਾਹਕੋਟ:02 ਤੋਂ ਰਜਿੰਦਰ ਸਿੰਘ,ਅਲਾਵਲ ਪੁਰ ਤੋਂ ਰਕੇਸ਼ ਕੁਮਾਰ,ਭੋਗਪੁਰ ਤੋਂ ਰਜਿੰਦਰ ਸਿੰਘ, ਆਦਮਪੁਰ ਤੋਂ ਸ਼ਿਵ ਰਾਜ ਕੁਮਾਰ, ਕਰਤਾਰਪੁਰ ਤੋਂ ਬੇਅੰਤ ਕੌਰ ਆਦਿ ਨੇ ਬਤੌਰ ਬਲਾਕ ਪ੍ਰਧਾਨ ਸੇਵਾਵਾਂ ਨਿਭਾਉਣ ਲਈ ਨਾਮਜ਼ਦਗੀ ਪੱਤਰ ਸੌਂਪੇ। ਇਹਨਾਂ ਸਾਰੇ ਬਲਾਕਾਂ ਵਿੱਚੋਂ ਇੱਕ-ਇੱਕ ਨਾਮਜ਼ਦਗੀ ਹੋਣ ਕਾਰਨ ਸਮੂਹ ਬਲਾਕ ਪ੍ਰਧਾਨਾਂ ਨੂੰ ਨਿਰਵਿਰੋਧ ਚੁਣੇ ਗਏ ਐਲਾਨਿਆ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਵਰਨ ਸਿੰਘ ਸੰਗਤਪੁਰ, ਦਵਿੰਦਰ ਸਿੰਘ ਥਿਆੜਾ, ਬਲਵੀਰ ਸਿੰਘ ਸ਼ਾਹਕੋਟ, ਅਕਲ ਚੰਦ ਸਿੰਘ,ਕੁਲਦੀਪ ਵਾਲੀਆ,ਮੰਗਤ ਰਾਮ ਸਮਰਾ, ਗਣੇਸ਼ ਭਗਤ, ਸੁਖਵਿੰਦਰ ਸਿੰਘ ਮੱਕੜ, ਗੁਰਮੇਲ ਸਿੰਘ , ਬੂਟਾ ਰਾਮ ਅਕਲਪੁਰ,ਮਨੋਜ ਕੁਮਾਰ ਸਰੋਏ,ਲੇਖ ਰਾਜ ਪੰਜਾਬੀ,ਰਾਜ ਕੁਮਾਰ, ਬਖ਼ਸ਼ੀ ਰਾਮ,ਪਰੇਮ ਖਲਵਾੜਾ, ਰਣਜੀਤ ਸਿੰਘ, ਕਰਨੈਲ ਸਿੰਘ ਮਾਹਲਾਂ, ਹਰਦੀਪ ਕੁਮਾਰ, ਅਮਰਜੀਤ ਭਗਤ,ਵੇਦ ਰਾਜ,ਰਣਜੀਤ ਸਿੰਘ, ਬਲਵੀਰ ਭਗਤ, ਰਣਜੀਤ ਠਾਕੁਰ, ਗੁਰਿੰਦਰ ਸਿੰਘ, ਅਨਿਲ ਸ਼ਰਮਾ, ਸੰਦੀਪ ਸਿੰਘ ਜੋਗਿੰਦਰ ਸਿੰਘ ਜੋਗੀ ਅਤੇ ਕੁਲਦੀਪ ਸਿੰਘ ਕੌੜਾ ਆਦਿ ਸਾਥੀ ਹਾਜ਼ਰ ਸਨ।

# ਨਾੜ ਨੂੰ ਸਾੜਨ 'ਤੇ ਲਗਾਈ ਪਾਬੰਦੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਉਦੇਸ਼ ਨਾਲ ਫਤਿਹਾਬਾਦ ਦੇ ਸਿਟੀ ਮੈਜੀਸਟ੍ਰੇਟ ਰਾਹੁਲ ਨਰਵਾਲ ਨੇ ਭਾਂਰਤੀ ਸਜਾ ਪ੍ਰਕ੍ਰਿਆ ਸੰਹਿਤਾ 1973 ਦੀ ਧਾਰਾ 144 ਵਿਚ ਸ਼ਕਤੀਆਂ ਦੀ ਵਰਤੋ ਕਰਦੇ ਹੋਏ ਜ਼ਿਲ੍ਹਾ ਫਤਿਹਾਬਾਦ ਵਿਚ ਤੁਰੰਤ ਪ੍ਰਭਾਵ ਨਾਲ ਕਣਕ ਦੀ ਫਸਲ ਦੀ ਕਟਾਈ ਦੇ ਬਾਅਦ ਬਚੇ ਹੋਏ ਅਵਸ਼ੇਸ਼ਾਂ ਨੂੰ ਜਲਾਉਣ 'ਤੇ ਪਾਬੰਦੀ ਲਗਾਈ ਹੈ।ਇਸ ਤੋਂ ਇਲਾਵਾ ਸਾਰੀ ਕੰਬਾਇਨ ਹਾਰਵੇਸਟਰ ਮਸ਼ੀਨ ਦੇ ਮਾਲਕਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਕਣਕ ਦੀ ਫਸਲ ਦੀ ਕਟਾਈ ਦੌਰਾਨ ਆਪਣੀ ਕੰਬਾਇਨ ਹਾਰਵੇਸਟਰ ਮਸ਼ੀਨਾਂ ਵਿਚ ਸੁਪਰ ਸਟ੍ਰਾਅ ਮੈਨੇਜਮੈਂਟ ਸਿਸਟਮ (ਐਸ ਐਸ ਐਮ ਐਸ) ਲਗਵਾਉਣਾ ਯਕੀਨੀ ਕਰਨ। ਬਿਨਾਂ ਐਸਐਸਐਮਐਸ ਕੰਬਾਇਨ ਹਾਰਵੇਸਟਰ ਮਸ਼ੀਨਾਂ ਵੱਲੋਂ ਕਣਕ ਦੀ ਫਸਲ ਕੱਟਣ 'ਤੇ ਪੂਰੀ ਤਰ੍ਹਾਂ ਰੋਕ ਰਹੇਗੀ। ਇਹ ਆਦੇਸ਼ ਫਸਲ ਰਬੀ ਸੀਜਨ 2024 ਖਤਮ ਹੋਣ ਤਕ ਪ੍ਰਭਾਵੀ ਰਹਿਣਗੇ।ਸਿਟੀ ਮੈਜੀਸਟ੍ਰੇਟ ਨਰਵਾਲ ਨੇ ਦਸਿਆ ਕਿ ਰਬੀ ਦੀ ਫਸਲ ਦੌਰਾਨ ਕਿਸਾਨਾਂ ਵੱਲੋਂ ਕਣਕ ਦੀ ਫਸਲ ਕਟਾਈ ਦੇ ਬਾਅਦ ਬਚੇ ਹੋਏ ਵੇਸਟ ਵਿਚ ਅੱਗ ਲਗਾ ਦਿੱਤੀ ਜਾਂਦੀ ਹੈ, ਜੋ ਕਿ ਹਵਾ ਅਤੇ ਪ੍ਰਦੂਸ਼ਣ ਕੰਟਰੋਲ ਐਕਟ 1981 ਅਤੇ ਭਾਰਤੀ ਸਜਾ ਸੰਹਿਤਾ ਦਾ ਉਲੰਘਣ ਹੈ। ਇੰਨ੍ਹਾਂ ਅਵਸ਼ੇਸ਼ਾਂ ਦੇ ਜਲਾਉਣ ਤੋਂ ਹੋਣ ਵਾਲੇ ਪ੍ਰਦੂਸ਼ਣ ਨਾਲ ਮਨੁੱਖ ਦੀ ਸਿਹਤ, ਸਪੰਤੀ ਦੀ ਹਾਨੀ, ਤਨਾਅ, ਗੁੱਸਾ ਅਤੇ ਜੀਵਨ ਨੂੰ ਬਾਹਰੀ ਖਤਰੇ ਦੀ ਸੰਭਾਵਨਾ ਰਹਿੰਦੀ ਹੈ। ਜਦੋਂ ਕਿ ਇੰਨ੍ਹਾਂ ਅਵਸ਼ੇਸ਼ਾਂ ਨਾਲ ਪਸ਼ੂਆਂ ਦੇ ਲਈ ਤੂੜੀ ਬਣਾਈ ਜਾ ਸਕਦੀ ਹੈ। ਇਸ ਦੇ ਜਲਾਉਣ ਨਾਲ ਚਾਰੇ ਦੀ ਵੀ ਕਮੀ ਹੋ ਜਾਂਦੀ ਹੈ। ਉਪਰੋਕਤ ਆਦੇਸ਼ਾਂ ਦੀ ਉਲੰਘਣਾ ਵਿਚ ਜੇਕਰ ਕੋਈ ਵਿਅਕਤੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਭਾਰਤੀ ਸਜਾ ਸੰਹਿਤਾ ਦੀ ਧਾਰਾ 188 ਸੰਗਠਤ ਹਵਾ ਅਤੇ ਪ੍ਰਦੂਸ਼ਣ ਕੰਟਰੋਲ ਐਕਟ 1981 ਦੇ ਤਹਿਤ ਸਜਾ ਦਾ ਭਾਗੀ ਹੋਵੇਗਾ।

# ਲੱਖਪੁਰ ਵਿਖੇ ਮਨਾਇਆ ਢੱਡਵਾਲ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ







**ਫਗਵਾੜਾ :** ਢੱਡਵਾਲ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਇੱਥੋਂ ਦੇ ਨਜਦੀਕੀ ਪਿੰਡ ਲੱਖਪੁਰ ਵਿਖੇ ਪ੍ਰਬੰਧਕ ਕਮੇਟੀ ਵਲੋਂ ਸਮੂਹ ਢੱਡਵਾਲ ਪਰਵਾਰਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਦੀਵਾਨ ਸਜਾਇਆ ਗਿਆ। ਢਾਡੀ ਤੇ ਰਾਗੀ ਜੱਥਿਆਂ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਕਮੇਟੀ ਪ੍ਰਧਾਨ ਬਲਬੀਰ ਸਿੰਘ ਢੱਡਵਾਲ, ਮਲਜਿੰਦਰ ਸਿੰਘ ਢੱਡਵਾਲ ਅਤੇ ਬਲਦੇਵ ਸਿੰਘ ਤੇ ਰੇਸ਼ਮ ਸਿੰਘ ਢੱਡਵਾਲ ਨੇ ਸਮੂਹ ਢੱਡਵਾਲ ਪਾਰਵਾਰਾਂ ਨੂੰ ਸਾਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਪਣੇ ਪੁਰਖਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਜਿਹਨਾਂ ਦੀ ਬਦੌਲਤ ਅੱਜ ਦੁਨੀਆ ਭਰ ਵਿਚ ਢੱਡਵਾਲ ਪਰਵਾਰ ਤਰੱਕੀਆਂ ਮਾਣ ਰਹੇ ਹਨ। ਜਲੇਬੀਆਂ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ।ਇਸ ਮੌਕੇ ਨਛੱਤਰ ਸਿੰਘ ਐਨ.ਆਰ.ਆਈ., ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ, ਸੁਰਜੀਤ ਸਿੰਘ, ਮਹਿੰਦਰ ਸਿੰਘ ਢੱਡਵਾਲ, ਮਲਕੀਤ ਸਿੰਘ ਢੱਡਵਾਲ, ਲੈਂਬਰ ਸਿੰਘ ਢੱਡਵਾਲ, ਕੁਲਦੀਪ ਸਿੰਘ ਢੱਡਵਾਲ, ਗੁਰਪ੍ਰਤਾਪ ਸਿੰਘ ਢੱਡਵਾਲ, ਦੀਪਾ ਨੰਬਰਦਾਰ, ਮੋਹਨ ਸਿੰਘ, ਜਤਿੰਦਰ ਸਿੰਘ, ਰਣਜੀਤ ਸਿੰਘ, ਹਰਜਿੰਦਰ ਸਿੰਘ, ਪਿਆਰਾ ਸਿੰਘ ਢੱਡਵਾਲ, ਕੁਲਵੰਤ ਸਿੰਘ ਨੰਬਰਦਾਰ, ਅਵਤਾਰ ਸਿੰਘ, ਗੁਰਦਿਆਲ ਸਿੰਘ, ਬਲਜੀਤ ਸਿੰਘ ਢੱਡਵਾਲ, ਜਸਕਰਣ ਸਿੰਘ, ਜੱਸਾ ਭੱਟੀ, ਮਨਜੀਤ ਸਿੰਘ, ਜੱਸੀ ਸਿੰਘ, ਜਗਦੀਪ ਸਿੰਘ, ਅੰਮ੍ਰਿਤ ਸਿੰਘ, ਹਰਮਨ ਸਿੰਘ, ਸਿਮਰ ਢੱਡਵਾਲ, ਰਮਨਦੀਪ ਸਿੰਘ ਨੰਬਰਦਾਰ, ਇੰਦਰਜੀਤ ਸਿੰਘ ਇੰਦਾ ਆਦਿ ਹਾਜਰ ਸਨ।

# ਸਕਾਈ ਵਿਲਾ ਨੇ ਏ ਜੀ ਆਈ ਲੀਗ ਕ੍ਰਿਕਟ ਟੂਰਨਾਮੈਂਟ ਜਿੱਤਿਆ




**ਜਲੰਧਰ ( ਰਾਜੇਸ਼ ਥਾਪਾ )** ਜਲੰਧਰ ਹਾਈਟਸ ਦੀ ਸ਼ਾਨਦਾਰ ਉਤਸ਼ਾਹੀ ਭੀੜ ਦੇ ਵਿਚਕਾਰ ਸਕਾਈਵਿਲਾ ਦੀ ਕ੍ਰਿਕਟ ਟੀਮ ਨੇ ਏ ਜੀ ਆਈ ਕ੍ਰਿਕਟ ਲੀਗ ਟੂਰਨਾਮੈਂਟ ਦਾ ਫਾਈਨਲ ਜਿੱਤ ਲਿਆ।ਉਸ ਨੇ ਜਲੰਧਰ ਹਾਈਟਸ 2 ਦੀ ਟੀਮ ਨੂੰ ਸਖ਼ਤ ਮੁਕਾਬਲੇ ਵਿੱਚ ਦਸ ਓਵਰਾਂ ਦੇ ਮੈਚ ਵਿੱਚ ਸਿਰਫ਼ 13 ਦੌੜਾਂ ਨਾਲ ਹਰਾਇਆ।ਸਕਾਈ ਵਿਲਾ ਦੀ ਟੀਮ ਨੇ ਦਸ ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ ਨਾਲ 118 ਦੌੜਾਂ ਬਣਾਈਆਂ, ਜਦਕਿ ਜਲੰਧਰ ਹਾਈਟਸ 2 ਨੇ ਪੰਜ ਵਿਕਟਾਂ ਦੇ ਨੁਕਸਾਨ ਨਾਲ 105 ਦੌੜਾਂ ਬਣਾਈਆਂ।

ਹਾਲਾਂਕਿ ਜਲੰਧਰ ਹਾਈਟਸ 2 ਮੈਚ ਹਾਰ ਗਿਆ ਪਰ ਇਸ ਦੇ ਬੱਲੇਬਾਜ਼ ਨੇ ਸਭ ਤੋਂ ਵੱਧ ਦੌੜਾਂ ਬਣਾਈਆਂ ਕਿਉਂਕਿ ਜੇ ਐਚ 2 ਦੇ ਭੁਵਨ ਸ਼ਰਮਾ ਨੇ 21 ਗੇਂਦਾਂ ਵਿੱਚ 2 ਚੌਕਿਆਂ ਅਤੇ 3 ਛੱਕਿਆਂ ਦੀ ਮਦਦ ਨਾਲ 37 ਦੌੜਾਂ ਬਣਾਈਆਂ। ਜੇ ਐਚ 2 ਦੇ ਨਿਖਿਲ ਨੇ ਵੀ 2 ਚੌਕਿਆਂ ਅਤੇ ਤਿੰਨ ਛੱਕਿਆਂ ਦੀ ਮਦਦ ਨਾਲ 36 ਦੌੜਾਂ ਬਣਾਈਆਂ।ਸਕਾਈ ਵਿਲਾ ਟੀਮ ਵੱਲੋਂ ਦਿਨੇਸ਼ ਨੇ 1 ਚੌਕੇ ਤੇ 4 ਛੱਕਿਆਂ ਦੀ ਮਦਦ ਨਾਲ 34 ਦੌੜਾਂ ਬਣਾਈਆਂ।

ਜਲੰਧਰ ਹਾਈਟਸ ਦੇ ਜੱਸੀ ਨੇ 2 ਗੇਂਦਾਂ 'ਤੇ ਤਿੰਨ ਓਵਰਾਂ 'ਚ 27 ਦੌੜਾਂ ਦਿੱਤੀਆਂ ਅਤੇ ਤਿੰਨ ਵਿਕਟਾਂ ਲਈਆਂ।ਏ ਜੀ ਆਈ ਇਨਫਰਾ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਇਨਾਮ ਵੰਡ ਸਮਾਰੋਹ ਵਿੱਚ ਜੇਤੂ ਟੀਮਾਂ ਨੂੰ ਇਨਾਮ ਵੰਡੇ, ਜਿਸ ਵਿੱਚ ਏ ਜੀ ਆਈ ਇੰਫਰਾ ਲਿਮਿਟਿਡ ਦੇ ਉੱਚ ਪ੍ਰਬੰਧਕਾਂ ਜਿਵੇਂ ਵਰਿੰਦਰ ਸਿੰਘ ਪ੍ਰੋਜੈਕਟ ਡਾਇਰੈਕਟਰ, ਸਮੇਤ ਫਾਈਨਲ ਦੇਖਣ ਲਈ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।ਸੁਖਦੇਵ ਸਿੰਘ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਇੱਕ ਵੱਡੇ ਟੂਰਨਾਮੈਂਟ ਦੇ ਆਯੋਜਨ ਲਈ ਪ੍ਰਬੰਧਕੀ ਕਮੇਟੀ ਦੀ ਸ਼ਲਾਘਾ ਕੀਤੀ ਅਤੇ ਖਿਡਾਰੀਆਂ ਨੂੰ ਕਿਹਾ ਕਿ ਉਹ ਹਾਰ 'ਤੇ ਬੁਰਾ ਨਾ ਮਹਿਸੂਸ ਕਰਨ ਕਿਉਂਕਿ ਹਾਰ ਹੀ ਜਿੱਤ ਦਾ ਆਧਾਰ ਹੈ।ਵਿੱਕੀ ਸਿਡਾਨਾ ਨੂੰ ਟੂਰਨਾਮੈਂਟ ਦਾ ਸਰਵੋਤਮ ਬੱਲੇਬਾਜ਼ ਐਲਾਨਿਆ ਗਿਆ।ਜੱਸੀ ਨੂੰ ਸਰਵੋਤਮ ਗੇਂਦਬਾਜ਼ ਅਤੇ ਵਿਕਾਸ ਕਾਲੜਾ ਨੂੰ ਟੂਰਨਾਮੈਂਟ ਦਾ ਸਰਵੋਤਮ ਕੈਚਰ ਐਲਾਨਿਆ ਗਿਆ।ਇਨਾਮ ਵੰਡ ਸਮਾਰੋਹ ਦੌਰਾਨ ਸੰਧੂ ਭਰਾਵਾਂ ਅਤੇ ਪਾਰਟੀ, ਗਾਇਕਾਂ ਅਤੇ ਡਾਂਸਰਾਂ ਨੇ ਭੰਗੜਾ ਪਾਇਆ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਐਡਵੈਂਚਰ ਕੈਂਪ 'ਚ ਲਿਆ ਭਾਗ



**ਜਲੰਧਰ ( ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਦੇ 13 ਐਨ.ਐਸ.ਐਸ. ਵਲੰਟੀਅਰਾਂ ਨੇ ਯੁਵਕ ਮਾਮਲੇ ਵਿਭਾਗ, ਪੰਜਾਬ ਸਰਕਾਰ ਦੁਆਰਾ ਮਾਰਚ ਵਿੱਚ ਲਗਾਏ ਗਏ 03 ਵੱਖ-ਵੱਖ ਐਡਵੈਂਚਰ ਕੈਂਪਾਂ ਵਿੱਚ ਭਾਗ ਲਿਆ । ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਇਨ੍ਹਾਂ ਕੈਂਪਾਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਡੇ ਕਾਲਜ ਵੱਲੋਂ ਇਨ੍ਹਾਂ ਕੈਂਪਾਂ ਵਿਚ ਵਿਦਿਆਰਥੀਆਂ ਦੀ ਰਿਕਾਰਡ ਸ਼ਮੂਲੀਅਤ ਹੋਈ ਹੈ, ਇਸ ਗੱਲ ਦਾ ਪ੍ਰਮਾਣ ਹੈ ਕਿ ਲਾਇਲਪੁਰ ਖ਼ਾਲਸਾ ਕਾਲਜ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਦਸਣਯੋਗ ਹੈ ਕਿ ਹਰੇਕ ਕਾਲਜ ਨੂੰ ਸੀਮਤ ਸੀਟਾਂ ਅਲਾਟ ਕੀਤੀਆਂ ਜਾਂਦੀਆ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਕੈਂਪ ਵਿਦਿਆਰਥੀਆਂ ਦੀ ਸਹਿਣਸ਼ੀਲਤਾ, ਟੀਮ ਭਾਵਨਾ ਅਤੇ ਅਨੁਸ਼ਾਸਨ ਦੀ ਪਰਖ ਕਰਦੇ ਹਨ । ਪ੍ਰੋ. ਸਤਪਾਲ ਸਿੰਘ, ਚੀਫ ਪ੍ਰੋਗਰਾਮ ਅਫਸਰ, ਐਨ.ਐਸ.ਐਸ., ਨੇ ਦੱਸਿਆ ਕਿ 02 ਵਲੰਟੀਅਰ ਮੋਹਨ ਠਾਕੁਰ ਅਤੇ ਜਸਕਰਨ ਗਧਰਾ ਨੇ ਸੋਲਾਂਗ ਵੈਲੀ, ਕੁੱਲੂ ਵਿਖੇ ਸਕੀਇੰਗ ਅਤੇ ਐਡਵੈਂਚਰ ਕੈਂਪ ਵਿੱਚ ਭਾਗ ਲਿਆ। ਜਿੱਥੇ ਉਨ੍ਹਾਂ ਨੇ ਸਕੀਇੰਗ, ਨੈਵੀਗੇਸ਼ਨ ਅਤੇ ਪਰਬਤਾਰੋਹੀ ਦੇ ਢੰਗ ਸਿੱਖੇ।ਜਦੋਂ ਕਿ 06 ਮਹਿਲਾ ਵਲੰਟੀਅਰਾਂ ਕ੍ਰਿਤਿਕਾ, ਰੀਮਾ, ਅੰਜਲੀ, ਮੁਸਕਾਨ, ਮਹਿਕ ਅਤੇ ਭੁਪਿੰਦਰ ਨੇ ਮੈਕਲੋਡਗੰਜ, ਧਰਮਸ਼ਾਲਾ ਵਿਖੇ ਐਡਵੈਂਚਰ ਕੈਂਪ ਵਿੱਚ ਸ਼ਿਰਕਤ ਕੀਤੀ ਅਤੇ 05 ਵਲੰਟੀਅਰਾਂ ਸੋਨੂੰ ਸੁਨਾਰ, ਪੁਨੀਤ, ਤਰਨਬੀਰ ਸਿੰਘ, ਸੁਖਵੀਰ ਬੈਂਸ ਅਤੇ ਕਰਨ ਕੁਮਾਰ ਨੇ ਅਟਲ ਬਿਹਾਰੀ ਵਾਜਪਾਈ ਮਾਊਂਟੇਨਰਿੰਗ ਅਤੇ ਅਲਾਈਡ ਸਪੋਰਟਸ, ਮਨਾਲੀ ਵਿਖੇ ਟ੍ਰੈਕਿੰਗ ਕੈਂਪ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਵਲੰਟੀਅਰਾਂ ਨੇ ਪਰਬਤਾਰੋਹ, ਟ੍ਰੈਕਿੰਗ, ਰੈਪਲਿੰਗ, ਨੈਵੀਗੇਸ਼ਨ, ਰਿਵਰ ਕਰਾਸਿੰਗ, ਡਿਜ਼ਾਸਟਰ ਮੈਨੇਜਮੈਂਟ, ਟੈਂਟ ਪਿਚਿੰਗ ਆਦਿ ਦੇ ਤਕਨੀਕੀ ਹੁਨਰ ਸਿੱਖੇ। ਉਨ੍ਹਾਂ ਕਿਹਾ ਕਿ ਇਹ ਵਲੰਟੀਅਰਾਂ ਦੀ ਸਖ਼ਤ ਮਿਹਨਤ ਅਤੇ ਸਮਾਜ ਨਿਰਮਾਣ ਦੀ ਭਾਵਨਾ ਦਾ ਨਤੀਜਾ ਹੈ ਕਿ ਉਹ ਪੰਜਾਬ ਸਰਕਾਰ ਦੁਆਰਾ ਸਪਾਂਸਰਡ ਕੈਂਪਾਂ ਵਿਚ ਚੁਣੇ ਗਏ ਹਨ। ਵਲੰਟੀਅਰਾਂ ਨੇ ਅਜਿਹਾ ਪਲੇਟਫਾਰਮ ਪ੍ਰਦਾਨ ਕਰਨ ਲਈ ਯੁਵਕ ਸੇਵਾਵਾਂ ਵਿਭਾਗ ਪੰਜਾਬ, ਪ੍ਰਧਾਨ, ਕਾਲਜ ਗਵਰਨਿੰਗ ਕੌਂਸਲ ਸਰਦਾਰਨੀ ਬਲਬੀਰ ਕੌਰ, ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਐਨ.ਐਸ.ਐਸ. ਯੂਨਿਟ ਦਾ ਧੰਨਵਾਦ ਕੀਤਾ।

# ਸੁਰਜੀਤ 5-ਏ ਸਾਇਡ ਮਹਿਲਾ ਗੋਲਡ ਕੱਪ ਹਾਕੀ ਟੂਰਨਾਮੈਂਟ

## ਰੇਲ ਕੋਚ ਫੈਕਟਰੀ ਕਪੂਰਥਲਾ ਨੇ ਖਿਤਾਬ 'ਤੇ ਕੀਤਾ ਕਬਜ਼ਾ



**ਜਲੰਧਰ ( ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**- ਰੇਲ ਕੋਚ ਫੈਕਟਰੀ ਕਪੂਰਥਲਾ ਨੇ ਪੰਜਾਬ ਇਲੈਵਨ ਨੂੰ ਸਖਤ ਮੁਕਾਬਲੇ ਮਗਰੋਂ 4-3 ਦੇ ਫਰਕ ਨਾਲ ਹਰਾ ਕੇ ਪਹਿਲੇ ਸੁਰਜੀਤ 5 ਏ ਸਾਇਡ ਮਹਿਲਾ ਗੋਲਡ ਕੱਪ ਹਾਕੀ ਟੂਰਨਾਮੈਂਟ ਦਾ ਖਿਤਾਬ ਜਿੱਤ ਲਿਆ । ਯੂਨੀਅਨ ਬੈਂਕ ਆਫ ਇੰਡੀਆ ਮੁੰਬਈ ਨੇ ਹਰਿਆਣਾ ਇਲੈਵਨ ਨੂੰ 12-5 ਦੇ ਫਰਕ ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਸੰਪੰਨ ਹੋਏ ਟੂਰਨਾਮੈਂਟ ਦੀਆਂ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸੁਖਦੇਵ ਸਿੰਘ (ਏ ਆਈ ਜੀ ਗਰੁੱਪ) ਨੇ ਕੀਤੀ । ਜੇਤੂ ਟੀਮ ਨੂੰ ਇਕ ਲੱਖ ਰੁਪਏ ਨਕਦ ਅਤੇ ਜੇਤੂ ਟਰਾਫੀ, ਉਪ ਜੇਤੂ ਟੀਮ ਨੂੰ 75 ਹਜ਼ਾਰ ਰੁਪਏ ਨਕਦ ਅਤੇ ਉਪ ਜੇਤੂ ਟਰਾਫੀ ਅਤੇ ਤੀਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 31000 ਰੁਪਏ ਨਕਦ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਰੇਲ ਕੋਚ ਫੈਕਟਰੀ ਕਪੂਰਥਲਾ ਟੀਮ ਦੀ ਉਲੰਪੀਅਨ ਨਵਜੋਤ ਕੌਰ ਨੂੰ ਟੂਰਨਾਮੈਂਟ ਦੀ ਸਰਵੋਤਮ ਖਿਡਾਰਣ ਐਲਾਨਿਆ ਗਿਆ , ਉਸ ਨੂੰ ਸ੍ਰੀਮਤੀ ਸਵਦੇਸ਼ ਚੋਪੜਾ ਯਾਦਗਾਰੀ ਟਰਾਫੀ ਅਤੇ 11000 ਰੁਪਏ ਨਕਦ ਨਾਲ ਸਨਮਾਨਿਤ ਕੀਤਾ ਗਿਆ । ਪੰਜਾਬ ਇਲੈਵਨ ਦੀ ਗੋਲਕੀਪਰ ਕਿਰਨਦੀਪ ਕੌਰ ਨੂੰ ਟੂਰਨਾਮੈਂਟ ਦੀ ਸਰਵੋਤਮ ਗੋਲਕੀਪਰ ਐਲਾਨਿਆ ਗਿਆ, ਉਸ ਨੂੰ ਟਰਾਫੀ ਦੇ ਨਾਲ ਨਾਲ 11000 ਰੁਪਏ ਨਕਦ ਨਾਲ ਸਨਮਾਨਤ ਕੀਤਾ ਗਿਆ। ਫਾਈਨਲ ਮੈਚ ਵਿੱਚ ਤੇਜ ਤਰਾਰ ਹਾਕੀ ਦੇਖਣ ਨੂੰ ਮਿਲੀ। ਅੱਧੇ ਸਮੇਂ ਤੱਕ ਰੇਲ ਕੋਚ ਫੈਕਟਰੀ 2-1 ਨਾਲ ਅੱਗੇ ਸੀ। ਰੇਲ ਕੋਚ ਫੈਕਟਰੀ ਵਲੋਂ ਐਸ਼ਵਰਿਆ ਨੇ ਦੋ ਗੋਲ ਕੀਤੇ ਅਤੇ ਮਨਪ੍ਰੀਤ ਕੌਰ ਅਤੇ ਗਗਨਦੀਪ ਕੌਰ ਨੇ ਇਕ ਇਕ ਗੋਲ ਕੀਤਾ । ਜਦਕਿ ਪੰਜਾਬ ਵਲੋਂ ਸੁਖਵੀਰ ਕੌਰ, ਸੁਮਿਤਾ ਅਤੇ ਮਿਤਾਲੀ ਨੇ ਇਕ ਇਕ ਗੋਲ ਕੀਤਾ । ਫਾਇਨਲ ਮੈਚ ਤੋਂ ਪਹਿਲਾਂ ਖੇਡੇ ਗਏ ਸੈਮੀਫਾਇਨਲ ਵਿੱਚ ਰੇਲ ਕੋਚ ਫੈਕਟਰੀ ਕਪੂਰਥਲਾ ਨੇ ਯੂਨੀਅਨ ਬੈਂਕ ਆਫ ਇੰਡੀਆ ਮੁੰਬਈ ਨੂੰ 7-4 ਦੇ ਫਰਕ ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ । ਰੇਲ ਕੋਚ ਫੈਕਟਰੀ ਅੱਧੇ ਸਮੇਂ ਤੱਕ 4-1 ਨਾਲ ਅੱਗੇ ਸੀ । ਆਰ ਸੀ ਐਫ ਵਲੋਂ ਐਸ਼ਵਰਿਆ ਨੇ ਹੈਟ੍ਰਿਕ ਕਰਦੇ ਹੋਏ ਤਿੰਨ ਗੋਲ ਕੀਤੇ। । ਦੂਜੇ ਸੈਮੀ ਫਾਇਨਲ ਵਿੱਚ ਪੰਜਾਬ ਇਲੈਵਨ ਨੇ ਹਰਿਆਣਾ ਇਲੈਵਨ ਨੂੰ 8-3 ਦੇ ਫਰਕ ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ। ਅੱਧੇ ਸਮੇਂ ਤੱਕ ਪੰਜਾਬ ਇਲੈਵਨ 3-2 ਨਾਲ ਅੱਗੇ ਸੀ। ਪੰਜਾਬ ਇਲੈਵਨ ਵਲੋਂ ਸੁਮਿਤਾ ਨੇ ਹੈਟ੍ਰਿਕ ਕਰਦੇ ਹੋਏ ਤਿੰਨ ਗੋਲ ਕੀਤੇ। ਅਕਾਂਸ਼ਕਾ ਨੇ ਪੰਜਾਬ ਲਈ ਦੋ ਗੋਲ ਕੀਤੇ । ਮੈਚਾਂ ਦੇ ਸਮੇਂ ਲਖਵਿੰਦਰਪਾਲ ਸਿੰਘ ਖਹਿਰਾ, ਰਾਜਨ ਕੋਹਲੀ (ਟਾਇਕਾ), ਐਲ ਆਰ ਨਈਅਰ, ਇਕਬਾਲ ਸਿੰਘ ਸੰਧੂ, ਰਣਜੀਤ ਸਿੰਘ ਟੁੱਟ, ਰਣਬੀਰ ਸਿੰਘ ਟੁੱਟ, ਨੱਥਾ ਸਿੰਘ ਗਾਖਲ, ਉਲੰਪੀਅਨ ਕਰਨਲ ਬਲਬੀਰ ਸਿੰਘ, ਸੁਰਿੰਦਰ ਸਿੰਘ ਭਾਪਾ, ਪ੍ਰੋ ਕ੍ਰਿਪਾਲ ਸਿੰਘ ਮਠਾਰੂ, ਪਰਵੀਨ ਗੁਪਤਾ, ਰਿਪੁਦਮਨ ਕੁਮਾਰ ਸਿੰਘ, ਰਾਮ ਸ਼ਰਨ, ਜਾਰਜ ਪਾਲ, ਰਾਮ ਪ੍ਰਤਾਪ, ਕੁਲਦੀਪ ਸਿੰਘ, ਸੁਰਜੀਤ ਕੌਰ, ਨਰਿੰਦਰਪਾਲ ਸਿੰਘ ਜੱਜ, ਪਰਮਜੀਤ ਸਿੰਘ, ਹਰਿੰਦਰ ਸਿੰਘ ਸੰਘਾ, ਗੌਰਵ ਅਗਰਵਾਲ, ਸਾਧੂ ਸਿੰਘ ਖਲੌਰ, ਜਸਪਾਲ ਸਿੰਘ ਸਰਪੰਚ, ਗੁਰਮੀਤ ਸਿੰਘ ਸਿੱਧੂ, ਲਖਬੀਰ ਸਿੰਘ ਖਟੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

# ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ 'ਚ ਕੀਰਤਨ ਤੇ ਸੰਤ ਸਮਾਗਮ 'ਚ ਸੰਗਤਾਂ ਨੇ ਭਰੀ ਹਾਜ਼ਰੀ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)-** ਸ੍ਰੀ ਗੁਰੂ ਰਵਿਦਾਸ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਦਮੜੀ ਸ਼ੋਭਾ ਯਾਤਰਾ ਦੇ ਵਿਸ਼ਾਲ ਸਮਾਗਮ ਸਜਾਏ ਗਏ ਜਿਸ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ, ਸੰਤ ਸਮਾਗਮ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ, ਕਥਾਵਾਚਕਾਂ, ਬੁੱਧੀਜੀਵੀਆਂ ਅਤੇ ਸੰਤਾਂ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਾਇਆ।

ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਸੰਤ ਸਰਵਣ ਦਾਸ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸ਼ੇਖੇ ਦੀ ਅਗਵਾਈ ਹੇਠ ਹੋਏ ਸਮਾਗਮਾਂ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਨੇ ਸ਼ਾਮਲ ਹੋ ਕੇ ਹਾਜ਼ਰੀ ਭਰੀ। ਇਸ ਮੌਕੇ ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਨੇ ਪੰਜਾਬ ਤੇ ਹਰਿਦੁਆਰ ਤੋਂ ਪਹੁੰਚੀਆਂ ਸੰਗਤਾਂ, ਸੰਤਾਂ ਮਹਾਪੁਰਸ਼ਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭੈਣ ਸੰਤੋਸ਼ ਕੁਮਾਰੀ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਬਹੁਜਨ ਸਮਾਜ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਦੱਸੇ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਮਾਰਗ 'ਤੇ ਚੱਲ ਕੇ ਸਮਾਜ ਨੂੰ ਸਿੱਖਿਅਤ ਬਣਾਉਣ ਲਈ ਏਕਤਾ, ਪਿਆਰ, ਭਾਈਚਾਰੇ ਦਾ ਸਬੂਤ ਦੇਣਾ ਚਾਹੀਦਾ ਹੈ।ਇਸ ਮੌਕੇ ਸੰਤ ਸਰਵਣ ਦਾਸ ਲੁਧਿਆਣਾ ਸੀਨੀਅਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਬਲਵੰਤ ਸਿੰਘ ਡੀਂਗਰੀਆਂ, ਸੰਤ ਧਰਮ ਪਾਲ ਸ਼ੇਰਗੜ੍ਹ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਪ੍ਰਗਟ ਨਾਥ ਉਗੀ ਚਿੱਟੀ, ਸੰਤ ਸੰਤੋਖ ਦਾਸ ਭਾਰਟਾ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ਼, ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਰਮੇਸ਼ ਦਾਸ ਬਜਵਾੜਾ, ਸੰਤ ਪ੍ਰੇਮ ਦਾਸ ਭਵਿਆਣਾ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਸਰੂਪ ਸਿੰਘ ਬੋਹਾਨੀ, ਸੰਤ ਬੀਬੀ ਕਮਲੇਸ਼ ਕੌਰ ਨਾਹਲਾ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੁੱਖੀ ਬਾਬਾ, ਸਾਈਂ ਗੀਤਾ ਸ਼ਾਹ ਕਾਦਰੀ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਪ੍ਰਮੇਸ਼ਵਰੀ ਦਾਸ ਅਤੇ ਸੰਗਤਾਂ ਹਾਜ਼ਰ ਸਨ।

# ਮਲਕੀਤ ਸਿੰਘ ਪਲਾਸੀ ਤੇ ਬੀਬੀ ਦਰਸ਼ਨ ਕੌਰ ਨੇ ਵਰਤ ਰੱਖਿਆ



**ਭਲਾਣ (ਹਰਭਜਨ ਢਿੱਲੋਂ)-** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਖੱਬੇ ਪੱਖੀ ਪਾਰਟੀਆਂ ਤੋਂ ਕਾਮਰੇਡ ਮਲਕੀਤ ਸਿੰਘ ਪਲਾਸੀ ਤੇ ਬੀਬੀ ਦਰਸ਼ਨ ਕੌਰ ਪਲਾਸੀ ਸਾਬਕਾ ਪ੍ਰਧਾਨ ਜਨਵਾਦੀ ਇਸਤਰੀ ਸਭਾ ਪੰਜਾਬ ਨੇ ਅੱਜ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਭੁੱਖ ਹੜਤਾਲ 'ਤੇ ਆਪਣੇ ਘਰ ਬੈਠੇ। ਇਸ ਮੌਕੇ ਕਾਮਰੇਡ ਮਲਕੀਤ ਸਿੰਘ ਪਲਾਸੀ ਅਤੇ ਬੀਬੀ ਦਰਸ਼ਨ ਕੌਰ ਪਲਾਸੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਨੂੰ ਦੇਖਦਿਆਂ ਹੋਏ ਕੇਜਰੀਵਾਲ ਨੂੰ ਝੂਠੇ ਕੇਸਾਂ 'ਚ ਫਸਾ ਕੇ ਜੇਲ੍ਹ ਅੰਦਰ ਬੰਦ ਕੀਤਾ ਹੈ। ਤਾਂ ਜੋ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਚੋਣ ਪ੍ਰਚਾਰ 'ਚ ਕਮੀ ਆਵੇ। ਉਨ੍ਹਾਂ ਕਿਹਾ ਕਿ ਸਰਕਾਰ ਜੇਲ੍ਹਾਂ ਵਿੱਚ ਡੱਕਣ ਵਾਲੇ ਇਸ ਗਲਤ ਫੈਸਲੇ ਨੂੰ ਵਾਪਸ ਲਵੇ।

# ਵੋਟਰ ਜਾਗਰੂਕਤਾ ਤੇ ਨਸ਼ਾ ਮੁਕਤ ਪੰਜਾਬ ਮੁਹਿੰਮ 'ਚ ਹੁਸ਼ਿਆਰਪੁਰ ਵਾਸੀਆਂ ਨੇ ਦਿਖਾਇਆ ਜੋਸ਼

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)-**ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਫਿਟ ਬਾਈਕਰਸ ਕਲੱਬ ਵਲੋਂ ਔਰੋ ਪੱਧਰ ਦੇ ਸਾਈਕਲੋਥਾਨ ਇਵੈਂਟ ਸਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਾਨ ਵਿਚ ਹੁਸ਼ਿਆਰਪੁਰ ਵਾਸੀਆਂ ਨੇ ਬਹੁਤ ਜੋਸ਼ ਦਿਖਾਇਆ। ਲੋਕ ਸਭਾ ਚੋਣਾਂ-2024 ਲਈ ਵੋਟਰ ਜਾਗਰੂਕਤਾ ਤੇ ਨਸ਼ਾ ਮੁਕਤ ਪੰਜਾਬ ਦੀ ਥੀਮ 'ਤੇ ਕਰਵਾਏ ਗਏ ਇਸ ਸਾਈਕਲੋਥਾਨ ਵਿਚ 8 ਸਾਲ ਤੋਂ 80 ਸਾਲ ਉਮਰ ਵਰਗ ਦੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਪ੍ਰੋਫੈਸ਼ਨਲ ਸਾਈਕਲਿਸਟਾਂ ਨੇ ਹਿੱਸਾ ਲਿਆ। ਇਸ ਈਵੈਂਟ ਵਿਚ 100 ਕਿਲੋਮੀਟਰ ਸਾਈਕਲਿੰਗ, 300 ਤੋਂ 200 ਸਾਈਕਲਿੰਗ ਵਿਚ 35 ਪ੍ਰਤੀਯੋਗੀਆਂ ਨੇ ਹਿੱਸਾ ਲਿਆ। ਸਭ ਤੋਂ ਪਹਿਲਾਂ ਸਾਈਕਲੋਥਾਨ ਦੀ ਸ਼ੁਰੂਆਤ ਐਸ.ਐਸ.ਪੀ ਹੁਸ਼ਿਆਰਪੁਰ ਸੁਰੇਂਦਰ ਲਾਂਬਾ, ਫਿਟ ਬਾਈਕਰਸ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸਚਦੇਵਾ, ਡੀ.ਐਸ.ਪੀ ਅਮਰਨਾਥ ਅਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਵਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਪਰਮਜੀਤ ਸਿੰਘ ਸਚਦੇਵਾ ਨੇ ਦੱਸਿਆ ਕਿ ਪੂਰੀ ਦੁਨੀਆ ਵਿਚ ਸਾਈਕਲਿੰਗ ਦੇ ਖੇਤਰ ਵਿਚ ਆਪਣਾ ਮੁਕਾਮ ਹਾਸਲ ਕਰਨ ਵਾਲੇ ਸਾਈਕਲਿਸਟ ਡਾ. ਅਮਿਤ ਸਮਥ, ਡਾ. ਪਵਨ ਢੀਂਗਰਾ, ਰਾਵੀ ਬਦੇਸ਼ਾ, ਆਦਿਲ ਤੇਲੀ, ਮੇਘਾ ਜੈਨ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲੈ ਕੇ ਇਸ ਈਵੈਂਟ ਦੀ ਸ਼ਾਨ ਵਧਾਈ। ਇਸ ਦੌਰਾਨ ਐਸ.ਐਸ.ਪੀ ਵਲੋਂ ਇਨ੍ਹਾਂ ਅੰਤਰਾਸ਼ਟਰੀ ਸਾਈਕਲਿਸਟਾਂ ਦਾ ਵੀ ਸਨਮਾਨ ਕੀਤਾ ਗਿਆ।ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਇਸ ਦੌਰਾਨ ਈਵੈਂਟ ਵਿਚ ਹਿੱਸਾ ਲੈਣ ਵਾਲੇ ਸਾਰੇ ਸਾਈਕਲਿਸਟਾਂ ਤੇ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਰੇ ਯੋਗ ਵੋਟਰ ਲੋਕ ਸਭਾ ਚੋਣਾਂ-2024 ਵਿਚ ਆਪਣੀ ਵੋਟ ਦੇ ਅਧਿਕਾਰ ਦੀ ਜ਼ਰੂਰ ਵਰਤੋਂ ਕਰਨ ਅਤੇ ਮਜ਼ਬੂਤ ਲੋਕਤੰਤਰ ਦੇ ਨਿਰਮਾਣ ਵਿਚ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਦੇ ਉਦੇਸ਼ ਨਾਲ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਨਸ਼ਾ ਮੁਕਤ ਪੰਜਾਬ ਦੀ ਥੀਮ 'ਤੇ ਕਰਵਾਏ ਗਏ ਆਯੋਜਨ ਸਾਡੇ ਸਾਰਿਆਂ ਨੂੰ ਸੰਕਲਪ ਲੈ ਕੇ ਇਸ ਦਿਸ਼ਾ ਵਿਚ ਅੱਗੇ ਵੱਧਣਾ ਹੈ। ਉਨ੍ਹਾਂ ਫਿਟ



ਬਾਈਕਰਸ ਕਲੱਬ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਈਵੈਂਟ ਦੀ ਸਫ਼ਲਤਾ ਦੇ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਰਾਸ਼ਟਰੀ ਪੱਧਰ 'ਤੇ ਜਾਣਿਆ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਵੱਧ ਤੋਂ ਵੱਧ ਖੇਡਾਂ ਵੱਲ ਧਿਆਨ ਦੇਣ ਅਤੇ ਨਸ਼ੇ ਖਿਲਾਫ਼ ਇਕਜੁੱਟਤਾ ਦਿਖਾਉਣ। ਫਿਟ ਬਾਈਕਰਸ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸਚਦੇਵਾ ਨੇ ਸਾਈਕਲੋਥਾਨ ਵਿਚ ਸਹਿਯੋਗ ਲਈ ਜ਼ਿਲ੍ਹਾ ਪ੍ਰਸ਼ਾਸਨ, ਸੰਚੂਰੀ ਪਲਾਈਵੁੱਡ, ਵਲੰਟੀਅਰਾਂ ਅਤੇ ਹੋਰ ਸਹਿਯੋਗੀ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਪੈਡਲ ਐਂਡ ਸੋਸ਼ਲ ਕਲੱਬ ਗੜ੍ਹਸ਼ੰਕਰ ਦੇ ਕਰਨਜੀਤ ਸਿੰਘ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਈਵੈਂਟ ਵਿਚ ਪੂਰਾ ਸਹਿਯੋਗ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਕੈਲਗਰੀ ਤੋਂ ਆਏ ਪ੍ਰੀਤਮ ਸਿੰਘ ਸਾਈਕਲਿੰਗ ਈਵੈਂਟ ਵਿਚ ਹਿੱਸਾ ਲੈਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਫਿਟ ਬਾਈਕਰਸ ਕਲੱਬ ਦੇ ਮੀਤ ਪ੍ਰਧਾਨ ਮੁਨੀਰ ਨਜ਼ਰ, ਸਕੱਤਰ ਉਤਮ ਸਿੰਘ ਸਾਬੀ, ਪ੍ਰਿੰਸੀਪਲ ਰਾਕੇਸ਼ ਕੁਮਾਰ, ਅੰਕੁਰ ਸ਼ਰਮਾ, ਲੈਕਚਰਾਰ ਸੰਦੀਪ ਸੂਦ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਸੰਯੁਕਤ ਕਿਸਾਨ ਮੋਰਚਾ ਨੇ ਪੁਤਲਾ ਸਾੜ ਕੇ ਰੋਸ ਪ੍ਰਗਟ ਕੀਤਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )-**ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਗਏ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ( ਆਜ਼ਾਦ) ਵੱਲੋਂ ਅੱਜ ਵੱਖ-ਵੱਖ ਮੰਗਾਂ ਨੂੰ ਲੈ ਕੇ ਆਵਾਜ਼ ਬੁਲੰਦ ਕਰਦੇ ਹੋਏ ਸਰਕਾਰੀ ਹਸਪਤਾਲ ਚੌਕ ਟਾਂਡਾ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਬੀ.ਕੇ.ਯੂ ਆਜ਼ਾਦ ਦੇ ਸੂਬਾ ਪ੍ਰਧਾਨ ਅਮਰਜੀਤ ਸਿੰਘ ਸੰਧੂ ਰੜਾ ਦੀ ਅਗਵਾਈ ਵਿੱਚ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਚੱਲ ਰਹੇ ਧਰਨਿਆਂ ਵੱਲੋਂ ਦਿੱਤੀ ਹੋਈ ਕਾਲ 'ਤੇ ਅੱਜ ਟਾਂਡਾ ਵਿਖੇ ਕਿਸਾਨਾਂ ਦੇ ਹੱਕ ਵਿੱਚ ਅਤੇ ਗੰਨਾ ਕਾਸ਼ਤਕਾਰਾਂ ਨੂੰ ਮਿਲਣ ਵਾਲੀ ਸਬਸਿਡੀ 55 ਰੁਪਏ 50 ਪੈਸੇ ਜੋ ਕਿ ਹੁਣ ਤੱਕ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਖਾਤਿਆਂ ਵਿੱਚ ਪਾਉਣ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜਿਆ। ਇਸ ਪੁਤਲਾ ਸਾੜ ਰੋਸ ਪ੍ਰਦਰਸ਼ਨ ਦੌਰਾਨ ਯੂਨੀਅਨ ਦੇ ਵੱਖ-ਵੱਖ ਪਿੰਡਾਂ ਨਾਲ ਸੰਬੰਧਤ ਕਿਸਾਨਾਂ ਤੇ ਜ਼ੋਨ ਪ੍ਰਧਾਨਾਂ ਨੇ ਹਿੱਸਾ ਲੈਂਦੇ ਹੋਏ ਆਪਣੀਆਂ ਮੰਗਾਂ ਪ੍ਰਤੀ ਆਵਾਜ਼ ਬੁਲੰਦ ਕੀਤੀ । ਇਸ ਮੌਕੇ ਇਕੱਤਰ ਹੋਏ ਕਿਸਾਨਾਂ ਨੇ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਰੋਹ ਭਰਪੂਰ ਨਾਅਰੇਬਾਜ਼ੀ ਵੀ ਕੀਤੀ। ਸੂਬਾ ਪ੍ਰਧਾਨ ਅਮਰਜੀਤ ਸਿੰਘ ਰੜਾ ਕੇਂਦਰ ਤੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਜਲਦ ਤੋਂ ਜਲਦ ਪੂਰਾ ਕਰਨ ਲਈ ਤੇ ਮੰਗਾਂ ਦੀ ਪੂਰਤੀ ਨਾ ਹੋਣ ਤੇ ਕਿਸਾਨਾਂ ਵੱਲੋਂ ਜਾਰੀ ਸੰਘਰਸ਼ ਹੋਰ ਤੇਜ਼ ਕਰਨ ਦੀ ਚੇਤਾਵਨੀ ਦਿੱਤੀ ਗਈ। ਇਕੱਤਰ ਹੋਏ ਕਿਸਾਨਾਂ ਨੇ ਮੌਜੂਦਾ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਅਤੇ ਹੋਨਾਂ ਸਹਿਯੋਗੀ ਦਲਾਂ ਦਲਾਂ ਦਾ ਪਿੰਡਾਂ ਵਿੱਚ ਆਉਣ 'ਤੇ ਬਾਈਕਾਟ ਕਰਨ ਦਾ ਸੱਦਾ ਵੀ ਦਿੱਤਾ। ਇਸ ਰੋਸ ਪ੍ਰਦਰਸ਼ਨ ਦੌਰਾਨ ਮਨਮੋਹਨ ਸਿੰਘ ਪੁਲ ਪੁਖਤਾ, ਬਲਜੀਤ ਸਿੰਘ ਤੱਗੜ ਜਨਰਲ ਸਕੱਤਰ ਪੰਜਾਬ ਹਰਨੇਕ ਸਿੰਘ ਕੈਸ਼ੀਅਰ ਪੰਜਾਬ, ਰਮਨਜੀਤ ਸਿੰਘ, ਜਥੇਦਾਰ ਦਵਿੰਦਰ ਸਿੰਘ ਪੁਲ ਪੁਖਤਾ, ਦਸੌਂਧਾ ਸਿੰਘ ਫਿਰੋਜ਼ ਰੌਲੀਆ, ਕਰਨ ਸੰਧਾਵਾਲੀਆ, ਹਰਮੀਤ ਸਿੰਘ ਦੇਹਰੀਵਾਲ, ਜਥੇਦਾਰ ਮਲਕੀਤ ਸਿੰਘ ਢੱਟ, ਮਨਦੀਪ ਸਿੰਘ ਦੀਪਾ ਤੇ ਹੋਰਨਾਂ ਕਿਸਾਨਾਂ ਨੇ ਭਾਗ ਲਿਆ।

# ਨਿੱਝਰ ਤੇ ਹਰਨਾਮ ਸਿੰਘ ਨੂੰ ਪੀ ਐੱਸ ਸੀ ਮੈਂਬਰ ਬਣਾਉਣ 'ਤੇ ਸੁਖਬੀਰ ਬਾਦਲ ਦਾ ਧੰਨਵਾਦ



**ਆਦਮਪੁਰ (ਪਰਮਜੀਤ ਸਿੰਘ)-**ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਵਿਧਾਨ ਸਭਾ ਹਲਕਾ ਆਦਮਪੁਰ ਦੇ ਸੀਨੀਅਰ ਅਕਾਲੀ ਦਲ ਆਗੂ ਗੁਰਦਿਆਲ ਸਿੰਘ ਨਿੱਝਰ ਅਤੇ ਹਰਨਾਮ ਸਿੰਘ ਅਲਾਵਲਪੁਰ ਨੂੰ ਪੀ.ਐਸ.ਸੀ.ਪੋਲੀਟੀਕਲ ਅਵੇਅਰ ਕਮੇਟੀ ਪੰਜਾਬ ਦੇ ਮੈਂਬਰ ਪੰਜਾਬ ਬਣਾਉਣ ਉਪਰੰਤ ਸਰਕਲ ਜਥੇਦਾਰ ਮਲਕੀਤ ਸਿੰਘ ਦੌਲਤਪੁਰ, ਪਵਨ ਕੁਮਾਰ ਟੀਨੂੰ, ਗੁਰਪ੍ਰਤਾਪ ਸਿੰਘ ਬਡਾਲਾ, ਸੰਨੀ ਢਿਲੋਂ ਜੂਥ ਪ੍ਰਧਾਨ, ਮੇਜਰ ਸਿੰਘ ਹਰੀਪੁਰ, ਅਮਨਦੀਪ ਸਿੰਘ ਬਿੱਟਾ, ਬਲਵਿੰਦਰ ਸਿੰਘ ਕਾਲਰਾ, ਦਲਜੀਤ ਸਿੰਘ ਜੀਤਾ, ਕੁਲਵਿੰਦਰ ਸਿੰਘ ਟੋਨੀ, ਅਵਤਾਰ ਸਿੰਘ, ਹਰਜਿੰਦਰ ਸਿੰਘ, ਮੱਖਣ ਜਿੰਘ, ਰਘਵੀਰ ਸਿੰਘ, ਜਸਵੰਤ ਸਿੰਘ, ਪਰਮਜੀਤ ਸਿੰਘ, ਦਲਜੀਤ ਸਿੰਘ ਭੱਟੀ, ਦਲਵੀਰ ਸਿੰਘ ਖੋਜਕੀਪੁਰ, ਸੁਖਵਿੰਦਰ ਪਾਲ, ਦਲਵੀਰ ਸਿੰਘ ਅਲਾਵਲਪੁਰ ਵਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ।

# ਮਾਸਟਰ ਸਤਪਾਲ ਦਾਦਰਾ ਨੂੰ ਸੇਵਾ ਮੁਕਤੀ 'ਤੇ ਨਿੱਘੀ ਵਿਦਾਇਗੀ

**ਫਗਵਾੜਾ (ਡਾ. ਰਮਨ, ਢੱਡਾ)-** ਸਿੱਖਿਆ ਵਿਭਾਗ ਪੰਜਾਬ ਵਿਚ 36 ਸਾਲ ਦੀ ਬੇਦਾਗ ਸੇਵਾ ਨਿਭਾਉਣ ਉਪਰੰਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਪੁਰ ਤੋਂ ਸੇਵਾ ਮੁਕਤ ਹੋਏ ਵੋਕੇਸ਼ਨਲ ਮਾਸਟਰ ਸਤਪਾਲ ਦਾਦਰਾ (ਇਲੈਕਟ੍ਰੀਕਲ ਇੰਜੀਨੀਅਰਿੰਗ) ਨੂੰ ਨਿੱਘੀ ਵਿਦਾਇਗੀ ਦੇਣ ਲਈ ਸਕੂਲ ਪ੍ਰਿੰਸੀਪਲ, ਸਮੂਹ ਸਕੂਲ ਸਟਾਫ, ਪਸਵਕ ਕਮੇਟੀ ਲੱਖਪੁਰ ਤੇ ਬੇਗਮਪੁਰ ਅਤੇ ਗ੍ਰਾਮ ਪੰਚਾਇਤ ਪਿੰਡ ਲੱਖਪੁਰ ਵਲੋਂ ਇਕ ਸ਼ਾਨਦਾਰ ਸਮਾਗਮ ਦਾ ਆਯੋਜਨ ਸਕੂਲ ਕੈਂਪਸ ਵਿਚ ਕੀਤਾ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਸੰਤ ਪ੍ਰੀਤਮ ਦਾਸ ਬੇਗਮਪੁਰ, ਨਿਰਮਲਜੀਤ ਸਰਪੰਚ ਲੱਖਪੁਰ, ਬੀਬੀ ਕਸ਼ਮੀਰ ਕੌਰ ਸਰਪੰਚ ਬੇਗਮਪੁਰ ਤੋਂ ਇਲਾਵਾ ਰਿਟਾ. ਪ੍ਰਿੰਸੀਪਲ ਰਾਮ ਕਿਸ਼ਨ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵਲੋਂ ਮਾਸਟਰ ਸਤਪਾਲ ਦਾਦਰਾ ਦੇ ਸਨਮਾਨ ਵਿਚ ਪ੍ਰਭਾਵਸ਼ਾਲੀ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।

ਸੰਤ ਪ੍ਰੀਤਮ ਦਾਸ ਬੇਗਮਪੁਰ ਨੇ ਮਾਸਟਰ ਸਤਪਾਲ ਦਾਦਰਾ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਅਧਿਆਪਕ ਦਾ ਫਰਜ਼ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦੇ ਨਾਲ ਹੀ ਚੰਗੇ ਸੰਸਕਾਰ ਦੇਣਾ ਹੁੰਦਾ ਹੈ ਤਾਂ ਜੋ ਉਹ ਆਪਣੇ ਗਿਆਨ ਨਾਲ ਦੇਸ਼ ਅਤੇ ਸਮਾਜ ਦੀ ਭਲਾਈ ਵਿਚ ਸ੍ਰੇਸ਼ਠ ਯੋਗਦਾਨ ਪਾਉਣ ਦੇ ਯੋਗ ਬਣ ਸਕਣ ਅਤੇ ਖੁਸ਼ੀ ਦੀ ਗੱਲ ਹੈ ਕਿ ਮਾਸਟਰ ਸਤਪਾਲ ਦਾਦਰਾ ਨੇ ਆਪਣੇ ਫਰਜ਼ ਨੂੰ ਬਾਖੂਬੀ ਨਿਭਾਇਆ ਹੈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਮਾਸਟਰ ਸਤਪਾਲ ਦਾਦਰਾ ਨੂੰ ਸੇਵਾ ਮੁਕਤੀ ਲਈ ਸ਼ੁੱਭ ਇੱਛਾਵਾਂ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਹਮੇਸ਼ਾ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਅਤੇ ਸਕੂਲ ਦੀ ਬਿਹਤਰੀ, ਸਮਾਜ ਦੀ ਭਲਾਈ ਅਤੇ ਧਾਰਮਿਕ ਗਤੀਵਿਧੀਆਂ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ ਹੈ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਮਨਜੀਤ ਸਿੰਘ ਜਸਵਾਲ ਨੇ ਸਮੂਹ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਮਾਸਟਰ ਸਤਪਾਲ ਦਾਦਰਾ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਮਾਸਟਰ ਦਾਦਰਾ ਨੇ ਸੇਵਾ ਕਾਲ ਦੌਰਾਨ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਸਾਥੀ ਅਧਿਆਪਕਾਂ ਅਤੇ ਵਿਦਿਆਰਥੀਆਂ ਵਲੋਂ ਜੋ ਸਤਿਕਾਰ ਅਤੇ ਪਿਆਰ ਉਨ੍ਹਾਂ ਨੂੰ ਮਿਲਿਆ ਹੈ, ਉਹ ਹਮੇਸ਼ਾ ਯਾਦ ਰਹੇਗਾ। ਉਨ੍ਹਾਂ ਲੱਖਪੁਰ ਸਕੂਲ ਦੇ ਵਿਦਿਆਰਥੀਆਂ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਦੀ ਸੇਵਾ ਮੁਕਤੀ ਸਮੇਂ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਉਨ੍ਹਾਂ ਪ੍ਰਤੀ ਆਪਣੇ ਪਿਆਰ ਅਤੇ ਸਨਮਾਨ ਨੂੰ ਦਰਸਾਇਆ ਹੈ। ਸਟੇਜ ਸੰਚਾਲਨ ਮਾਸਟਰ ਸਤੀਸ਼ ਕੁਮਾਰ ਨੇ ਕੀਤਾ। ਸਕੂਲ ਸਟਾਫ ਅਤੇ ਪਤਵੰਤਿਆਂ ਵਲੋਂ ਮਾਸਟਰ ਸਤਪਾਲ ਦਾਦਰਾ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਖੂਬਸੂਰਤ ਤੋਹਫਿਆਂ ਨਾਲ ਨਿਵਾਜਿਆ ਗਿਆ। ਇਸ ਮੌਕੇ ਜਤਿੰਦਰ ਸਿੰਘ, ਅਮਰਜੀਤ ਸਿੰਘ, ਬਲਕਾਰ ਸਿੰਘ, ਜਸਵੀਰ ਲਾਲ, ਨਵਜੋਤ ਕੌਰ, ਮਨਜੀਤ ਕੌਰ, ਅਮਨਦੀਪ ਕੌਰ, ਕੁਲਦੀਪ ਕੌਰ, ਜੋਗਿੰਦਰ ਪਾਲ, ਮੈਡਮ ਆਦਰਸ਼ ਬਾਲਾ, ਮੈਡਮ ਇੰਦੂ, ਡਾ. ਅਮਰਜੀਤ ਸਿੰਘ, ਮੈਡਮ ਕੁਲਦੀਪ ਕੌਰ, ਦੀਪਕ ਕੁਮਾਰ, ਜੋਗਿੰਦਰ ਕੁਮਾਰ, ਜੀਤ ਸਿੰਘ, ਸੁਖਜਿੰਦਰ ਸਿੰਘ, ਹਰਭਜਨ ਸਿੰਘ, ਗੁਰਮੇਲ ਲਾਲ, ਤਰਨਜੀਤ ਕੁਮਾਰ, ਰਾਮ ਕਿਸ਼ਨ, ਕੁਲਦੀਪ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਰਣਜੀਤ ਗੋਗਨਾ, ਮੈਡਮ ਇੰਦਰਜੀਤ ਕੌਰ ਖਾਟੀ, ਮੈਡਮ ਬਿੰਦੀਆ ਸੰਧੂ ਸਮੇਤ ਸਕੂਲ ਸਟਾਫ ਹਾਜ਼ਰ ਸੀ।

# ਸਾਹਨੀ ਵਿਖੇ ਸ਼ਰਧਾ ਨਾਲ ਮਨਾਇਆ ਮੜ੍ਹਾਰ (ਬ੍ਰਾਹਮਣ) ਜਠੇਰਿਆਂ ਦਾ ਸਾਲਾਨਾ ਜੋੜ ਮੇਲਾ



**ਫਗਵਾੜਾ :** ਫਗਵਾੜਾ ਦੇ ਨੇੜਲੇ ਪਿੰਡ ਸਾਹਨੀ ਵਿਖੇ ਮੜ੍ਹਾਰ (ਬ੍ਰਾਹਮਣ) ਗੋਤਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਮੜ੍ਹਾਰ ਪਰਵਾਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਵੇਰੇ ਝੰਡੇ ਦੀ ਰਸਮ ਉਪਰੰਤ ਕੰਜਕ ਪੂਜਨ ਕੀਤਾ ਗਿਆ ਅਤੇ ਪਿਤਰਾਂ ਦਾ ਅਸ਼ੀਰਵਾਦ ਲਿਆ ਗਿਆ। ਪ੍ਰਬੰਧਕਾਂ ਵਲੋਂ ਸਮੂਹ ਮੜ੍ਹਾਰ (ਬ੍ਰਾਹਮਣ) ਪਰਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਮੌਕੇ ਚਾਹ-ਪਕੌੜੇ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ।ਇਸ ਮੌਕੇ ਕਮੇਟੀ ਪ੍ਰਧਾਨ ਰਾਜਕੁਮਾਰ, ਰਜਿੰਦਰ ਪਾਲ, ਰਾਮ ਮੂਰਤੀ ਸਾਹਨੀ, ਵਿਜੇ ਕੁਮਾਰ ਰਿਟਾ. ਜੇ. ਈ., ਪਵਨ ਕੁਮਾਰ ਪੰਮਾ, ਅਸ਼ੋਕ ਕੁਮਾਰ, ਬੀਰਬਲ ਫੋਰਮੈਨ, ਸ਼ੁਭ ਸ਼ਰਮਾ, ਪੰਡਿਤ ਮਹੇਸ਼ ਚੰਦਰ, ਸਤੀਸ਼ ਕੁਮਾਰ, ਇੰਦਰਾ ਰਾਣੀ, ਯੋਗਿਤਾ ਰਾਣੀ, ਨੀਲਮ ਕੌਸ਼ਲ, ਆਰਤੀ ਸ਼ਰਮਾ, ਸੋਨੀਆ ਸ਼ਰਮਾ, ਨਿਸ਼ਾ ਕੌਸ਼ਲ, ਵਿਸ਼ਾਲ, ਰਿਸ਼ਭ ਕੌਸ਼ਲ, ਦਵਿੰਦਰ ਕੌਸ਼ਲ, ਮੋਟੂ ਰਾਮ, ਮੋਹਿਤ, ਸ਼ਿਵ ਦੀਪ, ਗੌਰਵ ਕੌਸ਼ਲ ਆਦਿ ਹਾਜਰ ਸਨ।

## ਇੱਕੋ ਘਰ 'ਚ ਪੰਜਵੀਂ ਵਾਰ ਡਾਕਾ

**ਫਿਲੌਰ (ਨਿਰਮਲ)-** ਪਿੰਡ ਅੱਟੀ ਵਿਖੇ ਇਕੋ ਘਰ 'ਚ ਪੰਜਵੀਂ ਵਾਰ ਡਾਕਾ ਮਾਰਿਆ ਗਿਆ।ਭਜਨ ਸਿੰਘ ਪੁੱਤਰ ਸੁਰਜਨ ਸਿੰਘ ਨੇ ਦੱਸਿਆ ਕੇ ਉਨ੍ਹਾਂ ਦੇ ਖ਼ੂਹ 'ਤੇ ਇਹ ਪੰਜਵੀਂ ਵਾਰੀ ਚੋਰੀ ਹੋਈ ਹੈ। ਰਾਤ ਦੇ ਸਮੇਂ ਚੋਰ ਤੇਜਧਾਰ ਹਥਿਆਰਾਂ ਨਾਲ ਉਨ੍ਹਾਂ ਦੇ ਘਰ ਆ ਵੜੇ ਤੇ ਉਨਾਂ ਨੂੰ ਰੱਸਿਆ ਨਾਲ ਬੰਨ ਕੇ ਸਾਰਾ ਸਮਾਨ ਲੈ ਗਏ। ਜਿਸ ਵਿਚ ਜਰਨੈਟਰ, ਬੇਲਣਾ, ਪੱਠੇ ਕੁਤਰਨ ਵਾਲੀ ਮਸ਼ੀਨ, ਖੇਤੀ ਕਰਨ ਵਾਲੇ ਹੋਰ ਜਰੂਰੀ ਸਮਾਨ ਸ਼ਾਮਲ ਹੈ। ਉਨ੍ਹਾਂ ਨੇ ਦੱਸਿਆ ਕੇ ਤਿੰਨ ਵਾਰੀ ਪੁਲਸ ਨੂੰ ਰਿਪੋਰਟ ਦਿੱਤੀ ਪਰ ਕੁਝ ਵੀ ਸਾਡੇ ਹੱਥ ਨਾ ਲੱਗਾ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਇਹ ਹੀ ਮੰਗ ਕੀਤੀ ਹੈ ਚੋਰਾਂ ਨੂੰ ਫੜ ਕੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ।

## ਸਰਪੰਚ ਸੋਹਨ ਲਾਲ ਨੂੰ ਸਦਮਾ, ਪਤਨੀ ਦਾ ਦਿਹਾਂਤ

**ਫਿਲੌਰ (ਨਿਰਮਲ)-** ਪਿੰਡ ਅੱਟੀ ਦੇ ਸਰਪੰਚ ਸੋਹਨ ਲਾਲ ਨੂੰ ਉਸ ਵਕਤ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਧਰਮ ਪਤਨੀ ਵਿਦਿਆ ਦੇਵੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਅੱਟੀ ਵਿਖ਼ੇ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਰਿਸ਼ਤੇਦਾਰ, ਪੰਚ ,ਸਰਪੰਚ, ਨੰਬਰਦਾਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਹਾਜਰ ਸਨ, ਜਿਨ੍ਹਾਂ ਨੇ ਬੀਬੀ ਵਿਦਿਆ ਦੇਵੀ ਨੂੰ ਅੰਤਿਮ ਵਿਦਾਇਗੀ ਦਿੱਤੀ ਅਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ।

## ਹੈਰੋਇਨ ਦੀ ਤਸਕਰੀ ਕਰਨ ਵਾਲੇ ਰੈਕੇਟ ਦਾ ਪਰਦਾਫਾਸ਼

**ਜਲੰਧਰ, ( ਸ਼ੈਲੀ ਐਲਬਰਟ) :** ਸ਼ਹਿਰ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾਉਣ ਲਈ ਆਪਣੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਦੋ ਸਮੱਗਲਰਾਂ ਨੂੰ 180 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇੱਕ ਇਤਲਾਹ 'ਤੇ ਜਲੰਧਰ ਦੇ ਸੀ.ਆਈ.ਏ ਸਟਾਫ਼ ਨੇ ਰਾਮਾ ਮੰਡੀ ਚੌਂਕ ਤੋਂ ਸਰਵਿਸ ਰੋਡ ਦਕੋਹਾ ਰੇਲਵੇ ਕਰਾਸਿੰਗ ਤੱਕ ਗਸ਼ਤ ਸ਼ੁਰੂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਕਮਲਜੀਤ ਪੁੱਤਰ ਜੋਗਿੰਦਰ ਪਾਲ ਵਾਸੀ ਸ਼ਿਵ ਨਗਰ, ਨੇੜੇ ਰੇਲਵੇ ਫਾਟਕ, ਜਲੰਧਰ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 30 ਗ੍ਰਾਮ ਹੈਰੋਇਨ ਬਰਾਮਦ ਹੋਈ। ਤਫ਼ਤੀਸ਼ ਦੌਰਾਨ ਜਤਿੰਦਰ ਕੁਮਾਰ ਪੁੱਤਰ ਬਲਦੇਵ ਰਾਜ ਵਾਸੀ ਈਜੀ-972 ਪ੍ਰੇਮ ਨਗਰ, ਮੁਹੱਲਾ ਗੋਬਿੰਦਗੜ੍ਹ ਜਲੰਧਰ ਹੁਣ ਫਲੈਟ ਨੰਬਰ 301, ਏ.ਜੀ.ਆਈ. ਨੇੜੇ ਹਵੇਲੀ ਜਲੰਧਰ ਦੀ ਸ਼ਮੂਲੀਅਤ ਸਾਹਮਣੇ ਆਈ, ਜਿਸ ਤੋਂ ਬਾਅਦ ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਅਗਲੇਰੀ ਜਾਂਚ ਤੋਂ 150 ਗ੍ਰਾਮ ਹੈਰੋਇਨ ਦੀ ਵਾਧੂ ਬਰਾਮਦਗੀ ਹੋਈ, ਜਿਸ ਨਾਲ ਕੁੱਲ ਰਿਕਵਰੀ 180 ਗ੍ਰਾਮ ਹੋ ਗਈ। ਥਾਣਾ ਰਾਮਾ ਮੰਡੀ ਜਲੰਧਰ ਵਿਖੇ ਐਫਆਈਆਰ 88 ਮਿਤੀ 05-04-2024 ਅਧੀਨ 21/29-61-85 ਐਨਡੀਪੀਐਸ ਐਕਟ ਦਰਜ ਕੀਤੀ ਗਈ ਹੈ।

# ਅਟਵਾਲ ਨੇ ਬਾਬੂ ਜਗਜੀਵਨ ਰਾਮ ਨੂੰ ਕੀਤਾ ਯਾਦ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )-** ਮੰਡੀ ਬੋਰਡ ਦੇ ਸਾਬਕਾ ਚੇਅਰਮੈਨ ਤੇ ਐਮ ਐਲ ਏ ਸਵਰਗੀ ਗੁਰਬਿੰਦਰ ਸਿੰਘ ਅਟਵਾਲ ਦੇ ਸਪੁੱਤਰ ਰਾਜਪਾਲ ਸਿੰਘ ਅਟਵਾਲ ਨੇ ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਨੂੰ ਉਹਨਾਂ ਦੇ 117 ਵੇਂ ਜਨਮ ਦਿਨ ਤੇ ਯਾਦ ਕਰਦਿਆਂ ਦਿੱਲੀ ਵਿਖ਼ੇ ਉਹਨਾਂ ਦੀ ਸਮਾਰਕ 'ਤੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਅਟਵਾਲ ਨੇ ਕਿਹਾ ਕੇ ਬਾਬੂ ਜਗਜੀਵਨ ਰਾਮ ਇੱਕ ਮਿਹਨਤੀ ਤੇ ਦਲਿਤਾਂ ਦੀ ਭਲਾਈ ਲਈ ਹਮੇਸ਼ਾਂ ਯਤਨ ਕਰਦੇ ਰਹਿੰਦੇ ਸਨ ਅਤੇ ਉਹਨਾਂ ਨੇ ਆਪਣਾ ਸਾਰਾ ਜੀਵਨ ਦੇਸ਼ ਅਤੇ ਦਲਿਤਾਂ ਦੀ ਭਲਾਈ ਲਈ ਦੇ ਕੰਮਾਂ ਲਈ ਲਾ ਦਿੱਤਾ। ਇਸ ਮੌਕੇ ਉਹ ਬਾਬੂ ਜਗਜੀਵਨ ਰਾਮ ਦੀ ਲੜਕੀ ਸਾਬਕਾ ਡਿਪਟੀ ਸਪੀਕਰ ਮੀਰਾ ਕੁਮਾਰ ਨੂੰ ਵੀ ਮਿਲੇ। ਉਹਨਾਂ ਦੀ ਲੜਕੀ ਸਵਾਤੀ ਵੀ ਇਸ ਮੌਕੇ ਮੌਜੂਦ ਸੀ।

# ਮੋਦੀ ਸਰਕਾਰ ਖਿਲਾ.ਫ ਰੋਸ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ)-**ਅੱਜ ਆਮ ਆਦਮੀ ਪਾਰਟੀ ਜ਼ਿਲ੍ਹਾ ਇਕਾਈ ਜਲੰਧਰ ਵੱਲੋਂ ਅਰਵਿੰਦ ਕੇਜਰੀਵਾਲ ਕੌਮੀ ਕਨਵੀਨਰ ਆਮ ਆਦਮੀ ਪਾਰਟੀ ਦੇ ਹੱਕ 'ਚ ਸਮੂਹਿਕ ਵਰਤ ਰੱਖਿਆ ਗਿਆ ਜਿਸ ਵਿਚ ਮੋਦੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਵਰਤ ਸਵੇਰੇ 10:00 ਵਜੇ ਤੋਂ ਸ਼ੁਰੂ ਕੀਤਾ ਗਿਆ ਸੀ ਤੇ ਸ਼ਾਮ 4:00 ਵਜੇ ਸਮਾਪਤ ਹੋਇਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤ ਪਾਲ ਨੇ ਕਿਹਾ ਕਿ ਮੋਦੀ ਸਰਕਾਰ ਦੀ ਤਾਨਾਸ਼ਾਹੀ ਖਿਲਾਫ ਆਮ ਆਦਮੀ ਪਾਰਟੀ ਡੱਟ ਕੇ ਵਿਰੋਧ ਕਰੇਗੀ ਲੋਕ ਇਸ ਤਾਨਾਸ਼ਾਹੀ ਦਾ ਜਵਾਬ ਆਪਣੀ ਵੋਟ ਨਾਲ ਦੇਣਗੇ । ਇੱਕ ਇੱਕ ਵੋਟ ਇਸ ਤਾਨਾ ਸ਼ਾਹੀ ਦੇ ਖਿਲਾਫ ਪਵੇਗੀ ਤੇ ਆਮ ਆਦਮੀ ਪਾਰਟੀ 13 ਸੀਟਾਂ ਜਿੱਤ ਕੇ ਲੋਕਾਂ ਦੇ ਹੱਕ ਵਿੱਚ ਨਿੱਤਰੇਗੀ । ਇਸ ਮੌਕੇ ਸਰਦਾਰ ਬਲਕਾਰ ਸਿੰਘ ਲੋਕਲ ਬਾਡੀ ਮੰਤਰੀ ਸਥਾਨਕ ਸਰਕਾਰਾਂ ਪੰਜਾਬ, ਚੰਦਨ ਗਰੇਵਾਲ ਚੇਅਰਮੈਨ ਸਫਾਈ ਕਮਿਸ਼ਨ ਪੰਜਾਬ, ਰਮਨ ਅਰੋੜਾ ਐਮ ਐਲ ਏ ਜਲੰਧਰ ਸੈਂਟਰਲ, ਅੰਮ੍ਰਿਤ ਪਾਲ ਸਿੰਘ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਤੇ ਜ਼ਿਲ੍ਹਾ ਪ੍ਰਧਾਨ ਜਲੰਧਰ ਸ਼ਹਿਰੀ, ਸਟੀਫਨ ਕਲੇਰ ਜ਼ਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ, ਅਸ਼ਵਨੀ ਅਗਰਵਾਲ ਲੋਕ ਸਭਾ ਇੰਚਾਰਜ ਜਲੰਧਰ, ਦਿਨੇਸ਼ ਢੱਲ ਹਲਕਾ ਇੰਚਾਰਜ ਜਲੰਧਰ ਦੱਖਣੀ,ਗੁਰਿੰਦਰ ਸਿੰਘ ਜਮਸ਼ੇਰ ਜ਼ਿਲ੍ਹਾ ਸਕੱਤਰ ਜਲੰਧਰ ਸ਼ਹਿਰੀ, ਰਾਜਵਿੰਦਰ ਕੌਰ ਥਿਆੜਾ, ਸੰਜੀਵ ਭਗਤ ਜ਼ਿਲ੍ਹਾ ਮੀਡੀਆ ਇੰਚਾਰਜ ਜਲੰਧਰ, ਸੁਭਾਸ਼ ਭਗਤ ਚੇਅਰਮੈਨ, ਇੰਦਰਵੰਸ਼ ਚੱਢਾ, ਆਤਮ ਪ੍ਰਕਾਸ਼ ਸਿੰਘ ਬੱਬਲੂ ਸੂਬਾ ਜੁਆਇੰਟ ਸਕੱਤਰ, ਗੁਰਪ੍ਰੀਤ ਕੌਰ ਮਹਿਲਾ ਵਿੰਗ ਪ੍ਰਧਾਨ, ਸੁਭਾਸ਼ ਸ਼ਰਮਾ, ਜਸਕਰਨ ਸਿੰਘ ਸੋਸ਼ਲ ਮੀਡੀਆ ਇੰਚਾਰਜ, ਬਲਬੀਰ ਸਿੰਘ ਬਲਾਕ ਪ੍ਰਧਾਨ, ਗੁਰਨਾਮ ਸਿੰਘ ਜ਼ਿਲ੍ਹਾ ਵਾਈਸ ਪ੍ਰਧਾਨ ਐਸ ਸੀ ਵਿੰਗ, ਹਰਚਰਨ ਸਿੰਘ ਸੰਧੂ ਸੂਬਾ ਜੁਆਇੰਟ ਸਕੱਤਰ, ਭਾਰਤ ਭੂਸ਼ਣ ਕਾਕਾ, ਸ਼ਿਭੂ ਲਹੌਰੀਆ, ਸੁੱਖ ਸੰਧੂ, ਸੀਮਾ ਬੰਡਾਲਾ, ਮਿਸਸ ਸੋਢੀ ਤੇ ਹੋਰ ਦਰਜਾ ਬਦਜ਼ਾ ਆਹੁਦੇਦਾਰ ਤੇ ਵਲੰਟੀਅਰਜ਼ ਹਾਜਰ ਸਨ।

# ਬਲੱਡ ਬੈਂਕ ਨੇ ਮਨਾਇਆ ਵਿਸ਼ਵ ਸਿਹਤ ਦਿਵਸ

**ਫਗਵਾੜਾ ( ਡਾ. ਰਮਨ )** ਕੇ.ਕੇ. ਸਰਦਾਨਾ ਦੀ ਰਹਿਨੁਮਾਈ ਹੇਠ ਚਲਾਏ ਜਾ ਰਹੇ ਬਲੱਡ ਬੈਂਕ ਵਲੋਂ ਮਲਕੀਅਤ ਸਿੰਘ ਰਘਬੋਤਰਾ ਪ੍ਰਧਾਨ ਦੀ ਅਗਵਾਈ ਹੇਠ ਸ਼ਾਲਿਨੀ ਗਰੁਪ ਦੇ ਸਹਿਯੋਗ ਨਾਲ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਜਿਸਦਾ ਆਗਾਜ ਆਈ.ਐਮ.ਏ. ਫਗਵਾੜਾ ਦੇ ਸਾਬਕਾ ਪ੍ਰਧਾਨ ਡਾ. ਵਿਜੇ ਸ਼ਰਮਾ ਚਾਈਲਡ ਸਪੈਸ਼ਲਿਸਟ ਨੇ ਦੀਪ ਪ੍ਰਜਵੱਲਿਤ ਕਰਕੇ ਕੀਤਾ। ਉਹਨਾਂ ਆਪਣੇ ਸੰਦੇਸ਼ ਵਿਚ ਮਾਂ ਦੇ ਦੁੱਧ ਦੀ ਮਹੱਤਤਾ ਦੱਸਦੇ ਹੋਏ ਸਮੂਹ ਮਾਵਾਂ ਨੂੰ ਆਪਣੇ ਨਵਜੰਮੇ ਬੱਚਿਆਂ ਨੂੰ ਮਾਂ ਦਾ ਦੁੱਧ ਜਰੂਰ ਪਿਲਾਉਣ ਦੀ ਅਪੀਲ ਕੀਤੀ ਤਾਂ ਜੋ ਬੱਚਿਆਂ ਦੀ ਸਿਹਤ ਠੀਕ ਰਹੇ। ਮੁੱਖ ਬੁਲਾਰੇ ਵਜੋਂ ਪਹੁੰਚੇ ਡਾ. ਸ਼ਿਵਾਨੀ ਢੰਡ ਐਸੋਸੀਏਟ ਪ੍ਰੋਫੈਸਰ ਲਵਲੀ ਯੂਨੀਵਰਸਟੀ ਵਲੋਂ ਪ੍ਰੋਜੈਕਟਰ ਪ੍ਰਜੇਂਟੇਸ਼ਨ ਰਾਹੀਂ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕੀਤੇ। ਉਹਨਾਂ ਹਾਜਰੀਨ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਹੋਣ ਦਾ ਅਹਿਦ ਵੀ ਦਿਵਾਇਆ ਤੇ ਨਾਲ ਹੀ ਡੱਬਾ ਬੰਦ ਭੋਜਨ ਤੋਂ ਗੁਰੇਜ ਕਰਨ ਦੀ ਅਪੀਲ ਕੀਤੀ। ਸ਼ਾਲਨੀ ਗਰੁੱਪ ਫਗਵਾੜਾ ਦੇ ਵਿਦਿਆਰਥੀਆਂ ਨੇ ਇਸ ਸਮਾਗਮ ਨੂੰ ਬਹੁਤ ਹੀ ਲਾਹੇਵੰਦ ਦੱਸਿਆ ਤੇ ਇੰਚਾਰਜ ਮੋਨਿਕਾ ਨੇ ਸਮੂਹ ਹਾਜਰੀਨ ਦਾ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਰੇਸ਼ਮ ਚੰਦ, ਮੋਹਨ ਲਾਲ ਤਨੇਜਾ, ਲਸ਼ਕਰ ਸਿੰਘ ਲਿਖਾਰੀ, ਗੁਲਾਬ ਸਿੰਘ, ਬੀ.ਕੇ. ਪੁਰੀ, ਸੁਧਾ ਬੇਦੀ, ਵਿਸ਼ਵਾ ਮਿੱਤਰ ਸ਼ਰਮਾ, ਹਰਨਾਮ ਸਿੰਘ ਕਾਲੜਾ, ਸੰਤੋਖ ਚੰਦ ਬੱਗਾ, ਅਮਰਜੀਤ ਡਾਂਗ ਆਦਿ ਹਾਜਰ ਸਨ।

# ਆਮ ਵਰਕਰਾਂ ਦੇ ਹੌਸਲੇ ਤੋੜਨ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ : ਸਤਵੰਤ ਸਿਆਣ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-**ਜਿਸ ਤਰ੍ਹਾਂ ਭਾਜਪਾ ਦੇ ਇਸ਼ਾਰੇ 'ਤੇ ਦਿੱਲੀ ਅਤੇ ਝਾਰਖੰਡ ਦੇ ਮੁੱਖ ਮੰਤਰੀਆਂ ਨੂੰ ਜੇਲ੍ਹ ਭੇਜਿਆ ਗਿਆ, ਇਹ ਦੇਸ਼ ਵਿੱਚ ਤਾਨਾਸ਼ਾਹੀ ਦੀ ਸ਼ੁਰੂਆਤ ਹੈ। ਇਹ ਵਿਚਾਰ ਆਮ ਆਦਮੀ ਪਾਰਟੀ ਦੇ ਸੂਬਾ ਜੁਆਇੰਟ ਸਕੱਤਰ ਸਤਵੰਤ ਸਿੰਘ ਸਿਆਣ ਨੇ ਵਿਸ਼ੇਸ਼ ਪ੍ਰੈੱਸ ਵਾਰਤਾ ਦੌਰਾਨ ਪ੍ਰਗਟ ਕਰਦਿਆਂ ਕਿਹਾ ਕਿ ਭਾਜਪਾ ਦਾ ਇੱਕ ਨੁਕਾਤੀ ਪ੍ਰੋਗਰਾਮ ਦੇਸ਼ ਵਿੱਚੋਂ ਲੋਕਤੰਤਰ ਦਾ ਸਫਾਇਆ ਕਰਕੇ ਤਾਨਾਸ਼ਾਹੀ ਰਾਜ ਕਾਇਮ ਕਰਨਾ ਹੈ, ਇਸੇ ਤਹਿਤ ਹੀ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਆਮ ਵਰਕਰਾਂ ਦੇ ਹੌਸਲੇ ਤੋੜਨ ਦੀਆਂ ਸਾਜ਼ਿਸ਼ਾਂ ਕੀਤਿਆਂ ਜਾ ਰਹੀਆਂ ਹਨ । ਸਤਵੰਤ ਸਿੰਘ ਸਿਆਣ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਜੇਲ੍ਹ ਵਿੱਚ ਬੰਦ ਆਪ ਦੇ ਸੀਨੀਅਰ ਆਗੂ ਸੰਜੇ ਸਿੰਘ ਨੇ ਆਪਣੀ ਰਿਹਾਈ ਤੋਂ ਬਾਅਦ ਇਹ ਦਾਅਵਾ ਕੀਤਾ ਹੈ ਕਿ ਦਿੱਲੀ ਸ਼ਰਾਬ ਘੁਟਾਲਾ ਭਾਜਪਾ ਵੱਲੋਂ ਕੀਤਾ ਗਿਆ ਹੈ। ਇਸ ਘਪਲੇ ਵਿਚ ਭਾਜਪਾ ਦੇ ਕਈ ਵੱਡੇ ਆਗੂ ਸ਼ਾਮਲ ਹਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਾਜ਼ਿਸ਼ ਤਹਿਤ ਹੋਈ ਹੈ । ਆਪ ਆਗੂ ਸਤਵੰਤ ਸਿੰਘ ਸਿਆਣ ਨੇ ਕਿਹਾ ਕਿ ਉਹ ਹੋਰ ਮੁੱਖ ਮੰਤਰੀਆਂ ਨੂੰ ਜੇਲ੍ਹ ਭੇਜਣ ਦੀ ਤਿਆਰੀ ਕਰ ਰਹੇ ਹਨ। ਇਹ ਦੇਸ਼ ਵਿਚ ਲੋਕਤੰਤਰ ਅਤੇ ਸੰਵਿਧਾਨ ਲਈ ਬਹੁਤ ਖਤਰਨਾਕ ਹੈ ਅਤੇ ਸਾਨੂੰ ਇਸ ਖਿਲਾਫ ਲੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਨੇ ਬ੍ਰਿਟਿਸ਼ ਸ਼ਾਸਕਾਂ ਵਿਰੁੱਧ ਲੜਾਈ ਲੜੀ ਕਿਉਂਕਿ ਉਸ ਸਮੇਂ ਬੋਲਣ ਅਤੇ ਰਹਿਣ ਦੀ ਆਜ਼ਾਦੀ ਨਹੀਂ ਸੀ। ਉਨ੍ਹਾਂ ਦਾਅਵਾ ਕੀਤਾ ਕਿ ਆਜ਼ਾਦੀ ਦੇ 77 ਸਾਲਾਂ ਬਾਅਦ ਵੀ ਹੁਣ ਉਹੀ ਸਥਿਤੀ ਪੈਦਾ ਹੋ ਗਈ ਹੈ। ਇਸ ਸਥਿਤੀ ਤੋਂ ਅੱਕੇ ਹੋਏ ਲੋਕਾਂ ਨੇ ਹੁਣ ਆਉਂਦੀਆਂ ਚੋਣਾਂ ਵਿੱਚ ਸਬਕ ਸਿਖਾਉਣ ਦਾ ਮਨ ਬਣਾ ਲਿਆ ਹੈ।

# ਜਠੇਰੇ ਦੁੱਗਲਾਂ ਹਦੀਆਬਾਦ ਵਿਖੇ ਪਿਤਰ ਪੂਜਨ ਨਾਲ ਸਾਲਾਨਾ ਜੋੜ ਮੇਲਾ ਹੋਇਆ ਸੰਪੰਨ

**ਫਗਵਾੜਾ (ਡਾ. ਰਮਨ )** ਜਠੇਰੇ ਦੁੱਗਲਾਂ ਵੈਲਫੇਅਰ ਸੁਸਾਇਟੀ (ਰਜਿ.) ਹਦੀਆਬਾਦ ਫਗਵਾੜਾ ਵੱਲੋਂ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਦੂਸਰੇ ਦਿਨ ਐਤਵਾਰ ਸਵੇਰੇ ਹਵਨ ਯੱਗ ਉਪਰੰਤ ਬ੍ਰਹਮਲੀਨ ਸ਼੍ਰੀ ਸਵਾਮੀ ਗੰਗਾਨੰਦ ਪਰਵਤ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਬ੍ਰਹਮਚਾਰੀ ਦੀਪ ਚੈਤੰਨਿਆ ਮਹਾਰਾਜ ਨੇ ਰਾਮਚਰਿਤਮਾਨਸ ਦੇ ਅਖੰਡ ਪਾਠ ਦਾ ਭੋਗ ਪਾਇਆ। ਉਪਰੰਤ ਵੱਡੇ ਵਢੇਰਿਆਂ ਦਾ ਸਨਮਾਨ ਅਤੇ ਪ੍ਰਵਚਨ ਦਾ ਪ੍ਰੋਗਰਾਮ ਹੋਇਆ। ਮਹਿਲਾਵਾਂ ਦੀ ਮੰਡਲੀ ਨੇ ਭਜਨ ਕੀਰਤਨ ਕੀਤਾ।

ਇਸ ਦੌਰਾਨ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਪੁੱਜੇ। ਉਹਨਾਂ ਨੇ ਹਾਜਰੀਨ ਨੂੰ ਸਾਲਾਨਾ ਸਮਾਗਮ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਭਾਰਤ ਵਿੱਚ ਮਨਾਏ ਜਾਂਦੇ ਸਾਰੇ ਉਤਸਵ ਕੋਈ ਨਾ ਕੋਈ ਸੰਦੇਸ਼ ਦਿੰਦੇ ਹਨ। ਸਾਡੇ ਪੁਰਖਿਆਂ ਨੂੰ ਸਮਰਪਿਤ ਇਹ ਦਿਨ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਸਾਨੂੰ ਆਪਣੇ ਘਰ ਦੇ ਬਜ਼ੁਰਗਾਂ ਦਾ ਨਾ ਸਿਰਫ ਜੀਉਂਦੇ ਜੀਅ ਸਤਿਕਾਰ ਕਰਨਾ ਚਾਹੀਦਾ ਹੈ ਬਲਕਿ ਪਰਲੋਕ ਚਲੇ ਜਾਣ ਤੋਂ ਬਾਅਦ ਵੀ ਸਾਨੂੰ ਉਨ੍ਹਾਂ ਦੇ ਨਾਂਅ 'ਤੇ ਦਾਨ-ਪੁੰਨ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਪੁਰਖਿਆਂ ਦੇ ਕਾਰਨ ਨਾਲ ਹੀ ਸਾਡੀ ਹੋਂਦ ਹੈ।

ਸੁਸਾਇਟੀ ਦੇ ਪ੍ਰਧਾਨ ਜੈ ਦੇਵ ਦੁੱਗਲ ਨੇ ਪ੍ਰੋਗਰਾਮ ਦੀ ਸਫ਼ਲਤਾ ਹਿਤ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕੀਤਾ। ਭੰਡਾਰੇ ਦੀ ਸੇਵਾ ਅਤੁੱਟ ਵਰਤਾਈ ਗਈ।

ਇਸ ਮੌਕੇ ਐਨ.ਆਰ.ਆਈ. ਅਸ਼ਵਨੀ ਦੁੱਗਲ ਜਰਮਨ, ਦੀਪਕ ਦੁੱਗਲ, ਮੰਗਾ ਦੁੱਗਲ, ਰਾਕੇਸ਼ ਦੁੱਗਲ, ਅਨੂ ਦੁੱਗਲ, ਅਨਿਰੁਧ ਕੁਮਰਾ, ਸੰਜੇ ਗਰੋਵਰ, ਸੰਜੇ ਦੁੱਗਲ ਈਸ਼ੂ ਦੁੱਗਲ, ਪ੍ਰਭਾਤ ਦੁੱਗਲ, ਰਣਬੀਰ ਦੁੱਗਲ, ਨਰੇਸ਼ ਕੁਮਾਰ, ਪ੍ਰਮੋਦ ਦੁੱਗਲ, ਬਾਊ ਦੁੱਗਲ, ਅਜੈ ਦੁੱਗਲ, ਬਲਰਾਜ ਦੁੱਗਲ, ਸੁਨੀਲ ਦੁੱਗਲ, ਅਚਾਰੀਆ ਅਨਿਲ ਭਾਰਦਵਾਜ, ਪ੍ਰਭਾਤ ਦੁੱਗਲ, ਕਮਲ ਦੁੱਗਲ, ਲੱਕੀ ਦੁੱਗਲ, ਲਲਿਤ ਦੁੱਗਲ, ਹਰਜੀਤ ਦੁੱਗਲ, ਪ੍ਰਦੀਪ ਸ਼ਰਮਾ, ਸੌਰਵ ਦੁੱਗਲ, ਬੌਬੀ ਦੁੱਗਲ, ਈਸ਼ਾਨ ਦੁੱਗਲ, ਆਦਿਤਿਆ ਸ਼ਰਮਾ, ਸੁਖਦੇਵ, ਪ੍ਰਮੋਦ ਦੁੱਗਲ ਸਮੇਤ ਦੁੱਗਲ ਤੇ ਭਾਰਦਵਾਜ ਪਰਵਾਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਾਲਾਨਾ ਚੌਂਕੀ 'ਚ ਭਜਨ ਗਾਇਕ ਸੁਲਤਾਨਵੀ ਨੇ ਸਰੋਤੇ ਕੀਤੇ ਮੰਤਰਮੁਗਧ



**ਸੁਲਤਾਨਪੁਰ ਲੋਧੀ, ( ਹਨੀ )** ਬਾਬਾ ਪੌਣਹਾਰੀ ਸੇਵਾਦਲ ਸੁਲਤਾਨਪੁਰ ਲੋਧੀ ਵੱਲੋਂ ਬਾਬਾ ਬਾਲਕ ਨਾਥ ਜੀ ਦੀ ਤੀਸਰੀ ਸਲਾਨਾ ਚੌਂਕੀ ਦਾ ਆਯੋਜਨ ਮੁਹੱਲਾ ਅਰੋੜਾ ਰਸਤਾ ਵਿਖੇ ਬੜੀ ਧੂਮਧਾਮ ਤੇ ਸ਼ਰਧਾ ਭਾਵਨਾ ਨਾਲ ਕੀਤਾ ਗਿਆ । ਇਸ ਦੌਰਾਨ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਰਵਿੰਦਰਪਾਲ ਸ਼ੁਭ ਵਿਸ਼ੇਸ਼ ਤੌਰ 'ਤੇ ਬਾਬਾ ਜੀ ਦਾ ਆਸ਼ੀਰਵਾਦ ਲੈਣ ਲਈ ਸੰਗਤ ਵਿੱਚ ਸ਼ਾਮਲ ਹੋਏ । ਧਾਰਮਿਕ ਸਮਾਗਮ ਦਾ ਆਗਾਜ਼ ਉੱਘੇ ਭਜਨ ਗਾਇਕ ਰਜਿੰਦਰ ਸੁਲਤਾਨਵੀ ਨੇ ਮਾਂ ਸਰਸਵਤੀ ਦੀ ਅਰਾਧਨਾ ਅਤੇ ਗਣੇਸ਼ ਵੰਦਨਾ ਨਾਲ ਕੀਤਾ । ਉਪਰੰਤ ਸੁਲਤਾਨਵੀ ਨੇ ਆਪਣੀ ਸੁਰੀਲੀ ਆਵਾਜ਼ 'ਚ ਪੌਣਹਾਰੀ ਦੇ ਭਜਨਾ ਰਾਹੀਂ ਹਾਜਰੀਨ ਨੂੰ ਮੰਤਰਮੁਗਧ ਕੀਤਾ । ਇਸ ਮੌਕੇ ਕੌਂਸਲਰ ਅਸ਼ੋਕ ਕੁਮਾਰ ਮੋਗਲਾ ਸਾਬਕਾ ਪ੍ਰਧਾਨ ਨਗਰ ਕੌਂਸਲ, ਜਤਿੰਦਰ ਲਹੌਰਾ, ਕੌਂਸਲਰ ਪੂਜਾ ਰਾਣੀ, ਯੋਗੇਸ਼ ਲਹੌਰਾ, ਵਿਪਨ ਨਾਹਰ, ਵਰਿੰਦਰ ਸਲਪੋਨਾ ਜੈ ਮਾਂ ਮਿਸ਼ਨ, ਜਤਿੰਦਰ ਸੇਠੀ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ, ਅਕਾਸ਼ਦੀਪ ਸਿੰਘ ਪ੍ਰਧਾਨ ਜ਼ਿਲ੍ਹਾ ਯੂਥ ਵਿੰਗ ਆਪ, ਕਮਲਪ੍ਰੀਤ ਸਿੰਘ ਬਲਾਕ ਪ੍ਰਧਾਨ ਆਪ, ਲਵਪ੍ਰੀਤ ਸਿੰਘ ਪੀ ਏ, ਸੁਰਿੰਦਰ ਅਰੋੜਾ, ਰਿੰਕੂ ਕੁਮਾਰ, ਡਿੰਪਲ ਅਰੋੜਾ, ਅਸ਼ਵਨੀ ਅਰੋੜਾ, ਅਮਿਤਾਭ ਸੇਠੀ, ਸਤਪਾਲ ਅਰੋੜਾ ਪ੍ਰਧਾਨ ਕਰਿਆਨਾ ਯੂਨੀਅਨ, ਆਸ਼ੂ ਗੁਜਰਾਲ, ਗੁਲਸ਼ਨਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਸੁੱਚਾ ਸਿੰਘ, ਸੰਨੀ ਸਹੋਤਾ, ਸੰਨੀ ਕੁਮਾਰ, ਵਿਨੇ ਸਹੋਤਾ, ਜਿੰਦੀ ਸਹੋਤਾ, ਇਕਬਾਲ ਸਿੰਘ ਪਾਲਾ, ਰੋਹਿਤ ਨਾਹਰ, ਵਿੱਕੀ ਨਾਹਰ, ਸਤਪਾਲ ਸਾਗਰ, ਧਰਮਿੰਦਰ ਸ਼ਰਮਾ, ਜਸਪਾਲ ਸਿੰਘ ਚੰਦੀ, ਕੁਲਦੀਪ ਸ਼ਰਮਾ, ਮੁਲਖਰਾਜ, ਰਾਜ ਕੁਮਾਰ ਰਾਜੂ, ਅਜੇ ਅਸਲਾ, ਵਿਪੁਲ ਚੌਹਾਨ, ਕਰਨ ਚੌਹਾਨ, ਕੁਲਦੀਪ ਚੌਹਾਨ, ਬਲਜੀਤ ਦੱਤ, ਚੰਦਰ ਸ਼ੇਖਰ ਸੇਠੀ, ਰਾਹੁਲ ਨਾਹਰ, ਲਖਨ ਲਹੌਰਾ, ਸੁਦੇਸ਼ ਸਹੋਤਾ, ਰਜਿੰਦਰ ਸਹੋਤਾ, ਰਮੇਸ਼ ਸਹੋਤਾ, ਸੰਜੀਵ ਨਾਹਰ, ਸੋਨੂੰ ਸਾਗਰ, ਧਰਮਿੰਦਰ ਸਾਗਰ, ਸਾਵਨ ਨਾਹਰ, ਰਵੀ ਭੱਟੀ, ਰਾਜੂ ਭੱਟੀ, ਸੋਨੂੰ ਸੇਠੀ, ਸੁਖਦੇਵ ਰਾਜ ਆਦਿ ਵੱਡੀ ਗਿਣਤੀ ਵਿੱਚ ਬਾਬਾ ਪੌਣਹਾਰੀ ਦੇ ਭਗਤ ਹਾਜਰ ਸਨ ।

# ਮਾਇਨਿੰਗ ਤੇ ਕਰੈਸ਼ਰਾਂ ਖ਼ਿਲਾ.ਫ ਲੋਕਾਂ ਵੱਲੋਂ ਅਮਰੋਹ 'ਚ ਇਕੱਤਰਤਾ



**ਤਲਵਾੜਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-**ਤਲਵਾੜਾ ਖੇਤਰ ਵਿਚ ਕਥਿਤ ਖੁਦਾਈ ਦਾ ਸਿਲਸਿਲਾ ਜਾਰੀ ਹੈ। ਲੰਘੇ ਦੋ ਦਿਨਾਂ ਵਿਚ ਪਿੰਡ ਢੁਲਾਲ ਅਤੇ ਜੰਡੋਰ ਹਾਰ ਦੇ ਵਿਚ ਪਿੰਡ ਬਰਿੰਗਲੀ ਦੀ ਜ਼ਮੀਨ 'ਤੇ ਖਣਨ ਮਾਫੀਆ ਨੇ ਤਾਜ਼ਾ ਖੁਦਾਈ ਕੀਤੀ ਹੈ। ਉਧਰ ਸੁਖਚੈਨਪੁਰ ਵਿਚ ਲਗਾਏ ਜਾ ਰਹੇ ਇਕ ਹੋਰ ਕਰੱਸ਼ਰ ਖ਼ਿਲਾਫ਼ ਲੋਕਾਂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਸਥਾਨਕ ਲੋਕਾਂ ਨੇ ਖੇਤਰ ਵਿਚ ਕਥਿਤ ਮਾਇਨਿੰਗ ਕਾਰੋਬਾਰ ਅਤੇ ਖੋਲ੍ਹੇ ਜਾ ਰਹੇ ਕਰੱਸ਼ਰਾਂ ਖ਼ਿਲਾ.ਫ ਅਵਾਜ਼ ਉਠਾਉਣ ਦੇ ਤਹਿਤ ਪਿੰਡ ਅਮਰੋਹ ਵਿਖੇ ਦੇਰ ਸ਼ਾਮ ਵਿਸ਼ਾਲ ਇਕੱਠ ਕੀਤਾ। ਨੇੜਲੇ ਕਰੀਬ ਅੱਧੀ ਦਰਜਨ ਪਿੰਡਾਂ ਦੇ ਲੋਕ ਸ਼ਾਮਲ ਹੋਏ। ਮਾਸਟਰ ਧਰਮ ਸਿੰਘ, ਸਰਪੰਚ ਅਸ਼ਵਨੀ ਕੁਮਾਰ ਰਾਮਗੜ੍ਹ ਸੀਕਰੀ, ਬਲਾਕ ਸੰਮਤੀ ਮੈਂਬਰ ਨਰੇਸ਼ ਕੁਮਾਰ, ਪੈਨਸ਼ਨਰ ਆਗੂ ਸ਼ਿਵ ਕੁਮਾਰ ਅਮਰੋਹੀ, ਸਾਬਕਾ ਸਰਪੰਚ ਜੀਤ ਰਾਮ ਬਰਿੰਗਲੀ ਨੇ ਪ੍ਰਧਾਨਗੀ ਕੀਤੀ।ਇਕੱਠ ਵਿਚ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਸਕੱਤਰ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਸਿੰਬਲੀ, ਭਾਜਪਾ ਦੇ ਯੁਵਾ ਆਗੂ ਅੰਕਿਤ ਰਾਣਾ, ਵਾਤਾਵਰਣ ਬਚਾਓ ਸੰਘਰਸ਼ ਕਮੇਟੀ ਮੰਡ ਸਨੌਰ (ਹਿ.ਪ੍ਰ) ਤੋਂ ਕੁਲਦੀਪ ਸਿੰਘ, ਸੁਰਿੰਦਰ ਸਿੰਘ ਅਤੇ ਵਿਜੇ ਕੁਮਾਰ ਨੇ ਵੀ ਸ਼ਿਰਕਤ ਕੀਤੀ। ਬੁਲਾਰਿਆਂ ਨੇ ਕੰਢੀ ਦੇ ਹਰੇ ਭਰੇ ਖੇਤਰ ਨੂੰ ਸਾਜ਼ਿਸ਼ ਤਹਿਤ ਪਿਛਲੇ ਕੁਝ ਸਮੇਂ ਤੋਂ ਗੰਧਲੀ ਸਿਆਸਤ ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਮਾਫੀਆ ਦੀ ਮਿਲੀਭੁਗਤ ਨਾਲ ਤਹਿਸ ਨਹਿਸ ਕਰਨ ਦੇ ਦੋਸ਼ ਲਗਾਏ। ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਪੰਜਾਬ ਦੇ ਫੇਫੜੇ ਦੱਸਦਿਆਂ ਉਨ੍ਹਾਂ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਨੂੰ ਘਾਤਕ ਦੱਸਿਆ ਅਤੇ ਸਮੇਂ ਰਹਿੰਦਿਆਂ ਇਸ ਨੂੰ ਬੰਦ ਨਾ ਕਰਨ 'ਤੇ ਭਿਆਨਕ ਸਿੱਟੇ ਭੁਗਤਣ ਦੀ ਚਿੰਤਾ ਜ਼ਾਹਰ ਕੀਤੀ। ਨੌਜਵਾਨ ਆਗੂ ਮਨੋਜ ਧੀਮਾਨ, ਸਾਹਿਲ ਠਾਕੁਰ ਉਰਫ਼ ਸ਼ਵੀ, ਨੀਰਜ ਸ਼ਰਮਾ, ਆਰ ਕੇ ਸ਼ਰਮਾ, ਕੈਪਟਨ ਜੋਗਿੰਦਰ ਸਿੰਘ ਮੰਗੂ ਮੈਰਾ ਸਵਾਂ ਦਰਿਆ ਨੇ ਦੱਸਿਆ ਕਿ ਪਿਛਲੇ ਦੋ ਦਿਨਾਂ ਵਿਚ ਖਣਨ ਮਾਫੀਆ ਨੇ ਪਿੰਡ ਢੁਲਾਲ ਅਤੇ ਜੰਡੋਰ ਹਾਰ ਵਿਖੇ ਰਿਹਾਇਸ਼ੀ ਆਬਾਦੀ ਕੋਲੋਂ ਜ਼ਮੀਨ ਪੁੱਟ ਲਈ ਹੈ। ਸੁਖਚੈਨਪੁਰ ਵਿਖੇ ਇਕ ਹੋਰ ਕਰੱਸ਼ਰ ਲਾਉਣ ਦੀ ਪ੍ਰਸ਼ਾਸਨ ਨੇ ਮਨਜ਼ੂਰੀ ਦੇ ਦਿੱਤੀ ਹੈ। ਪਿੰਡ ਵਿਚ ਨਿਯਮਾਂ ਤੋਂ ਉਲਟ ਪਹਾੜਾਂ ਦੀ ਪੁਟਾਈ ਕੀਤੀ ਜਾ ਰਹੀ ਹੈ। ਵਾਤਾਵਰਨ ਪੱਖੋਂ ਬੇਹੱਦ ਸੰਵੇਦਨਸ਼ੀਲ ਖੇਤਰ ਵਿਚ ਸਰਕਾਰ ਲਗਾਤਾਰ ਕਰੱਸ਼ਰਾਂ ਨੂੰ ਲਾਉਣ ਦੀ ਪ੍ਰਵਾਨਗੀ ਦੇ ਰਹੀ ਹੈ, ਜਦਕਿ ਜੰਗਲਾਤ ਦੀ ਦਫ਼ਾ 4/5 ਅਧੀਨ ਆਉਂਦੇ ਜ਼ਿਆਦਾਤਰ ਰਕਬੇ ਵਿਚ ਕੋਈ ਖੱਡ ਸਰਕਾਰ ਵੱਲੋਂ ਮਨਜ਼ੂਰ ਨਹੀਂ ਹੈ। ਬੁਲਾਰਿਆਂ ਦੱਸਿਆ ਕਿ ਇਸ ਵਕਤ ਖੇਤਰ ਵਿਚ ਚਲਦੇ ਅੱਧੀ ਦਰਜਨ ਤੋਂ ਵੱਧ ਸਟੋਨ ਕਰੱਸ਼ਰ ਆਪਣੇ ਕੱਚੇ ਮਾਲ ਦਾ ਸਰੋਤ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਜਾਂ ਹਰਿਆਣਾ ਆਦਿ ਤੋਂ ਮੰਗਵਾਉਣ ਦਾ ਦਾਅਵਾ ਕਰਦੇ ਹਨ। ਪਿਛਲੇ ਦਿਨੀਂ ਸਵਾਂ ਦਰਿਆ ਵਿਚ ਪਿੰਡ ਪਲਾਹੜ ਦੀ ਪੰਚਾਇਤੀ ਜ਼ਮੀਨ 'ਤੇ ਕੀਤੀ ਖੁਦਾਈ ਖ਼ਿਲਾ.ਫ ਭਾਵੇਂ ਲੋਕਾਂ ਦੇ ਦਬਾਅ ਤੋਂ ਬਾਅਦ ਮਾਇਨਿੰਗ ਵਿਭਾਗ ਨੇ ਸੌਰਵ ਕੰਕਰੀਟ ਨਾਮਕ ਕਰੱਸ਼ਰ 'ਤੇ ਮਾਮਲਾ ਦਰਜ ਕੀਤਾ ਸੀ, ਪਰ ਅਜੇ ਤੱਕ ਅੱਗੇ ਕੋਈ ਕਾਰਵਾਈ ਨਹੀਂ ਹੋਈ। ਹਾਜ਼ਰ ਲੋਕਾਂ ਨੇ ਪਿੰਡ ਸੁਖਚੈਨਪੁਰ ਵਿਖੇ ਲੱਗ ਰਹੇ ਨਵੇਂ ਕਰੱਸ਼ਰ ਨੂੰ ਤੁਰੰਤ ਬੰਦ ਕਰਨ ਅਤੇ ਇਤਰਾਜ਼ਹੀਣਤਾ ਸਰਟੀਫਿਕੇਟ ਰੱਦ ਕਰਨ ਦੀ ਮੰਗ ਕਰਦਿਆਂ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ ਕੀਤਾ। ਇਸ ਮੌਕੇ ਆਗੂਆਂ ਚੇਤਾਵਨੀ ਦਿੱਤੀ ਕਿ ਖੇਤਰ ਵਿਚ ਚਲਦੇ ਕਰੱਸ਼ਰਾਂ ਅਤੇ ਖਣਨ ਖ਼ਿਲਾ.ਫ ਜਥੇਬੰਦਕ ਅਤੇ ਕਾਨੂੰਨੀ ਸੰਘਰਸ਼ ਆਰੰਭਣ ਦਾ ਐਲਾਨ ਕੀਤਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਮਲਕੀਤ ਮਿਨਹਾਸ, ਰਾਜੇਸ਼ ਸੁਖਚੈਨਪੁਰ ਆਦਿ ਨੇ ਵੀ ਸੰਬੋਧਨ ਕੀਤਾ।

# ਜਸ਼ਨਦੀਪ ਕੌਰ ਨੂੰ ਪਹਿਲਾ ਸਥਾਨ ਪ੍ਰਾਪਤ



**ਕੁਰਾਲੀ (ਮੋਹਨ ਅਗਰਵਾਲ)-** ਪੰਜਾਬ ਦੇ ਸਾਰੇ ਹੀ ਸਕੂਲਾਂ ਵਿੱਚ ਹੋਰ ਵਿਸ਼ਿਆਂ ਦੀ ਸਿੱਖਿਆ ਦੇ ਨਾਲ-ਨਾਲ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣੀ ਵੀ ਲਾਜ਼ਮੀ ਹੈ ਤਾਂ ਜੋ ਉਹ ਆਪਣੇ ਧਰਮ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਸਮਝਣ ਦੇ ਯੋਗ ਬਣ ਸਕਣ। ਇਸ ਗੱਲ ਦਾ ਪ੍ਰਗਟਾਵਾ ਭਾਈ ਹਰਵਿੰਦਰ ਸਿੰਘ ਮਸਤਾਨ ਨੇ ਅੱਜ ਉਸ ਮੌਕੇ ਕੀਤਾ ਜਦੋਂ ਉਨ੍ਹਾਂ ਤੋਂ ਧਾਰਮਿਕ ਸਿੱਖਿਆ ਦੀ ਸੰਥਿਆ ਲੈਣ ਵਾਲੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਜ਼ਿਲ੍ਹਾ ਮੁਹਾਲੀ ਦੀ ਬਾਰ੍ਹਵੀਂ ਜਮਾਤ ਦੀ ਗੁਰਸਿੱਖ ਵਿਦਿਆਰਥਣ ਜਸ਼ਨਦੀਪ ਕੌਰ ਨੇ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚ ਹੋਏ ਧਾਰਮਿਕ ਵਿਸ਼ੇ ਦੇ ਪੇਪਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਜਸ਼ਨਪ੍ਰੀਤ ਕੌਰ ਇੱਕ ਹੋਣਹਾਰ ਵਿਦਿਆਰਥਣ ਹੈ ਤੇ ਧਾਰਮਿਕ ਸਮਾਗਮਾਂ ਵਿੱਚ ਹਮੇਸ਼ਾ ਵਧ ਚੜ੍ਹ ਕੇ ਹਿੱਸਾ ਲੈਂਦੀ ਹੈ। ਕਵਿਤਾਵਾਂ, ਸ਼ਬਦ, ਗੁਰਬਾਣੀ ਦੇ ਨਾਲ ਨਾਲ ਉਹ ਹੋਰ ਗਤੀਵਿਧੀਆਂ ਵਿੱਚ ਵੀ ਸ਼ਾਮਲ ਹੁੰਦੀ ਹੈ।ਪਿਛਲੇ ਦਿਨੀਂ ਪੰਜਾਬ ਦੇ ਵੱਖ ਵੱਖ ਸਕੂਲਾਂ ਵਿਚ ਬੱਚਿਆਂ ਦੇ ਧਾਰਮਿਕ ਵਿਸ਼ੇ ਦੇ ਪੇਪਰਾਂ ਦੀ ਪ੍ਰੀਖਿਆ ਹੋਈ, ਜਿਸ ਵਿਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿੱਚ ਪੜ੍ਹਨ ਵਾਲੀ ਬਾਰ੍ਹਵੀਂ ਜਮਾਤ ਦੀ ਗੁਰਸਿੱਖ ਵਿਦਿਆਰਥਣ ਜਸ਼ਨਦੀਪ ਕੌਰ ਨੇ ਪਹਿਲ਼ਾ ਸਥਾਨ ਪ੍ਰਾਪਤ ਕੀਤਾ ਹੈ। ਬੱਚੀ ਦੇ ਪਰਵਾਰਕ ਮੈਂਬਰਾਂ ਵੱਲੋਂ ਖਾਲਸਾ ਸਕੂਲ ਦੇ ਪ੍ਰਿੰਸੀਪਲ ਕੰਵਲਜੀਤ ਸਿੰਘ, ਮੈਡਮ ਮਨਜੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।ਇਸ ਤੋਂ ਇਲਾਵਾ ਕੋਚ ਹਰਵਿੰਦਰ ਸਿੰਘ ਮਸਤਾਨ ਨੂੰ ਵੀ ਵਧਾਈਆਂ ਦਿੱਤੀਆਂ ਗਈਆਂ ਜਿਨ੍ਹਾਂ ਦੀ ਸਰਪ੍ਰਸਤੀ ਹੇਠ ਇਲਾਕੇ ਦੇ ਪਿੰਡਾਂ ਦੇ ਬਹੁਤ ਸਾਰੇ ਬੱਚੇ ਅੱਜ ਵੀ ਉਨ੍ਹਾਂ ਕੋਲ ਗਤਕਾ, ਗੁਰਬਾਣੀ, ਕਵਿਤਾਵਾਂ ਅਤੇ ਘੋੜਸਵਾਰੀ ਆਦਿ ਦੀ ਸਿੱਖਿਆ ਲੈਣ ਲਈ ਆਉਂਦੇ ਹਨ। ਮੇਜਰ ਦਾ ਵਿਹੜਾ ਦੇ ਹੋਰ ਸਿਖਿਆਰਥੀਆਂ ਵੱਲੋਂ ਵੀ ਜਸ਼ਨਦੀਪ ਕੌਰ ਨੂੰ ਵਧਾਈਆਂ ਦਿੱਤੀਆਂ ਗਈਆਂ। ਭਾਈ ਮਸਤਾਨ ਸਿੰਘ ਜੋ ਕਿ ਕੁਰਾਲੀ ਨੇੜਲੇ ਪਿੰਡ ਫਤਹਿਗੜ੍ਹ ਵਿਖੇ ਮੇਜਰ ਦਾ ਵਿਹੜਾ ਵਿੱਚ ਸਵ. ਸੁਖਜਿੰਦਰ ਸਿੰਘ ਮਾਵੀ ਦੇ ਇਸ ਸੰਸਾਰ ਤੋਂ ਕੂਚ ਕਰ ਜਾਣ ਤੋਂ ਬਾਅਦ ਨਿਰੰਤਰ ਸੇਵਾ ਨਿਭਾ ਰਹੇ ਹਨ। ਜਿੱਥੇ ਕਿ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਅਤੇ ਹੋਰ ਬਹੁਤ ਸਾਰੇ ਸਮਾਜਸੇਵੀ ਕੰਮ ਕੀਤੇ ਜਾ ਰਹੇ ਹਨ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਸੰਬੰਧੀ ਵਰਤ ਰੱਖ ਕੇ ਰੋਸ ਪ੍ਰਦਰਸ਼ਨ



ਮੁੱਖ ਚੌਕ ਵਿੱਚ ਵਰਤ 'ਤੇ ਬੈਠੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ।

**ਮੋਗਾ (ਇਕਬਾਲ ਸਿੰਘ ਖਹਿਰਾ)**

ਆਮ ਆਦਮੀ ਪਾਰਟੀ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਹਰਮਨਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਮੋਗਾ ਦੇ ਮੁੱਖ ਚੌਕ ਵਿਖੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਆਗੂਆਂ ਤੇ ਵਰਕਰਾਂ ਵੱਲੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਇੱਕ ਦਿਨਾ ਵਰਤ ਰੱਖਿਆ ਗਿਆ। ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਬਰਾੜ ਮੰਡੀ ਬੋਰਡ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ ਡਾਇਰੈਕਟਰ ਅਜੈ ਸ਼ਰਮਾ, ਰਿੰਪੀ ਗਰੇਵਾਲ, ਲਵਲੀ ਸਿੰਗਲਾ, ਦਰਸ਼ਨ ਕੌਰ ਬਰਾੜ ਨੇ ਕਿਹਾ ਕਿ ਜਦੋਂ ਦੇਸ ਵਿੱਚ ਲੋਕਤੰਤਰ ਦੀ ਕਤਲ ਹੁੰਦਾ ਹੈ ਤਾਂ ਦੇਸ਼ ਵਾਸੀ ਹੋਣ ਦੇ ਨਾਤੇ ਸਾਡਾ ਮੁੱਢਲਾ ਫ਼ਰਜ਼ ਹੈ ਕਿ ਅਸੀਂ ਇਸ ਖ਼ਿਲਾਫ਼ ਅਵਾਜ਼ ਬੁਲੰਦ ਕਰੀਏ। ਉਨ੍ਹਾਂ ਕਿਹਾ ਕਿ ਬੜੇ ਅਫ਼ਸੋਸ ਦੀ ਗੱਲ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਆਪਣੀਆਂ ਵਿਰੋਧੀ ਪਾਰਟੀਆਂ ਨੂੰ ਦਬਾਉਣ ਲਈ ਏਜੰਸੀਆਂ ਰਾਹੀਂ ਆਮ ਆਦਮੀ ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਜੋ ਲੋੜਵੰਦ ਬੱਚਿਆਂ ਨੂੰ ਮਿਆਰੀ ਸਿੱਖਿਆ, ਆਮ ਲੋਕਾਂ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਯਤਨਸ਼ੀਲ ਹਨ, ਨੂੰ ਕਥਿਤ ਤੌਰ 'ਤੇ ਝੂਠਾ ਕੇਸ ਦਰਜ ਕਰਕੇ ਜੇਲ੍ਹ ਵਿੱਚ ਡੱਕ ਕੇ ਆਪਣੀ ਤਾਨਾਸ਼ਾਹੀ ਦਾ ਸਬੂਤ ਦੇ ਰਹੇ ਹਨ, ਜੋ ਦੇਸ਼ ਦੇ ਲੋਕਤੰਤਰ ਲਈ ਅਤਿਅੰਤ ਮੰਦਭਾਗਾ ਹੈ।

# ਕਿਤਾਬਾਂ ਬਿਨਾਂ ਕਿਵੇਂ ਪੜ੍ਹਨਗੇ ਪਾੜ੍ਹੇ : ਡੀ ਟੀ ਐੱਫ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ 1 ਅਪ੍ਰੈਲ ਨੂੰ ਕਿਤਾਬਾਂ ਪੁਚਾਉਣ ਦੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ।ਸਕੂਲ ਸਿੱਖਿਆ ਵਿਭਾਗ ਵੱਲੋਂ ਹਾਲੇ ਤੱਕ ਪਹਿਲੀ, ਤੀਜੀ ਤੇ ਚੌਥੀ ਜਮਾਤ ਦੀ ਇੱਕ-ਇੱਕ ਤੇ ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਦੀਆਂ ਸਿਰਫ ਤਿੰਨ-ਤਿੰਨ ਕਿਤਾਬਾਂ ਹੀ ਸਕੂਲਾਂ ਵਿੱਚ ਪੁਚਾਈਆਂ ਗਈਆਂ ਹਨ।ਦੂਜੀ ਤੇ ਪੰਜਵੀਂ ਜਮਾਤ ਅਤੇ ਪ੍ਰੀ-ਪ੍ਰਾਇਮਰੀ ਜਮਾਤਾਂ ਦੀ ਇੱਕ ਵੀ ਕਿਤਾਬ ਸਕੂਲਾਂ ਵਿੱਚ ਨਹੀਂ ਪੁਚਾਈ ਗਈ ਹੈ।ਅਜਿਹੇ ਵਿੱਚ ਸੁੱਤੇ ਸਿੱਧ ਇਹ ਗੰਭੀਰ ਸਵਾਲ ਉੱਠਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਕਿਤਾਬਾਂ ਤੋਂ ਬਿਨਾਂ ਕਿਵੇਂ ਪੜ੍ਹਨਗੇ? ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ ਅਸਲ ਵਿੱਚ ਸਿੱਖਿਆ ਪ੍ਰਤੀ ਕਿੰਨੀ ਕੁ ਸੁਹਿਰਦ ਹੈ। ਬੇਸ਼ੱਕ ਉਹ ਸਿੱਖਿਆ ਅਤੇ ਸਿਹਤ ਨੂੰ ਆਪਣੀ ਪਹਿਲ ਦੇ ਦਾਅਵੇ ਕਰਦੀ ਨਹੀਂ ਥੱਕਦੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਸੰਗਰੂਰ ਇਕਾਈ ਦੇ ਪ੍ਰਧਾਨ ਦਾਤਾ ਸਿੰਘ ਨਮੋਲ ਅਤੇ ਜਨਰਲ ਸਕੱਤਰ ਹਰਭਗਵਾਨ ਗੁਰਨੇ ਨੇ ਕੀਤਾ।ਆਗੂਆਂ ਨੇ ਕਿਹਾ ਕਿ ਸਰਕਾਰ ਦਾ ਜ਼ੋਰ ਸਿੱਖਿਆ ਅਧਿਕਾਰੀਆਂ ਰਾਹੀਂ ਮੀਟਿੰਗਾਂ ਦੇ ਜ਼ਰੀਏ ਅਧਿਆਪਕਾਂ ਤੇ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਵਧਾਉਣ ਦੇ ਦਾਬੇ ਮਾਰਨ 'ਤੇ ਲੱਗਾ ਹੋਇਆ ਹੈ ਜਦੋਂ ਕਿ ਸਰਕਾਰੀ ਸਕੂਲਾਂ ਦੇ ਅਧਿਆਪਕ ਸਰਕਾਰ ਨੇ ਚੋਣ ਡਿਊਟੀਆਂ ਦੇ ਜ਼ਰੀਏ ਸਕੂਲਾਂ ਤੋਂ ਬਾਹਰ ਕੀਤੇ ਹੋਏ ਹਨ ਤੇ ਸਰਕਾਰ ਦੀ ਨਾ-ਅਹਿਲੀਅਤ ਕਰਕੇ ਵਿਦਿਆਰਥੀ ਕਿਤਾਬਾਂ ਤੋਂ ਵੀ ਸੱਖਣੇ ਹਨ।ਵਿਦਿਆਰਥੀਆਂ ਨੂੰ ਅਧਿਆਪਕਾਂ ਅਤੇ ਕਿਤਾਬਾਂ ਤੋਂ ਮਹਿਰੂਮ ਕਰਨਾ ਦਰਸਾਉਂਦਾ ਹੈ ਕਿ ਸਿੱਖਿਆ ਅਸਲ ਵਿੱਚ ਸਰਕਾਰ ਦੇ ਏਜੰਡੇ ਤੋਂ ਕਿੰਨੀ ਪਿੱਛੇ ਹੈ।ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸੰਗਰੂਰ ਤੇ ਪ੍ਰੈਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਕਿਤਾਬਾਂ ਦੀ ਸਮੇਂ ਸਿਰ ਪ੍ਰਾਪਤੀ ਨਾ ਹੋਣ ਕਰਕੇ ਅਧਿਆਪਕਾਂ ਨੂੰ ਮਾਪਿਆਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਅਜਿਹੇ ਵਿੱਚ ਮਾਪੇ ਕਿਵੇਂ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਾਉਣਗੇ? ਵਿੱਤ ਸਕੱਤਰ ਯਾਦਵਿੰਦਰ ਪਾਲ ਧੂਰੀ ਤੇ ਜਥੇਬੰਦਕ ਸਕੱਤਰ ਪਵਨ ਕੁਮਾਰ ਸੰਗਰੂਰ ਨੇ ਕਿਹਾ ਕਿ ਇਨ੍ਹਾਂ ਹਾਲਤਾਂ ਵਿੱਚ ਜੇ ਮਾਪੇ ਬੱਚਿਆਂ ਨੂੰ ਪ੍ਰਾਈਵੇਟ ਸਕੂਲ ਵਿੱਚ ਦਾਖ਼ਲ ਕਰਾਉਣ ਨੂੰ ਤਰਜੀਹ ਦੇਣ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ।ਸਰਕਾਰ ਵੱਲੋਂ ਮਿਸ਼ਨ ਸਮਰੱਥ ਵਰਗੇ ਉਪਰਾਲਾ ਅਧਿਆਪਨ (ਐਕਟੀਵਿਟੀ ਟੀਚਿੰਗ) ਦੇ ਪ੍ਰੋਗਰਾਮਾਂ 'ਤੇ ਜ਼ੋਰ ਦੇ ਕੇ ਵਿਦਿਆਰਥੀਆਂ ਨੂੰ ਅੱਖਰ ਅਤੇ ਅੰਕ ਗਿਆਨ ਤੱਕ ਸੀਮਤ ਕੀਤਾ ਜਾ ਰਿਹਾ ਹੈ, ਜਦੋਂ ਕਿ ਸਿੱਖਿਆ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਹਰੇਕ ਵਿਦਿਆਰਥੀ ਸਰਵਪੱਖੀ ਸਿੱਖਿਆ ਲੈਣ ਦਾ ਕਾਨੂੰਨੀ ਹੱਕ ਰੱਖਦਾ ਹੈ।

# ਈ ਰਿਕਸ਼ਾ ਚਾਲਕਾਂ ਦੀ ਡੀਜ਼ਲ ਆਟੋ ਰਿਕਸ਼ਾ ਚਾਲਕਾਂ ਵੱਲੋਂ ਮਾਰਕੁਟਾਈ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਫ਼ਾਜ਼ਿਲਕਾ ਦੇ ਰੇਲਵੇ ਸਟੇਸ਼ਨ 'ਤੇ ਈ ਰਿਕਸ਼ਾ ਚਾਲਕਾਂ ਦੀ ਡੀਜ਼ਲ ਆਟੋ ਰਿਕਸ਼ਾ ਚਾਲਕਾਂ ਵੱਲੋਂ ਬੁਰੀ ਤਰ੍ਹਾਂ ਨਾਲ ਮਾਰਕੁਟਾਈ ਕੀਤੀ ਗਈ।ਇਸ ਦੌਰਾਨ ਦੋ ਈ ਰਿਕਸ਼ਾ ਚਾਲਕ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਿਲ ਹਸਪਤਾਲ ਫ਼ਾਜ਼ਿਲਕਾ ਵਿੱਚ ਦਾਖ਼ਲ ਕਰਵਾਇਆ ਗਿਆ ਹੈ।ਇਸ ਮੌਕੇ ਜਾਣਕਾਰੀ ਦਿੰਦਿਆਂ ਜ਼ਖ਼ਮੀ ਈ ਰਿਕਸ਼ਾ ਚਾਲਕ ਮਹਿੰਦਰ ਸਿੰਘ ਤੇ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਬੀਤੀ ਸ਼ਾਮ ਰੇਲਵੇ ਸਟੇਸ਼ਨ ਫ਼ਾਜ਼ਿਲਕਾ 'ਤੇ ਉਨ੍ਹਾਂ ਦਾ ਸਵਾਰੀ ਚੜ੍ਹਾਉਣ ਨੂੰ ਲੈ ਕੇ ਡੀਜ਼ਲ ਆਟੋ ਰਿਕਸ਼ਾ ਚਾਲਕਾਂ ਨਾਲ ਵਿਵਾਦ ਹੋ ਗਿਆ ਸੀ।ਉਨ੍ਹਾਂ ਦੀ ਈ ਰਿਕਸ਼ਾ ਦਾ ਕਰਾਇਆ ਘੱਟ ਹੋਣ ਕਾਰਨ ਸਵਾਰੀ ਉਨ੍ਹਾਂ ਦੇ ਈ ਰਿਕਸ਼ਾ 'ਤੇ ਜਾਣਾ ਚਾਹੁੰਦੀ ਸੀ।ਇਸ ਦੌਰਾਨ ਉੱਥੇ ਮੌਜੂਦ ਆਟੋ ਰਿਕਸ਼ਾ ਚਾਲਕਾਂ ਨਾਲ ਇਸ ਗੱਲ ਨੂੰ ਲੈ ਕੇ ਕਹਾ ਸੁਣੀ ਹੋ ਗਈ, ਜਿਸ ਤੋਂ ਬਾਅਦ ਇੱਕ ਵਾਰ ਇਹ ਮਾਮਲਾ ਉੱਥੇ ਖਤਮ ਹੋ ਗਿਆ।

ਇਸ ਤੋਂ ਬਾਅਦ ਜਦੋਂ ਅਗਲੇ ਦਿਨ ਉਹ ਰੇਲਵੇ ਸਟੇਸ਼ਨ 'ਤੇ ਸਵਾਰੀਆਂ ਨੂੰ ਚੁੱਕਣ ਲਈ ਗਏ ਤਾਂ ਉੱਥੇ ਮੌਜੂਦ ਵਿੱਕੀ ਬਤਰਾ, ਰਾਜੂ ਕਬਾੜੀਆ, ਬਬਲੂ ਤੇ ਉਨ੍ਹਾਂ ਨਾਲ ਮੌਜੂਦ ਕੁੱਝ ਹੋਰ ਉਨ੍ਹਾਂ ਦੇ ਸਾਥੀ ਡੀਜ਼ਲ ਆਟੋ ਰਿਕਸ਼ਾ ਚਾਲਕਾਂ ਨੇ ਉਨ੍ਹਾਂ ਦੀ ਡੰਡੇ ਲਾਠੀਆਂ ਨਾਲ ਬੁਰੀ ਤਰ੍ਹਾਂ ਕੁੱਟ ਮਾਰ ਕੀਤੀ।ਇਸ ਦੌਰਾਨ ਉਨ੍ਹਾਂ ਨੂੰ ਕਾਫੀ ਸੱਟਾਂ ਲੱਗੀਆਂ, ਜਿਸ ਤੋਂ ਬਾਅਦ ਉਨ੍ਹਾਂ ਦੇ ਸਾਥੀ ਈ ਰਿਕਸ਼ਾ ਚਾਲਕਾਂ ਵੱਲੋਂ ਉਨ੍ਹਾਂ ਨੂੰ ਇਲਾਜ ਲਈ ਸਿਵਿਲ ਹਸਪਤਾਲ ਪਹੁੰਚਾਇਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।ਪੀੜਤ ਈ ਰਿਕਸ਼ਾ ਚਾਲਕਾਂ ਨੇ ਉਨ੍ਹਾਂ ਨਾਲ ਮਾਰ-ਕੁੱਟ ਕਰਨ ਵਾਲੇ ਦੋਸ਼ੀਆਂ 'ਤੇ ਬਣਦੀ ਕਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## ਕਾਤਰਾਂ

### 21 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਮੋਜੇਵਾਲਾ ਨਹਿਰ ਦੇ ਨਾਲ ਬਣੇ ਲਿੰਕ ਰੋਡ ਤੋਂ 21 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਜਤਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬੱਸ ਅੱਡਾ ਸੁਖੇਰਾ ਬੋਦਲਾ ਪੁੱਜੀ ਤਾਂ ਮੁਖਬਰ ਖਾਸ ਨੇ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਰਾਜ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਸੁਖੇਰਾ ਬੋਦਲਾ ਜੋ ਸ਼ਰਾਬ ਨਜਾਇੰਜ਼ ਨਹਿਰ ਦੇ ਨਾਲ ਬਣੀ ਲਿੰਕ ਸੜ ਪਰ ਮੋਜੇਵਾਲਾ 'ਤੇ ਬੈਠ ਕੇ ਵੇਚ ਰਿਹਾ ਹੈ ਅਤੇ ਰੰਗੇ ਹੱਥੀ ਕਾਬੂ ਆ ਸਕਦਾ ਹੈ, ਜਿਸ ਨੂੰ ਪੁਲਸ ਨੇ ਸਵਾ 21 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਗਿਆ ਹੈ। ਥਾਣਾ ਸਦਰ ਵਿਖੇ ਰਾਜ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਸੁਖੇਰਾ ਬੋਦਲਾ ਦੇ ਖਿਲਾਫ ਧਾਰਾ 61-1-14 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਗੱਡੀ ਨਹਿਰ 'ਚ ਡਿੱਗੀ, ਚਾਲਕ ਦੀ ਮੌਤ



**ਦੋਰਾਹਾ (ਹਰਿਮੰਦਰ ਸੇਠ)**-ਪਿੰਡ ਰਾਮਪੁਰ ਨੇੜੇ ਸ਼ਮਸ਼ਾਨ ਘਾਟ ਇੱਕ ਕਾਰ ਨਹਿਰ ਵਿੱਚ ਡਿੱਗ ਗਈ।ਨਹਿਰ ਕਿਨਾਰੇ ਖੜੇ 2 ਵਿਅਕਤੀਆਂ ਨੂੰ ਪ੍ਰੇਸ਼ਾਨ ਦੇਖਿਆ ਗਿਆ ਤਾਂ ਪਤਾ ਕਰਨ 'ਤੇ ਉਨ੍ਹਾਂ ਦੱਸਿਆ ਕਿ ਇੱਕ ਵਿਅਕਤੀ ਗੱਡੀ ਸਮੇਤ ਨਹਿਰ ਵਿੱਚ ਡਿੱਗ ਗਿਆ ਹੈ।ਪੁਲਿਸ ਪ੍ਰਸ਼ਾਸਨ ਨੇ ਮੌਕੇ 'ਤੇ ਪੁੱਜ ਕੇ ਗੋਤਖੋਰਾਂ ਦੀ ਮੱਦਦ ਨਾਲ ਕਾਰ ਅਤੇ ਇਸ ਦੇ ਚਾਲਕ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ।ਪੁਲਿਸ ਨੇ ਗੋਤਖੋਰਾਂ ਦੀ ਮੱਦਦ ਨਾਲ ਕਾਰ ਬਾਹਰ ਕੱਢ ਲਈ, ਹਾਲਾਂਕਿ ਮ੍ਰਿਤਕ ਦੀ ਲਾਸ਼ ਕੱਲ੍ਹ ਹੀ ਬਾਹਰ ਕੱਢ ਲਈ ਗਈ ਸੀ।ਦੋਸਤਾਂ ਦੇ ਦੱਸਣ ਅਨੁਸਾਰ ਮ੍ਰਿਤਕ ਦਾ ਨਾਮ ਨਿਮਿਤ ਕੁਮਾਰ ਹੈ, ਜੋ ਮਾਡਲ ਟਾਊਨ ਲੁਧਿਆਣਾ ਦਾ ਵਾਸੀ ਹੈ ਤੇ ਪੇਸ਼ੇ ਵਜੋਂ ਚਾਰਟਿਡ ਅੰਕਾਊਂਟੈਂਟ ਸੀ।ਹਾਦਸਾ ਕਿਸ ਤਰ੍ਹਾਂ ਵਾਪਰਿਆ। ਇਸ ਬਾਰੇ ਪੁਖਤਾ ਜਾਣਕਾਰੀ ਨਹੀਂ ਮਿਲ਼ੀ।ਪੁਲਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ।ਪੁਲਸ ਨੇ ਧਾਰਾ174 ਦੀ ਕਾਰਵਾਈ ਕਰਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ।

### ਮਾਤਾ ਗੁਜਰੀ ਕਾਲਜ 'ਚ 22 ਤੋਂ ਕੈਰੀਅਰ ਨਿਰਮਾਣ ਸੰਬੰਧੀ ਕਲਾਸਾਂ ਹੋਣਗੀਆਂ ਸ਼ੁਰੂ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਵਿਖੇ ਬਾਰ੍ਹਵੀਂ ਜਮਾਤ ਵਿੱਚ ਦਾਖਲ ਤੇ ਬਾਰ੍ਹਵੀਂ ਪਾਸ ਵਿਦਿਆਰਥੀਆਂ ਲਈ ਦੋ ਹਫ਼ਤੇ ਦੀਆਂ ਕਰੀਅਰ ਯੋਜਨਾਬੰਦੀ ਅਤੇ ਨਿਰਮਾਣ ਸਬੰਧੀ ਕਲਾਸਾਂ ਦੀ ਸ਼ੁਰੂਆਤ ਕੀਤੀ ਜਾਵੇਗੀ, ਜੋ 22 ਅਪ੍ਰੈਲ ਤੋਂ 3 ਮਈ ਤੱਕ ਜਾਰੀ ਰਹਿਣਗੀਆਂ। ਵਰਣਨਯੋਗ ਹੈ ਕਿ ਇਨ੍ਹਾਂ ਕਲਾਸਾਂ ਦੀ ਕੋਈ ਫ਼ੀਸ ਨਹੀਂ ਹੋਵੇਗੀ ਤੇ ਗ਼ਰਮੀ ਦੀਆਂ ਛੁੱਟੀਆਂ ਦੌਰਾਨ ਵਿਦਿਆਰਥੀ ਆਪਣੇ ਸਮੇਂ ਦੀ ਉਸਾਰੂ ਵਰਤੋਂ ਵੀ ਕਰ ਸਕਣਗੇ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਸਕੂਲਾਂ ਦੇ ਵਿਦਿਆਰਥੀਆਂ ਦੇ ਕਰੀਅਰ ਉਸਾਰੀ ਤਹਿਤ ਮਾਤਾ ਗੁਜਰੀ ਕਾਲਜ ਵੱਲੋਂ ਇਹ ਨਿਵੇਕਲੀ ਪਹਿਲ ਕੀਤੀ ਗਈ ਹੈ।ਉਨ੍ਹਾਂ ਆਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਦੋ ਹਫ਼ਤਿਆਂ ਦੀਆਂ ਇਨ੍ਹਾਂ ਸਿੱਖਿਆਦਾਇਕ ਕਲਾਸਾਂ ਦੌਰਾਨ ਵਿਦਿਆਰਥੀਆਂ ਨੂੰ ਜਿੱਥੇ ਉੱਘੇ ਵਿਸ਼ਾ ਮਾਹਿਰਾਂ ਵੱਲੋਂ ਵੱਖ-ਵੱਖ ਵਿਸ਼ਿਆਂ ਸਬੰਧੀ ਵਿਸਥਾਰ ਵਿੱਚ ਸਿੱਖਿਆ ਗ੍ਰਹਿਣ ਕਰਨ ਦਾ ਸੁਨਹਿਰੀ ਮੌਕਾ ਮਿਲ ਸਕੇਗਾ, ਉਥੇ ਨਾਲ ਹੀ ਉਨ੍ਹਾਂ ਨੂੰ ਭਵਿੱਖ ਵਿਚ ਸਫ਼ਲ ਕਰੀਅਰ ਨਿਰਮਾਣ ਸਬੰਧੀ ਵੀ ਸਹੀ ਸੇਧ ਮਿਲ ਸਕੇਗੀ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਸੰਧੂ ਨੇ ਦੱਸਿਆ ਕਿ ਇਨ੍ਹਾਂ ਕਲਾਸਾਂ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਨਾਲ ਸਬੰਧਿਤ ਸ਼ਾਰਟ-ਟਰਮ ਕੋਰਸ ਜਿਵੇਂ ਵਿਗਿਆਨ ਤੇ ਤਕਨਾਲੋਜੀ, ਕਮਰਸ ਅਤੇ ਅਕਾਊਂਟਿੰਗ ਫੰਡਾਮੈਂਟਲਜ਼, ਕੰਪਿਊਟਰ ਸਿਖਲਾਈ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਹੁਨਰ, ਰੁਜ਼ਗਾਰਯੋਗਤਾ ਤੇ ਜੀਵਨ ਹੁਨਰ, ਸੰਚਾਰ ਹੁਨਰ ਅਤੇ ਸ਼ਖ਼ਸੀਅਤ ਵਿਕਾਸ ਆਦਿ ਪੜ੍ਹਨ ਦਾ ਮੌਕਾ ਮਿਲੇਗਾ, ਜੋ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਣਗੇ।ਡਾ. ਸੰਧੂ ਨੇ ਦੱਸਿਆ ਕਿ ਇਨ੍ਹਾਂ ਕਲਾਸਾਂ ਵਿੱਚ ਪੜ੍ਹਨ ਦੇ ਚਾਹਵਾਨ ਵਿਦਿਆਰਥੀ 22 ਅਪ੍ਰੈਲ ਨੂੰ ਸਵੇਰੇ 10 ਵਜੇ ਮਾਤਾ ਗੁਜਰੀ ਕਾਲਜ ਦੇ ਕਮੱਰਸ ਹਾਲ ਵਿੱਚ ਰਿਪੋਰਟ ਕਰ ਸਕਦੇ ਹਨ ਤੇ ਕਾਲਜ ਦੀ ਵੈਬਸਾਈਟ ਰਾਹੀਂ ਵੀ ਰਜਿਸਟ੍ਰੇਸ਼ਨ ਕਰਾ ਸਕਦੇ ਹਨ।

# ਡਾ. ਅੰਬੇਦਕਰ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ



ਮੀਟਿੰਗ 'ਚ ਪਹੁੰਚੇ ਮਹਿਮਾਨ, ਪਤਵੰਤੇ ਤੇ ਕਲਾਕਾਰ ਨਾਟਕ ਪੇਸ਼ ਕਰਦੇ ਹੋਏ।

**ਜਲਾਲਾਬਾਦ (ਜੀਤ ਕੁਮਾਰ)**

ਐਸ ਸੀ/ਐਸ ਟੀ/ਓ ਬੀ ਸੀ ਮਹਾਂ ਸੰਘਰਸ਼ ਕਮੇਟੀ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਾਰ ਦਾ ਜਨਮ ਦਿਨ ਮਨਾਇਆ ਗਿਆ। ਸਮਾਗਮ ਵਿਚ ਜਲੰਧਰ ਤੋਂ ਨਾਟਕ ਮੰਡਲੀ ਪ੍ਰਗਤੀ ਕਲਾਂ ਕੇਂਦਰ ਵੱਲੋਂ ਬਾਬਾ ਸਾਹਿਬ ਡਾ.ਬੀ.ਆਰ. ਅੰਬੇਦਕਾਰ ਜੀ ਦੇ ਜੀਵਨ 'ਤੇ ਅਧਾਰਤ ਨਾਟਕ ਅਤੇ ਕੋਰੀਓਗ੍ਰਾਫ਼ੀ ਪੇਸ਼ ਕੀਤੀਆਂ ਗਈਆਂ। ਸਮਾਗਮ ਵਿਚ ਡੇਰਾ ਬਕੇਨ ਵਾਲਾ ਦੇ ਮੁੱਖ ਬਾਬਾ ਰਾਜ ਕੁਮਾਰ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕੰਬੋਜ, ਦਰਸ਼ਨ ਲਾਲ ਵਧਵਾ, ਮੰਡਲ ਪ੍ਰਧਾਨ ਸੰਦੀਪ ਮਲੂਜਾ, ਰਾਜ ਚੌਹਾਨ, ਬਲਾਕ ਕਾਂਗਰਸ ਸ਼ਹਿਰੀ ਜਲਾਲਾਬਦ ਪ੍ਰਧਾਨ ਬੰਟੀ ਵਾਟਸ, ਗੋਲਡੀ ਸੇਤੀਆ, ਨੀਲਾ ਮਦਾਨ, ਜੱਜ ਦਰਗਨ, ਵਿਸੇਸ਼ ਤੌਰ ਤੇ ਪੁੱਜੇ, ਜਦੋਕਿ ਕਮੇਟੀ ਪ੍ਰਧਾਨ ਰੋਹਿਤ ਗੁਡਾਲੀਆ, ਸਲਾਹਕਾਰ ਦੇਸ ਰਾਜ ਗੁਡਾਲੀਆ, ਜਨਰਲ ਸਕੱਤਰ ਜੋਗਿੰਦਰ ਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ.ਕੌਰ ਸਿੰਘ, ਬਲਬੀਰ ਸਿੰਘ ਪੁਆਰ, ਕੈਸ਼ੀਅਰ ਗੁਰਮੇਜ ਸਿੰਘ, ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਵਾਲਾ, ਡਾ.ਓਮ ਪ੍ਰਕਾਸ਼ ਹਿਸਾਨਵਾਲਾ, ਸਰਪੰਚ ਤਿਲਕ ਰਾਜ ਬੱਲੂਆਣਾ, ਡਾ.ਜਗਸੀਰ ਸੀਰਾ ਸੈਦੋਕੇ, ਡਾ.ਰਮੇਸ਼ ਕੁਮਾਰ ਲਾਡੀ, ਰੰਜੀਵ ਤਮੋਲੀਆ, ਰਾਜੇਸ਼ ਨੰਦਾ,ਸੁਰੇਸ਼ ਚੌਹਾਨ, ਵਿਨੋਦ ਨੰਦਾ, ਮਾ. ਨਿਰਭੈਅ ਸਿੰਘ, ਗਿਆਨ ਸਿੰਘ, ਜਗਜੀਤ ਸਿੰਘ ਗਿੱਲ, ਮਾ.ਹੁਸ਼ਿਆਰ ਸਿੰਘ ਦਰਗਨ, ਓਮ ਪ੍ਰਕਾਸ਼ ਬੱਲੂਆਣਾ, ਕ੍ਰਿਸ਼ਨ ਕੁਮਾਰ ਚੌਧਰੀ, ਡਾ.ਪੂਰਨ ਚੰਦ ਪੰਚ, ਉਤਮ ਸਿੰਘ ਪੰਚ, ਅਜੇ ਕੁਮਾਰ, ਜਸ ਰਾਜ, ਚੌਧਰੀ ਖੇਮ ਚੰਦ, ਦੇਵਾ ਨੰਦ ਸਮੇਤ ਵੱਡੀ ਗਿਣਤੀ ਵਿਚ ਪਤਵੰਤੇ ਲੋਕ ਹਾਜ਼ਰ ਸਨ। ਇਸ ਮੌਕੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਾਰ ਦੇ ਜੀਵਨ 'ਤੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਬਾਬਾ ਸਾਹਿਬ ਹਰੇਕ ਵਰਗ ਨੂੰ ਲੈ ਕੇ ਚੱਲਣ ਵਾਲੇ ਸਨ, ਜਿਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ ਹੈ। ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ।

# ਭਾਜਪਾ ਦੀ ਹੋਈ ਵਿਸ਼ਾਲ ਚੋਣ ਰੈਲੀ



**ਨਾਭਾ (ਵਰਿੰਦਰ ਵਰਮਾ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੱਧਦੀ ਲੋਕਪ੍ਰਿਅਤਾ ਅੱਗੇ ਦੋ ਦਰਜਨ ਸਿਆਸੀ ਧਿਰਾਂ ਦਾ ਗਠਜੋੜ ਵੀ ਫਿੱਕਾ ਪੈਂਦਾ ਨਜ਼ਰ ਆ ਰਿਹਾ ਹੈ।ਇਹ ਵਿਚਾਰ ਹਲਕਾ ਨਾਭਾ ਵਿਖੇ ਜ਼ਿਲ੍ਹਾ ਮਹਾਂਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਗੌਰਵ ਜਲੋਟਾ, ਰਿਸ਼ੂ ਵਰਮਾ ਵੱਲੋਂ ਭਾਜਪਾ ਦੀ ਰੈਲੀ ਰੂਪੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪਟਿਆਲਾ ਤੋਂ ਭਾਜਪਾ ਦੀ ਚੋਣ ਉਮੀਦਵਾਰ ਅਤੇ ਸਾਬਕਾ ਕੇਂਦਰੀ ਮੰਤਰੀ ਬੀਬੀ ਪਰਨੀਤ ਕੌਰ ਨੇ ਅੱਗੇ ਕਿਹਾ ਕਿ ਭਾਜਪਾ ਆਮ ਲੋਕਾਂ ਦੇ ਨਾਲ ਦੂਜੀਆਂ ਸਿਆਸੀ ਧਿਰਾਂ ਦੇ ਆਗੂਆਂ ਦੀ ਪਹਿਲੀ ਪਸੰਦ ਬਣਦੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਵਿਕਾਸਵਾਦੀ ਨੀਤੀਆਂ ਤੇ ਕਾਰਜਸ਼ੈਲੀ ਤੋਂ ਪ੍ਰਭਾਵਤ ਹੋ ਕੇ ਸਿਆਸੀ ਆਗੂਆਂ ਤੇਜ਼ੀ ਨਾਲ ਭਾਜਪਾ 'ਚ ਸ਼ਮੂਲੀਅਤ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜਿਸ ਪ੍ਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸੂਝਵਾਨ ਸੋਚ ਨਾਲ ਦੇਸ਼ ਨੂੰ ਪੂਰੀ ਦੁਨੀਆ ਅੱਗੇ ਸਤਿਕਾਰ ਦਾ ਪਾਤਰ ਬਣਾਇਆ ਹੈ, ਉਸ ਕਾਰਨ ਆਮ ਲੋਕਾਂ ਵਿੱਚ ਭਾਜਪਾ ਦੀ ਪ੍ਰਤੀ ਸੋਚ ਵਿੱਚ ਵੀ ਵੱਡਾ ਬਦਲਾਅ ਆਇਆ ਹੈ।ਉਨ੍ਹਾਂ ਹਲਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੈਂ ਆਪਣੇ ਪਿਛਲੇ ਕਾਰਜਕਾਲ ਵਿੱਚ ਹਲਕਾ ਨਾਭਾ ਵਾਸੀਆਂ ਦੇ ਦਿੱਤੇ ਪਿਆਰ ਅਤੇ ਸਤਿਕਾਰ ਬਦਲੇ ਜੋ ਸੇਵਾ ਨਿਭਾਈ ਹੈ, ਉਹ ਨਿਰੰਤਰ ਜਾਰੀ ਰਹਿਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਹਲਕੇ ਤੋਂ ਭਾਜਪਾ ਤੇ ਉਨ੍ਹਾਂ ਨੂੰ ਕਾਫੀ ਉਮੀਦਾਂ ਹਨ।ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਲਈ ਇੱਕ ਵੱਡੀ ਪਾਰੀ ਅਤੇ ਹੰਭਲੇ ਦੀ ਜ਼ਰੂਰਤ ਹੈ, ਜਿਸ ਲਈ ਹਰ ਵੋਟਰ ਨੂੰ ਭਾਜਪਾ ਦੀ ਜਿੱਤ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਉਣਾ ਚਾਹੀਦਾ ਹੈ।

# ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਤ ਕਨਵੈਨਸ਼ਨ ਭਲਕੇ



**ਮਾਨਸਾ (ਆਤਮਾ ਸਿੰਘ ਪਮਾਰ)**

14 ਮਾਰਚ ਨੂੰ ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਦਲਿਤਾਂ ਦਾ ਉਪ ਮੁੱਖ ਮੰਤਰੀ ਨਾਂਅ ਬਣਾਉਣ ਦੇ ਪੁੱਛੇ ਗਏ ਸਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਵਾਲ ਕਰਤਾ ਵਿਧਾਇਕ ਨੂੰ ਜੁੱਤੀ ਸੰਘਾਉਣ ਦੇ ਬੋਲੇ ਸ਼ਬਦਾਂ ਨਾਲ ਸਮੁੱਚੇ ਦਲਿਤ ਸਮਾਜ ਦਾ ਅਪਮਾਨ ਹੋਇਆ ਹੈ। ਇਸ ਲਈ ਹੁਣ ਦਲਿਤ ਵਰਗ ਲੋਕ ਸਭਾ ਚੋਣਾਂ ਵਿੱਚ ਆਪ ਲੀਡਰਾਂ ਨੂੰ ਵੋਟਾਂ ਦੀ ਥਾਂ ਜੁੱਤੀ ਦਿਖਾਉਣ ਦਾ ਕੰਮ ਕਰਨਗੇ।ਇਹ ਐਲਾਨ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਆਪ ਲੀਡਰਾਂ ਨੂੰ ਜੁੱਤੀ ਦਿਖਾਓ ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਅੰਦਰ ਲਾਮਬੰਦੀ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਮੋਰਚੇ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕੀਤਾ।

ਉਨ੍ਹਾਂ ਕਿਹਾ ਕਿ ਆਪ ਪਾਰਟੀ ਦੇ ਦੋ ਸਾਲਾ ਰਾਜ ਕਾਲ ਦੀਆਂ ਨੀਤੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਭਗਵੰਤ ਮਾਨ ਦਲਿਤਾਂ, ਗ਼ਰੀਬ ਕਿਸਾਨਾਂ, ਔਰਤਾਂ ਤੇ ਨੌਜਵਾਨ ਵਿਰੋਧੀ ਮੁੱਖ ਮੰਤਰੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੇ ਫ਼ਜ਼ੂਲ ਖਰਚਿਆਂ ਲਈ ਤਾਂ ਖਜ਼ਾਨਾ ਭਰਿਆ ਹੈ, ਪਰ ਮਜ਼ਦੂਰਾਂ ਦੀ ਭਲਾਈ ਲਈ ਖ਼ਾਲੀ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਮੰਤਰੀ ਮਾਨ ਜਨਤਾ ਦੇ ਸੰਵਿਧਾਨਕ ਹੱਕਾਂ ਨੂੰ ਖ਼ਤਮ ਕਰ ਰਹੇ ਹਨ।ਇਸ ਲਈ ਸੰਵਿਧਾਨ ਦੀ ਰਾਖੀ ਲਈ ਬੇਜ਼ਮੀਨੇ ਮਜ਼ਦੂਰਾਂ ਦੀ ਅਜ਼ਾਦ ਸਿਆਸੀ ਸ਼ਕਤੀ ਖੜ੍ਹੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਦਲਿਤ ਸਮਾਜ ਪੂੰਜੀਪਤੀ ਪਾਰਟੀਆਂ ਦੇ ਭ੍ਰਿਸ਼ਟ ਲੀਡਰਾਂ ਦੇ ਮਗਰ ਲੱਗਣ ਦੀ ਥਾਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਨੂੰ ਅਪਣਾਵੇ।

ਮਜ਼ਦੂਰ ਆਗੂ ਨੇ ਕਿਹਾ ਕਿ ਦਲਿਤ ਸਮਾਜ ਦਾ ਅਪਮਾਨ ਕਰਨ ਵਾਲੇ ਭਗਵੰਤ ਮਾਨ ਖਿਲਾਫ਼ ਐਸ.ਸੀ/ਐਸ.ਟੀ ਐਕਟ ਤਹਿਤ ਪਰਚਾ ਦਰਜ ਕਰਾਉਣ ਲਈ ਦਲਿਤ ਜਥੇਬੰਦੀਆਂ ਵਲੋਂ ਸਾਂਝੇ ਅੰਦੋਲਨ ਤੇਜ਼ ਕਰਨ ਲਈ 10 ਅਪ੍ਰੈਲ ਨੂੰ ਟੀਚਰ ਹੋਮ ਬਠਿੰਡਾ ਵਿਖ ਡਾ. ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤੀ ਜਾ ਰਹੀ ਹੈ।

### ਸਾਥੀ ਤੇਜਾ ਸਿੰਘ ਸੁਤੰਤਰ ਦੀ ਬਰਸੀ 14 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਸੁਖਦੇਵ ਸ਼ਰਮਾ ਸਕੱਤਰ ਤੇ ਮੀਤ ਸਕੱਤਰ ਸਾਥੀ ਭਰਪੂਰ ਸਿੰਘ ਬੁੱਲਾਂਪੁਰ ਅਤੇ ਨਿਰਮਲ ਸਿੰਘ ਬਟੜਿਆਣਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਲੋਕ ਨਾਇਕ ਮੁਜਾਰਾ ਲਹਿਰ ਦੀ ਆਗੂ ਸਾਥੀ ਤੇਜਾ ਸਿੰਘ ਸੁਤੰਤਰ ਮੈਂਬਰ ਪਾਰਲੀਮੈਂਟ ਦੀ 51ਵੀਂ ਬਰਸੀ ਸੁਤੰਤਰ ਭਵਨ ਸੰਗਰੂਰ ਵਿਖੇ 14 ਅਪ੍ਰੈਲ ਨੂੰ ਮਨਾਈ ਜਾ ਰਹੀ ਹੈ। ਇਸ ਸਬੰਧੀ ਫ਼ੈਸਲਾ ਸਾਥੀ ਸੁਰਿੰਦਰ ਭੈਣੀ ਦੇ ਲੜਕੇ ਵੱਲੋਂ ਕੀਤੇ ਪ੍ਰੋਗਰਾਮ ਤੇ ਫੈਕਟਰੀ ਦੇ ਉਦਘਾਟਨ ਸਮੇਂ ਜ਼ਿਲ੍ਹਾ ਕਾਰਜਕਾਰਨੀ ਦੇ ਮੈਂਬਰਾਂ ਨੇ ਲਿਆ, ਇਸ ਵਿੱਚ ਸਾਰੀਆਂ ਤਹਿਸੀਲਾਂ ਦੇ ਸਕੱਤਰ ਸ਼ਾਮਲ ਸਨ।ਸਾਰੇ ਤਹਿਸੀਲ ਸਕੱਤਰਾਂ ਤੇ ਯੂਨੀਅਨ ਆਗੂਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਫ਼ੈਸਲਿਆਂ ਦੀ ਪੂਰਤੀ ਲਈ ਜੀ ਜਾਨ ਨਾਲ ਕੰਮ ਕਰਨ।ਸਾਥੀ ਤੇਜਾ ਸਿੰਘ ਸੁਤੰਤਰ ਬਹੁਤ ਵੱਡੇ ਆਜ਼ਾਦੀ ਘੁਲਾਟੀਏ ਹੀ ਨਹੀਂ ਸਨ, ਸਗੋਂ ਉਨ੍ਹਾਂ ਸਾਰੀ ਜ਼ਿੰਦਗੀ ਮੁਜਾਰਾ ਲਹਿਰ ਅਤੇ ਪਰਜਾ ਮੰਡਲ ਲਹਿਰ ਵਿੱਚ ਕੰਮ ਕਰਦਿਆਂ ਲਾਈ।ਅੰਤ ਵਿੱਚ ਬਾਬੂ ਬਿਰਛਭਾਨ ਜੀ ਮੁੱਖ ਮੰਤਰੀ ਪੰਜਾਬ ਪਾਸੋਂ ਮੁਜ਼ਾਰਾ ਲਹਿਰ ਦੀ ਤਾਕਤ ਨਾਲ ਪੈਪਸੂ ਐਗਰੀਕਲਚਰ ਐਂਡ ਟੇਨੈਟਸ ਐਕਟ ਪਾਸ ਕਰਵਾ ਕੇ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ।ਇਸ ਸਮੇਂ ਹੋਰਨਾ ਤੋਂ ਇਲਾਵਾ ਸਾਥੀ ਹਰਦੇਵ ਸਿੰਘ ਬਖਸ਼ੀ ਵਾਲਾ, ਮੁਲਾਜ਼ਮ ਆਗੂ ਗੁਰਮੁਖ ਸਿੰਘ, ਮੁਹੰਮਦ ਖਲੀਲ, ਸੁਰਿੰਦਰ ਭੈਣੀ ਤੇ ਪਿਆਰੇ ਲਾਲ ਆਦਿ ਸਾਥੀ ਹਾਜ਼ਰ ਸਨ।

# ਲੋਕ ਸੇਵਾ ਸੁਸਾਇਟੀ ਨੇ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅੱਪ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਵੱਲੋਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਸੀ ਐੱਮ ਸੀ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਰੇਲਵੇ ਲਿੰਕ ਰੋਡ ਜਗਰਾਉਂ ਵਿਖੇ ਲਗਾਇਆ ਗਿਆ।ਕੈਂਪ ਦਾ ਉਦਘਾਟਨ ਏ ਪੀ ਰਿਫੈਂਡਰੀ ਦੇ ਡਾਇਰੈਕਟਰ ਰਵੀ ਗੋਇਲ ਤੇ ਭੁਵਨ ਗੋਇਲ ਨੇ ਆਪਣੇ ਕਰ ਕਮਲਾਂ ਨਾਲ ਕਰਦਿਆਂ ਸੁਸਾਇਟੀ ਨੂੰ ਸਮਾਜ ਸੇਵੀ ਕੰਮਾਂ ਵਿੱਚ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਕੈਂਪ ਵਿੱਚ ਸੀ ਐੱਮ ਸੀ ਹਸਪਤਾਲ ਤੋਂ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਗੁਰਭੇਜ ਸਿੰਘ ਨੇ 67 ਮਰੀਜ਼ਾਂ ਦਾ ਚੈੱਕਅਪ ਕਰਦਿਆਂ ਉਨ੍ਹਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਣ ਲਈ ਜਿੱਥੇ ਉਪਾਅ ਦੱਸੇ, ਉੱਥੇ ਉਨ੍ਹਾਂ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ। ਉਨ੍ਹਾਂ ਮਰੀਜ਼ਾਂ ਨਾਲ ਬਿਮਾਰੀਆਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਨੁਕਤੇ ਵੀ ਸਾਂਝੇ ਕੀਤੇ। ਕੈਂਪ ਵਿੱਚ ਮਰੀਜ਼ਾਂ ਦੀ ਈ ਸੀ ਜੀ ਤੇ ਬਲੱਡ ਸ਼ੂਗਰ ਦਾ ਟੈਸਟ ਵੀ ਮੁਫ਼ਤ ਕੀਤਾ ਗਿਆ।ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਅਤੇ ਪ੍ਰਧਾਨ ਮਨੋਹਰ ਸਿੰਘ ਟੱਕਰ ਨੇ ਕਿਹਾ ਕਿ ਸੁਸਾਇਟੀ ਹਮੇਸ਼ਾ ਹੀ ਲੋਕ ਭਲਾਈ ਦੇ ਕੰਮਾਂ ਲਈ ਤਤਪਰ ਹੈ, ਇਸੇ ਕਰਕੇ ਮਹੀਨੇ ਵਿੱਚ ਇੱਕ ਵਾਰ ਦਿਲ ਦੇ ਰੋਗਾਂ ਦਾ ਕੈਂਪ ਤੇ ਮਹੀਨੇ ਵਿੱਚ ਇੱਕ ਵਾਰ ਸਾਰੀਆਂ ਬਿਮਾਰੀਆਂ ਦਾ ਮੈਡੀਕਲ ਚੈੱਕਅਪ ਕੈਂਪ ਲਾਉਣ ਤੋਂ ਇਲਾਵਾ ਹਰੇਕ ਮਹੀਨੇ ਦੇ ਅਖੀਰਲੇ ਐਤਵਾਰ ਨੂੰ ਅੱਖਾਂ ਦਾ ਫ਼੍ਰੀ ਚੈੱਕਅਪ ਲਾਇਆ ਜਾ ਜਾਂਦਾ ਹੈ।

### 66 ਬੋਤਲਾਂ ਸ਼ਰਾਬ ਅੰਗਰੇਜ਼ੀ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਵੱਲੋਂ 66 ਬੋਤਲਾਂ ਸ਼ਰਾਬ ਅੰਗਰੇਜ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ।

ਜਾਂਚ ਅਧਿਕਾਰੀ ਐਚ ਸੀ ਅਮਨਦੀਪ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਥਾਣਾ ਸਿਟੀ ਏਰੀਏ ਵਿਚ ਮੌਜੂਦ ਸੀ ਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਸ਼ਹੀਦ ਉਧਮ ਸਿੰਘ ਚੌਕ ਜਲਾਲਾਬਾਦ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮਨਜੀਤ ਸਿੰਘ ਜੋ ਚੰਡੀਗੜ੍ਹ ਤੇ ਪੰਜਾਬ ਮਾਰਕਾ ਸ਼ਰਾਬ ਅੰਗਰੇਜ਼ੀ ਬਿਨਾਂ ਲਾਇਸੰਸ ਦੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਇਸਦੇ ਘਰ ਰੇਡ ਕੀਤਾ ਜਾਵੇ ਤਾਂ ਸ਼ਰਾਬ ਅੰਗਰੇਜੀ ਮਾਰਕਾ ਚੰਡੀਗੜ੍ਹ ਤੇ ਪੰਜਾਬ ਦੇ ਰੰਗੇ ਹੱਥੀਂ ਕਾਬੂ ਆ ਸਕਦਾ ਹੈ। ਇਹ ਇਤਲਾਹ ਠੋਸ ਹੋਣ ਕਾਰਨ ਪੁਲਸ ਨੇ ਛਾਪੇਮਾਰੀ ਕਰਕੇ ਮਨਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਚੱਕ ਸੁੱਕੜ ਨੂੰ 66 ਬੋਤਲਾਂ ਸ਼ਰਾਬ ਅੰਗਰੇਜੀ ਸਣੇ ਕਾਬੂ ਕੀਤਾ ਗਿਆ ਹੈ। ਥਾਣਾ ਸਿਟੀ ਜਲਾਲਾਬਾਦ ਵਿਖੇ ਮਨਜੀਤ ਸਿੰਘ ਦੇ ਖਿਲਾਫ ਧਾਰਾ 61-1-14 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਦਸਤਾਰ ਦੀ ਮਹਾਨਤਾ ਸੰਬੰਧੀ 11ਵਾਂ ਦਸਤਾਰ ਚੇਤਨਾ ਮਾਰਚ ਕੱਢਿਆ



**ਮੋਗਾ (ਇਕਬਾਲ ਸਿੰਘ ਖਹਿਰਾ)**

ਗੁਰਦੁਆਰਾ ਨਾਮਦੇਵ ਭਵਨ ਮੋਗਾ ਤੋਂ ਦਸਤਾਰ ਚੇਤਨਾ ਮਾਰਚ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਦਸਤਾਰ ਦੀ ਮਹਾਨਤਾ ਨੂੰ ਘਰ ਘਰ ਤੱਕ ਪੁਚਾਉਣ ਲਈ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ 11ਵਾਂ ਦਸਤਾਰ ਚੇਤਨਾ ਮਾਰਚ ਆਰੰਭ ਹੋਇਆ। ਇਹ ਦਸਤਾਰ ਚੇਤਨਾ ਮਾਰਚ ਸ਼ਹਿਰ ਦੇ ਵੱਖ ਵੱਖ ਇਲਾਕਿਆਂ, ਨਗਰਾਂ ਦੀ ਪ੍ਰਕਰਮਾ ਕਰਦਿਆਂ ਹੋਇਆਂ ਐਵਰਗਰੀਨ ਪਾਰਕ, ਗੋਧੇਵਾਲਾ ਵਿਖੇ ਪਹੁੰਚਿਆ ਅਤੇ ਪਾਰਕ 'ਚ ਧਾਰਮਿਕ ਨਾਟਕ, ਸਿੱਖ ਮਾਰਸ਼ਲ ਆਰਟ ਗੱਤਕੇ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਸਿੱਖ ਇਤਿਹਾਸ ਦੀਆਂ ਝਾਕੀਆਂ ਸੰਗਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ। ਵੱਡੀ ਗਿਣਤੀ ਇਕੱਤਰ ਮੋਟਰਸਾਈਕਲਾਂ ਤੇ ਸਵਾਰ ਨੌਜਵਾਨਾਂ ਨੇ ਜੀਪਾਂ, ਟਰੈਕਟਰਾਂ, ਕਾਰਾਂ ਤੇ ਸਵਾਰ ਹੋ ਕੇ ਸਿਰਾਂ 'ਤੇ ਕੇਸਰੀ ਦਸਤਾਰਾਂ ਸਜਾਕੇ ਪੂਰੇ ਜਾਹੋ-ਜਲਾਲ ਨਾਲ ਚੇਤਨਾ ਮਾਰਚ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰਬੰਧਕ ਹਰਦਿਆਲ ਸਿੰਘ, ਜਗਰੂਪ ਸਿੰਘ, ਗੁਰਸੇਵਕ ਸਿੰਘ ਸੰਨਿਆਸੀ, ਗੁਰਪ੍ਰੀਤਮ ਸਿੰਘ ਚੀਮਾ, ਗੁਰਪ੍ਰੀਤ ਸਿੰਘ ਕੋਮਲ, ਮੋਗਾ ਮੇਅਰ ਬਲਜੀਤ ਸਿੰਘ ਚਾਨੀ, ਪ੍ਰਧਾਨ ਗੁਰਪ੍ਰੀਤ ਸਿੰਘ, ਅਕਾਲੀ ਆਗੂ ਸੰਨਜੀਤ ਸਿੰਘ ਸੰਨੀ ਗਿੱਲ, ਰਾਜਵੰਤ ਸਿੰਘ ਮਾਹਲਾ, ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਖਾਲਸਾ, ਕੁਲਵਿੰਦਰ ਸਿੰਘ ਸੋਨੂੰ, ਭਾਈ ਸੱਖਾ ਸਿੰਘ, ਜਸਵਿੰਦਰ ਸਿੰਘ ਡਾਲਾ, ਹਰਮੇਲ ਸਿੰਘ ਹੀਰਾ, ਕੁਲਜੀਤ ਸਿੰਘ ਰਾਜਾ, ਪਰਮਜੋਤ ਸਿੰਘ ਪੰਮਾ, ਨਿਰਮਲ ਸਿੰਘ ਖੀਵਾ, ਰਾਗੀ ਸੋਹਣ ਸਿੰਘ, ਗੁਰਨਾਮ ਸਿੰਘ ਲਵਲੀ, ਹਰਦੀਪ ਸਿੰਘ, ਸਤਪਾਲ ਸਿੰਘ ਕੰਡਾ, ਰਣਜੀਤ ਸਿੰਘ, ਮਨਦੀਪ ਸਿੰਘ, ਹਰਮਨ ਸਿੰਘ, ਵਾਹਿਗੁਰੂ ਸਿੰਘ, ਪਰਮਿੰਦਰ ਸਿੰਘ ਖਾਲਸਾ, ਇਸ਼ਮੀਤ ਸਿੰਘ, ਤਿਸ਼ਸ਼ਨਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਸਰਬਜੋਤ ਸਿੰਘ, ਜਸ਼ਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਜਸਲੀਨ ਸਿੰਘ, ਚਰਨਪ੍ਰੀਤ ਸਿੰਘ, ਦਮਨਪ੍ਰੀਤ ਸਿੰਘ, ਹਰਮੰਦਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਬਚਾਓ ਯਾਤਰਾ ਦੇ ਸਮੁੱਚੇ ਪ੍ਰਬੰਧ ਮੁਕੰਮਲ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਓਐਸਡੀ ਹਰਦੀਪ ਸਿੰਘ ਭਮਰਾ ਵੱਲੋ ਹਲਕੇ ਨਾਭਾ ਦੇ ਸਮੁੱਚੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਉਪਰੰਤ ਵਰੁਣ ਜਵੈਲਰਸ ਸਦਰ ਬਜ਼ਾਰ ਵਿਖੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪਾਰਟੀ ਪ੍ਰਧਾਨ ਦੇ ਓਐਸਡੀ ਨੇ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 10 ਅਪ੍ਰੈਲ ਦੀ ਯਾਤਰਾ ਦਾ ਹਿੱਸਾ ਬਣਨ ਤੇ ਆਪਣੇ ਆਪਣੇ ਟਰੈਕਟਰਾਂ ਤੇ ਮੋਟਰਸਾਈਕਲਾਂ ਦੇ ਵੱਡੇ ਕਾਫ਼ਲਿਆਂ ਰਾਹੀਂ ਸਵੇਰੇ 10 ਵਜੇ ਪਿੰਡ ਟੌਹੜਾ ਵਿਖੇ ਪਹੁੰਚ ਕੇ ਯਾਤਰਾ ਵਿੱਚ ਸਾਮਲ ਹੁੰਦੇ ਹੋਏ ਵੱਖ-ਵੱਖ ਪਿੰਡਾਂ ਤੋਂ ਦੁਪਹਿਰ ਪਟਿਆਲਾ ਗੇਟ ਵਿਖੇ ਪੁੱਜਣ।ਉਨ੍ਹਾਂ ਹਲਕਾ ਨਾਭਾ ਦੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਵਿੱਚ ਉਦਯੋਗਪਤੀ, ਵਪਾਰੀ, ਛੋਟੇ ਦੁਕਾਨਦਾਰ ਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਤੇ ਸਹਿਰ ਵਾਸੀ ਪੰਜਾਬ ਬਚਾਓ ਯਾਤਰਾ ਦਾ ਭਰਵਾਂ ਸਵਾਗਤ ਕਰਨ, ਉਥੇ ਹੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਹਿਰ ਦੀਆਂ ਸੱਮਸਿਆਵਾਂ ਤੋਂ ਵੀ ਜਾਣੂ ਕਰਾਉਣ।ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਆਪ ਸਰਕਾਰ ਦੇ 2 ਸਾਲਾਂ ਦੇ ਲੋਕ ਵਿਰੋਧੀ ਫੈਸਲਿਆਂ ਤੇ ਝੂਠੇ ਵਾਅਦਿਆਂ ਤੋਂ ਪਰਦਾ ਚੁੱਕਣਗੇ।ਇਸ ਮੌਕੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਨੇ ਸਮੁੱਚੇ ਸ਼ਹਿਰ ਅਤੇ ਪਿੰਡ ਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਯਾਤਰਾ ਦੀ ਸਮਾਪਤੀ ਸਮੇਂ ਪਟਿਆਲਾ ਗੇਟ ਵਿਖੇ ਪੁੱਜ ਕੇ ਸੁਖਬੀਰ ਸਿੰਘ ਬਾਦਲ ਦੇ ਵਿਚਾਰ ਸੁਣਨ ਦੀ ਅਪੀਲ ਕੀਤੀ।

# ਵਿਕਾਸ ਮਿਸ਼ਨ ਦੀ ਨਵੀਂ ਕਾਰਜਕਾਰਨੀ ਦੀ ਪਹਿਲੀ ਮੀਟਿੰਗ ਹੋਈ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**

ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੀ ਨਵੀਂ ਕਾਰਜਕਾਰਨੀ ਦੀ ਪਹਿਲੀ ਮੀਟਿੰਗ ਰੇਲਵੇ ਰੋਡ ਸਥਿਤ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਆਯੋਜਤ ਕੀਤੀ ਗਈ।ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਮਿਸ਼ਨ ਦੇ ਮਾਰਗ ਦਰਸ਼ਕ ਇੰਜ. ਅਸ਼ੋਕ ਕੁਮਾਰ ਭਾਰਤੀ, ਪੈਟਰਨ ਡਾ. ਸੁਰਿੰਦਰ ਗਿਰਧਰ, ਕੈਸ਼ੀਅਰ ਡਾ. ਸੰਜੀਵ ਮਿੱਢਾ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ, ਸਲਾਹਕਾਰ ਅਮਰ ਨਾਥ ਸੇਰਸੀਆ, ਰਾਮ ਸਿੰਘ ਪੱਪੀ ਤੇ ਓ.ਪੀ. ਖਿੱਚੀ (ਦੋਵੇਂ ਉਪ ਪ੍ਰਧਾਨ) ਅਤੇ ਨਰਿੰਦਰ ਕਾਕਾ ਫੋਟੋ ਗ੍ਰਾਫਰ ਆਦਿ ਸ਼ਾਮਿਲ ਹੋਏ। ਜਿਕਰਯੋਗ ਹੈ ਕਿ ਵਿਕਾਸ ਮਿਸ਼ਨ ਪਿਛਲੇ ਦਸ ਸਾਲਾਂ ਤੋਂ ਆਪਣੇ ਪ੍ਰਧਾਨ ਢੋਸੀਵਾਲ ਦੀ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਤਹਿਤ ਸਮਾਜ ਸੇਵਾ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਦਾ ਆ ਰਿਹਾ ਹੈ।

ਮੀਟਿੰਗ ਦੌਰਾਨ ਨਵੀਂ ਕਾਰਜਕਾਰਣੀ ਵੱਲੋਂ ਲੋਕ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਹੋਰ ਵੀ ਅਸਰਦਾਰ ਢੰਗ ਨਾਲ ਕੰਮ ਕਰਨ ਦਾ ਫੈਸਲਾ ਕੀਤਾ ਗਿਆ।ਇਸ ਮੰਤਵ ਲਈ ਸਬ ਕਮੇਟੀ ਦਾ ਗਠਨ ਕੀਤਾ ਗਿਆ।ਮਿਸ਼ਨ ਦੇ ਚੇਅਰਮੈਨ ਨਿਰੰਜਣ ਸਿੰਘ ਰੱਖਰਾ ਨੂੰ ਇਸ ਉੱਚ ਪੱਧਰੀ ਸਬ ਕਮੇਟੀ ਦਾ ਮੁਖੀ ਨਿਯੁਕਤ ਕੀਤਾ ਗਿਆ।ਮਿਸ਼ਨ ਪ੍ਰਸ਼ਾਸਨ ਕੋਆਰਡੀਨੇਟਰ ਰਾਜਿੰਦਰ ਖੁਰਾਣਾ ਸਮੇਤ ਗੁਰਪਾਲ ਸਿੰਘ ਪਾਲੀ ਅਤੇ ਚੌ. ਬਲਬੀਰ ਸਿੰਘ (ਦੋਵੇਂ ਸੀਨੀਅਰ ਮੀਤ ਪ੍ਰਧਾਨ), ਮੀਤ ਪ੍ਰਧਾਨ ਰਾਮ ਸਿੰਘ ਪੱਪੀ ਸਾਬਕਾ ਕੌਂਸਲਰ, ਪੈਟਰਨ ਡਾ. ਸੁਰਿੰਦਰ ਗਿਰਧਰ ਤੇ ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ ਸਮੇਤ ਸੱਤ ਮੈਂਬਰ ਨਿਯੁਕਤ ਕੀਤੇ ਗਏ ਹਨ।ਕਮੇਟੀ ਦੇ ਮੁਖੀ ਰੱਖੜਾ ਦੀ ਅਗਵਾਈ ਹੇਠਲੀ ਸੱਤ ਮੈਂਬਰੀ ਕਮੇਟੀ ਮਿਸ਼ਨ ਕੋਲ ਆਏ ਲੋਕ ਮਸਲਿਆਂ ਨੂੰ ਸਾਸ਼ਨ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਹੱਲ ਕਰਨ ਲਈ ਯਤਨ ਕਰੇਗੀ।ਇਹ ਕਮੇਟੀ ਸ਼ਹਿਰ ਅੰਦਰ ਜਲ ਸਪਲਾਈ, ਸੀਵਰੇਜ, ਟ੍ਰੈਫਿਕ ਤੇ ਨਜਾਇਜ਼ ਕਬਜ਼ੇ ਆਦਿ ਸਮੇਤ ਹੋਰਨਾਂ ਮੁਸ਼ਕਲਾਂ ਬਾਰੇ ਸੂ-ਮੋਟੋ ਨੋਟਿਸ (ਸੈਲਫ ਨੋਟਿਸ) ਲੈ ਕੇ ਵੀ ਇਨ੍ਹਾਂ ਨੂੰ ਹੱਲ ਕਰਾਏਗੀ।

ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਉਕਤ ਸਬ ਕਮੇਟੀ ਸਾਂਝੇ ਲੋਕ ਮਸਲਿਆਂ ਬਾਰੇ ਹੀ ਕਦਮ ਉਠਾਵੇਗੀ।ਪਰਵਾਰਕ ਤੇ ਨਿੱਜੀ ਮਸਲਿਆਂ ਬਾਰੇ ਮਿਸ਼ਨ ਦੇ ਪ੍ਰਧਾਨ, ਚੀਫ ਪੈਟਰਨ ਤੇ ਹੋਰਨਾਂ ਉੱਚ ਆਗੂਆਂ ਨਾਲ ਗੱਲਬਾਤ ਕਰਨ ਉਪਰੰਤ ਅਜਿਹੇ ਮਾਮਲਿਆਂ ਸਬੰਧੀ ਦਖਲ ਦਿੱਤਾ ਜਾਵੇਗਾ।ਪ੍ਰਧਾਨ ਢੋਸੀਵਾਲ ਨੇ ਅੱਗੇ ਇਹ ਵੀ ਦੱਸਿਆ ਹੈ ਕਿ ਇਹ ਸਬ ਕਮੇਟੀ ਆਪਣੇ ਵੱਲੋਂ ਕੀਤੇ ਯਤਨਾਂ ਬਾਰੇ ਹਰ ਮਹੀਨੇ ਦੇ ਆਖਰੀ ਦਿਨ ਮਿਸ਼ਨ ਮੁਖੀ ਨੂੰ ਜਾਣਕਾਰੀ ਦੇਵੇਗੀ।ਮੀਟਿੰਗ ਦੌਰਾਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ 134 ਵੀਂ ਜੈਯੰਤੀ ਮੌਕੇ ਆਉਂਦੀ 14 ਅਪ੍ਰੈਲ ਨੂੰ ਫਸਟ ਟਾਇਮ ਵੋਟਰ ਸਨਮਾਨ ਸਮਾਰੋਹ ਸ਼ਾਨਦਾਰ ਤਰੀਕੇ ਨਾਲ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ।

# ਡੀ ਸੀ ਦਫ਼ਤਰ ਅੱਗੇ ਕਿਸਾਨਾਂ ਦਾ ਧਰਨਾ ਜਾਰੀ, ਮੰਗਾਂ ਮੰਨਣ ਤੱਕ ਜਾਰੀ ਰੱਖਣ ਦਾ ਅਹਿਦ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਕਿਸਾਨ ਆਪਣੀਆਂ ਹੱਕੀ ਮੰਗਾਂ ਲਈ ਚਾਰ ਦਿਨਾਂ ਤੋਂ ਬਠਿੰਡਾ ਡਿਪਟੀ ਦਫ਼ਤਰ ਅੱਗੇ ਧਰਨਾ ਲਾਈ ਬੈਠੇ ਹਨ ਤੇ ਬਦਲਾਅ ਦਾ ਨਾਅਰਾ ਦੇ ਕੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬ ਦੇ ਸੰਘਰਸ਼ਸ਼ੀਲ ਲੋਕ ਆਪਣੀਆਂ ਹੱਕੀ ਮੰਗਾਂ ਮੰਨਵਾਉਣ ਤੇ ਲਾਗੂ ਕਰਾਉਣ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀ ਲਗਾਤਾਰ ਅਣਸੁਣੀ ਕੀਤੀ ਜਾ ਰਹੀ ਹੈ ਅਤੇ ਲਾਠੀਚਾਰਜ ਵੀ ਕੀਤੇ ਗਏ ਹਨ, ਪਰ ਆਮ ਆਦਮੀ ਪਾਰਟੀ ਖੁਦ ਅੱਜ ਧਰਨੇ ਲਾ ਰਹੀ ਹੈ।ਧਰਨੇ ਨੂੰ ਸੰਬੋਧਨ ਕਰਦਿਆਂ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਨੇ ਕੀਤਾ।ਜਥੇਬੰਦੀ ਵੱਲੋਂ ਗੜ੍ਹੇਮਾਰੀ ਤੇ ਤੂਫਾਨ ਕਾਰਨ ਹੋਏ ਨੁਕਸਾਨ, ਬਿਮਾਰੀ ਕਾਰਨ ਪਸ਼ੂਆਂ ਦੇ ਨੁਕਸਾਨ, ਗੈਸ ਪਾਈਪ ਲਾਈਨ ਦੇ ਮੁਆਵਜ਼ੇ ਤੇ ਹੋਰ ਮੰਗਾਂ ਸਬੰਧੀ ਬਠਿੰਡਾ ਦੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਚੌਥੇ ਦਿਨ ਵੀ ਜਾਰੀ ਹੈ।

ਜ਼ਿਲ੍ਹਾ ਮੀਤ ਪ੍ਰਧਾਨ ਬਸੰਤ ਸਿੰਘ ਕੋਠਾ ਗੁਰੂ, ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਅਤੇ ਔਰਤ ਜਥੇਬੰਦੀ ਦੇ ਆਗੂ ਮਾਲਣ ਕੌਰ ਕੋਠਾ ਗੁਰੂ ਨੇ ਕਿਹਾ ਕਿ ਧਰਨੇ ਦੀਆਂ ਮੰਗਾਂ ਸਬੰਧੀ ਦੋ ਕੈਬਨਿਟ ਮੰਤਰੀਆਂ ਗੁਰਮੀਤ ਸਿੰਘ ਖੁੱਡੀਆਂ ਤੇ ਮੀਤ ਹੇਅਰ ਅਤੇ ਤਲਵੰਡੀ ਸਾਬੋ ਤੇ ਮੌੜ ਹਲਕੇ ਤੋਂ ਐਮਐਲਏ ਦੇ ਧਿਆਨ 'ਚ ਲਿਆਂਦਾ ਜਾ ਚੁੱਕਿਆ ਹੈ, ਪਰ ਕਿਸਾਨਾਂ ਦੀਆਂ ਮੰਗਾਂ ਸਬੰਧੀ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੁੱਪ ਧਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਮੰਗਾਂ ਤੋਂ ਟਾਲਾ ਵੱਟਣ ਦਾ ਖਮਿਆਜ਼ਾ ਆਮ ਆਦਮੀ ਦੀ ਪਾਰਟੀ ਨੂੰ ਪਿੰਡਾਂ ਦੀਆਂ ਸੱਥਾਂ ਵਿੱਚ ਭੁਗਤਣਾ ਪਵੇਗਾ।

ਬਲਾਕ ਸੰਗਤ ਦੇ ਪ੍ਰਧਾਨ ਕੁਲਵੰਤ ਸ਼ਰਮਾ ਰਾਇਕੇ ਕਲਾਂ ਨੇ ਕਿਹਾ ਕਿ ਪਿਛਲੇ ਦਿਨੀਂ ਗੜ੍ਹੇਮਾਰੀ ਤੇ ਭਾਰੀ ਤੂਫਾਨ ਕਾਰਨ ਕਿਸਾਨਾਂ ਦੀਆਂ ਫ਼ਸਲਾਂ, ਸਬਜ਼ੀਆਂ ਤੇ ਪਸ਼ੂਆਂ ਦੇ ਸੈਂਡਾਂ ਦਾ ਭਾਰੀ ਨੁਕਸਾਨ ਹੋ ਗਿਆ ਸੀ, ਜਿਸ ਦੇ ਮੁਆਵਜ਼ੇ ਸਬੰਧੀ ਪੰਜ ਮਾਰਚ ਨੂੰ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਵੀ ਦਿੱਤਾ ਜਾ ਚੁੱਕਾ ਹੈ।ਪਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ।ਬੁਲਾਰਿਆਂ ਨੇ ਕਿਹਾ ਕਿ ਇਸ ਤੋਂ ਇਲਾਵਾ ਭਿਆਨਕ ਬਿਮਾਰੀ ਕਾਰਨ ਰਾਏ ਕੇ ਕਲਾਂ, ਆਕਲੀਆ ਕਲਾਂ ਤੇ ਹੋਰ ਪਿੰਡਾਂ ਦੇ ਕਿਸਾਨਾਂ ਦੇ ਪਸ਼ੂਧਨ ਦਾ ਵੱਡਾ ਨੁਕਸਾਨ ਹੋ ਗਿਆ ਹੈ, ਜਿਸ ਸਬੰਧੀ ਖੇਤੀਬਾੜੀ ਮੰਤਰੀ ਅਤੇ ਡਾਕਟਰਾਂ ਦੀਆਂ ਟੀਮਾਂ ਨੇ ਵੀ ਪਿੰਡਾਂ ਵਿੱਚ ਕਿਸਾਨਾਂ ਨੂੰ ਪਸ਼ੂਆਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ।

ਇਸ ਤੋਂ ਇਲਾਵਾ ਨਹਿਰੀ ਪਾਣੀ ਦੀ ਟੇਲਾਂ ਤੇ ਵੱਡੀ ਸਮੱਸਿਆ ਹੈ, ਜੋ ਹੱਲ ਨਹੀਂ ਕੀਤੀ ਜਾ ਰਹੀ।ਕਿਸਾਨ ਆਗੂਆਂ ਨੇ ਕਿਹਾ ਕਿ ਇਹ ਮਸਲਾ ਵੀ ਐਮਐਲਏ ਤੇ ਖੇਤੀਬਾੜੀ ਮੰਤਰੀ ਦੇ ਲਗਾਤਾਰ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੀ ਤਾਂ ਆਉਂਦੇ ਦਿਨਾਂ ਵਿੱਚ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰ ਲਈ ਤਿਆਰ ਰਹੇ।ਬਠਿੰਡਾ ਦੇ ਡਿਪਟੀ ਕਮਿਸ਼ਨਰ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਬਠਿੰਡਾ ਦੇ ਆਗੂਆਂ ਨਾਲ ਗੈਸ ਪਾਈਪ ਲਾਈਨ ਦੇ ਮੁਆਵਜੇ ਸਬੰਧੀ ਤੈਅ ਕੀਤੀਆਂ ਹੋਈਆਂ ਮੀਟਿੰਗਾਂ ਨਾ ਕਰਨ ਅਤੇ ਇਸ ਸਬੰਧੀ ਹੋਏ ਲਿਖਤੀ ਸਮਝੌਤੇ ਨੂੰ ਲਾਗੂ ਕਰਨ ਦਾ ਮੁੱਦਾ ਵੀ ਵਿਸ਼ੇਸ਼ ਬਣਿਆ ਹੋਇਆ ਹੈ।ਸਟੇਜ ਦਾ ਸੰਚਾਲਨ ਗੁਲਾਬ ਸਿੰਘ ਜਿਉਂਦ ਨੇ ਕੀਤਾ।ਲੋਕ ਪੱਖੀ ਗੀਤਕਾਰ ਹਰਬੰਸ ਘਣੀਆਂ ਤੇ ਨਿਰਮਲ ਸਿੰਘ ਸਿਵੀਆਂ ਨੇ ਗੀਤ ਪੇਸ਼ ਕੀਤੇ।

9-Aril-PAGE-11-Majha-24.qxd 4/8/2024 10:53 PM Page 1



# ਨਾਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲੇ ਦੋ ਵਿਅਕਤੀ ਕਾਬੂ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਪੰਜਾਬ ਸਰਕਾਰ ਤੇ ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਵੱਲੋਂ ਨਸ਼ਿਆਂ ਖਿਲਾਫ ਵਿਢੀ ਮੁਹਿੰਮ ਤਹਿਤ ਪੁਲਸ ਥਾਣਾ ਭਿੰਡੀ ਸੈਦਾਂ ਨੇ ਭਾਰੀ ਮਾਤਰਾ 'ਚ ਲਾਹਣ ਤੇ ਨਾਜਾਇਜ਼ ਸ਼ਰਾਬ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਭਿੰਡੀ ਸੈਦਾਂ ਦੇ ਸੀਨੀਅਰ ਅਫਸਰ ਆਗਿਆਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਸੀਨੀਅਰ ਅਫਸਰਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਹੱਦੀ ਖੇਤਰ 'ਚ ਨਸ਼ਿਆਂ ਦੇ ਮੁਕੰਮਲ ਖਾਤਮ ਲਈ ਪੁਲਸ ਵੱਲੋਂ ਪੂਰੀ ਮੁਸਤੈਦੀ ਨਾਲ ਕੰਮ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਪੁਲਸ ਪਾਰਟੀ ਵੱਲੋਂ ਸਰਵਣ ਸਿੰਘ ਪੁੱਤਰ ਧਰਮ ਸਿੰਘ ਵਾਸੀ ਭਿੰਡੀ ਸੈਦਾਂ ਨੂੰ 360 ਲੀਟਰ ਲਾਹਣ ਅਤੇ 50 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕਰਨ ਦੇ ਨਾਲ-ਨਾਲ ਸਰਹੱਦੀ ਪਿੰਡ ਸੈਦਪੁਰ ਕਲਾਂ ਤੋਂ ਇਕ ਹੋਰ ਵਿਅਕਤੀ ਰਤਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਨੂੰ 7500 ਐੱਮਐੱਲ ਅਲਕੋਹਲ ਸ਼ਰਾਬ ਸਮੇਤ ਕਾਬੂ ਕੀਤਾ ਗਿਆ ਹੈ! ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਦੋਵਾਂ ਵਿਅਕਤੀਆਂ ਖਿਲ਼ਾਫ ਬਣਦੀ ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਅਗਲੀ ਕਰਵਾਈ ਸ਼ੁਰੂ ਕਰ ਦਿੱਤੀ ਹੈ!

# ਮਜੀਠੀਆ ਗੁਰਦੁਆਰਾ ਡੇਰਾ ਭਗਤਾਂ ਵਿਖੇ ਹੋਏ ਨਤਮਸਤਕ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਗੁਰਦੁਆਰਾ ਡੇਰਾ ਭਗਤਾਂ ਤਰਸਿੱਕਾ ਵਿਖੇ ਨਤਮਸਤਕ ਹੋਏ ਜਿਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਸੰਤ ਬਾਬਾ ਗੁਰਦੇਵ ਸਿੰਘ ਕੋਲੋਂ ਆਸ਼ੀਰਵਾਦ ਲਿਆ ਗਿਆ। ਸਾਬਕਾ ਕੈਬਨਿਟ ਮੰਤਰੀ ਮਜੀਠੀਆ ਜੋ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਹਨ, ਵੱਲੋਂ ਹਲਕੇ ਦੇ ਵੱਖ-ਵੱਖ ਧਾਰਮਿਕ ਸਥਾਨਾਂ ਤੇ ਪਹੁੰਚ ਕੇ ਅਸੀਰਵਾਦ ਲਿਆ ਜਾ ਰਿਹਾ ਹੈ। ਇਸੇ ਲੜੀ ਤਹਿਤ ਹੀ ਉਹ ਗੁਰਦੁਆਰਾ ਡੇਰਾ ਭਗਤਾਂ ਦਾ ਤਰਸਿੱਕਾ ਜੋ ਕਿ ਇਲਾਕੇ ਵਿੱਚ ਆਪਣੀ ਵੱਖਰੀ ਪਛਾਣ ਰੱਖਦਾ ਹੈ, ਵਿਖੇ ਪਹੁੰਚ ਕੇ ਸ਼ਰਧਾਪੂਰਵਕ ਨਤਮਸਤਕ ਹੋਏ ਜਿਨਾਂ ਨੂੰ ਜੀ ਆਇਆਂ ਕਹਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੇਵ ਸਿੰਘ ਵੱਲੋਂ ਆਸ਼ੀਰਵਾਦ ਦਿੰਦਿਆਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਉਹ ਇੱਕ ਆਮ ਨਿਮਾਣੇ ਸਿੱਖ ਵਜੋਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ ਹਨ ਜਿਨਾਂ ਦੇ ਮਨ ਨੂੰ ਇੱਥੇ ਆ ਕੇ ਬਹੁਤ ਸਕੂਨ ਮਿਲਿਆ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਮੋਰਚੇ ਤੇ ਫੇਲ ਸਾਬਤ ਹੋਈ ਹੈ।

ਉਨ੍ਹਾਂ ਕਿਹਾ ਕਿ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਜੰਡਿਆਲਾ ਸਤਿੰਦਰਜੀਤ ਸਿੰਘ ਛੱਜਲਵੱਡੀ, ਹਰਜੀਤ ਸਿੰਘ ਗੋਲੂ ਪ੍ਰਧਾਨ ਆਈਟੀ ਵਿੰਗ, ਨਿਸ਼ਾਨ ਸਿੰਘ ਜੰਡ, ਕਾਬਲ ਸਿੰਘ ਤਰਸਿੱਕਾ, ਮੁਖਤਾਰ ਸਿੰਘ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਸਖੀ ਸਰਵਰ ਬਾਬਾ ਲੱਖ ਦਾਤਾ ਜੀ ਦੇ ਦਰਬਾਰ 'ਤੇ ਜੋੜ ਮੇਲਾ 14 ਨੂੰ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਅਜਨਾਲਾ ਅੰਮ੍ਰਿਤਸਰ ਰੋਡ ਕਾਲਿਆਂ ਵਾਲੇ ਖੂਹ ਵਾਲੀ ਗਲੀ ਵਿੱਚ ਸਥਿਤ ਦਰਬਾਰ ਪੀਰ ਸਖੀ ਸਰਵਰ ਲੱਖ ਦਾਤਾ ਲਾਲਾਂ ਵਾਲੀ ਸਰਕਾਰ ਜੀ ਦਾ ਸਾਲਾਨਾ ਜੋੜ ਮੇਲਾ ਮਿਤੀ 14 ਅਪ੍ਰੈਲ (2 ਵਿਸਾਖ) ਦਿਨ ਐਤਵਾਰ ਵਾਲੇ ਦਿਨ 11 ਵਜੇ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਦੇ ਨਾਲ ਮਨਾਇਆ ਜਾਵੇਗਾ।ਇਸ ਅਵਸਰ 'ਤੇ ਦਰਬਾਰ 'ਤੇ ਚਾਦਰ ਅਤੇ ਝੰਡਾ ਚੜ੍ਹਾਉਣ ਦੀ ਰਸਮ ਮੁੱਖ ਸੇਵਾਦਾਰ ਬਾਬਾ ਕਾਹਨਾ ਸ਼ਾਹ ਜੀ ਅਜਨਾਲਾ ਵਾਲੇ ਅਤੇ ਬਾਬਾ ਮੁਕੇਸ਼ ਸ਼ਾਹ ਜੀ ਕੋਟ ਵਾਲੇ ਅਦਾ ਕਰਨਗੇ।ਨਾਮਵਰ ਸੂਫੀ ਕੱਵਾਲਾਂ ਵੱਲੋਂ ਬਾਬਾ ਜੀ ਦੀਆਂ ਕੱਵਾਲੀਆਂ ਦਾ ਗੁਣਗਾਨ ਵੀ ਕੀਤਾ ਜਾਵੇਗਾ।ਸਾਰਾ ਦਿਨ ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਜਾਵੇਗਾ।ਇਸ ਮੌਕੇ ਬਾਬਾ ਭੋਲੇ ਸ਼ਾਹ, ਰਮੇਸ਼ ਕੁਮਾਰ ਅਜਨਾਲਾ, ਬਾਬਾ ਸ਼ਮਸ਼ੇਰ ਸਿੰਘ ਸ਼ੇਰਾ, ਬਬਲੂ ਸ਼ਾਹ ਅਜਨਾਲਾ ਆਦਿ ਹਾਜ਼ਰ ਸਨ।

# ਪ੍ਰੀਖਿਆ 'ਚ ਗੁਰਸਿੱਖ ਵਿਦਿਆਰਥੀਆਂ ਨੂੰ ਕੜਾ ਉਤਾਰਨ ਲਈ ਮਜਬੂਰ ਕਰਨ ਦਾ ਧਾਮੀ ਨੇ ਲਿਆ ਸਖ਼ਤ ਨੋਟਿਸ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ 6 ਅਪ੍ਰੈਲ ਨੂੰ ਮੋਹਾਲੀ ਵਿਖੇ ਕਰਵਾਏ ਗਏ ਜੇਈਈ ਮੇਨਜ਼ ਦੇ ਪੇਪਰ ਦੌਰਾਨ ਸਿੱਖ ਵਿਦਿਆਰਥੀਆਂ ਦੇ ਕੜੇ ਉਤਰਵਾਉਣ ਅਤੇ ਕੜਿਆਂ ਉੱਪਰ ਟੇਪ ਲਗਾਉਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਪੜਤਾਲ ਦੇ ਆਦੇਸ਼ ਦਿੱਤੇ ਹਨ।

ਇਸ ਸਬੰਧ ਵਿੱਚ ਪੜਤਾਲ ਦੇ ਨਾਲ-ਨਾਲ ਐਡਵੋਕੇਟ ਧਾਮੀ ਨੇ ਨੈਸ਼ਨਲ ਟੈਸਟਿੰਗ ਏਜੰਸੀ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਸਿੱਖਾਂ ਨਾਲ ਹੁੰਦੇ ਇਸ ਵਿਤਕਰੇ ਪ੍ਰਤੀ ਸਖ਼ਤ ਇਤਰਾਜ਼ ਪ੍ਰਗਟ ਕਰਨ ਲਈ ਵੀ ਆਖਿਆ ਹੈ।ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਸਿੱਖ ਪ੍ਰੀਖਿਆਰਥੀ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਸ ਦਾ 6 ਅਪ੍ਰੈਲ ਨੂੰ ਮੋਹਾਲੀ ਦੇ ਇੱਕ ਪ੍ਰਾਈਵੇਟ ਕੇਂਦਰ ਵਿਖੇ ਨੈਸ਼ਨਲ ਟੈਸਟਿੰਗ ਏਜੰਸੀ ਜ਼ਰੀਏ ਕਰਵਾਇਆ ਜਾਂਦਾ ਜੇਈਈ ਮੇਨਜ਼ ਦਾ ਪੇਪਰ ਸੀ।ਸਿੱਖ ਪ੍ਰੀਖਿਆਰਥੀ ਅਨੁਸਾਰ ਪੇਪਰ ਕੇਂਦਰ ਦੇ ਸਟਾਫ਼ ਵੱਲੋਂ ਉਸ ਨੂੰ ਜ਼ਬਰਦਸਤੀ ਕੜਾ ਉਤਾਰਨ ਲਈ ਕਿਹਾ ਗਿਆ, ਜੋ ਕਿ ਬਰਦਾਸ਼ਤਯੋਗ ਨਹੀਂ ਅਤੇ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ।ਜਦੋਂ ਸਿੱਖ ਪ੍ਰੀਖਿਆਰਥੀ ਨੇ ਇਸ ਜ਼ਬਰਦਸਤੀ ਦਾ ਵਿਰੋਧ ਕੀਤਾ ਤਾਂ ਉਸ ਦੇ ਕੜੇ ਉੱਪਰ ਟੇਪ ਲਗਾ ਕੇ ਹੀ ਉਸ ਨੂੰ ਪੇਪਰ ਵਿੱਚ ਬੈਠਣ ਦਿੱਤਾ ਗਿਆ।ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਪੇਪਰ ਕੇਂਦਰਾਂ ਵੱਲੋਂ ਸਿੱਖ ਪ੍ਰੀਖਿਆਰਥੀਆਂ ਨਾਲ ਕੀਤਾ ਜਾਂਦਾ ਵਿਤਕਰਾ ਉਨ੍ਹਾਂ ਦੀ ਮਾਨਸਿਕਤਾ ਨੂੰ ਸੱਟ ਮਾਰਨ ਵਾਲਾ ਹੈ।ਉਨ੍ਹਾਂ ਕਿਹਾ ਕਿ ਪੇਪਰ ਤੋਂ ਪਹਿਲਾਂ ਸਬੰਧਤ ਏਜੰਸੀਆਂ ਦੇ ਸਟਾਫ਼ ਮੈਂਬਰਾਂ ਵੱਲੋਂ ਉਨ੍ਹਾਂ ਦੀ ਮਾਨਸਿਕਤਾ 'ਤੇ ਅਸਰ ਪਾਉਂਦਾ ਹੈ ਜਿਸ ਨਾਲ ਪੇਪਰ ਵਿੱਚ ਕਾਰਗੁਜ਼ਾਰੀ 'ਤੇ ਵੀ ਅਸਰ ਪੈਂਦਾ ਹੈ।ਕੜਾ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ ਕਕਾਰ ਹੈ ਅਤੇ ਇਹ ਸਿੱਖ ਪਛਾਣ, ਮੌਲਿਕ ਅਧਿਕਾਰਾਂ ਦਾ ਅਹਿਮ ਹਿੱਸਾ ਹੈ, ਜਿਸ ਨੂੰ ਇੱਕ ਸਿੱਖ ਦੇ ਸਰੀਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ ਅਨੁਸਾਰ ਇਸ ਮਾਮਲੇ ਦੀ ਪੜਤਾਲ ਸਬੰਧੀ ਚੰਡੀਗੜ੍ਹ ਸਬ-ਦਫ਼ਤਰ ਦੇ ਇੰਚਾਰਜ ਲਖਵੀਰ ਸਿੰਘ, ਪ੍ਰਚਾਰਕ ਰਾਜਪਾਲ ਸਿੰਘ ਅਤੇ ਲੇਖਕ ਆਈ. ਟੀ. ਵਿਭਾਗ ਜਸਕਰਨ ਸਿੰਘ ਦੀ ਡਿਊਟੀ ਲਗਾ ਦਿੱਤੀ ਗਈ ਹੈ।ਨੈਸ਼ਨਲ ਟੈਸਟਿੰਗ ਏਜੰਸੀ ਪਾਸ ਵੀ ਇਸ ਘਟਨਾ ਸਬੰਧੀ ਸਖ਼ਤ ਇਤਰਾਜ਼ ਪ੍ਰਗਟ ਕੀਤਾ ਜਾਵੇਗਾ ਅਤੇ ਪ੍ਰਾਪਤ ਰਿਪੋਰਟ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ।

# ਰੋਹਿਤ ਟੈਲੀਕਾਮ ਤੋਂ ਚੋਰ ਤੜਕਸਾਰ 30 ਲੱਖ ਰੁਪਏ ਕੀਮਤ ਦੇ ਮੋਬਾਇਲ ਲੈ ਕੇ ਰਫ਼ੂਚੱਕਰ



ਗੁਰਦਾਸਪੁਰ, (ਜਨਕ ਮਹਾਜਨ)-ਅੱਜ ਸਵੇਰ ਤੜਕਸਾਰ ਗੁਰਦਾਸਪੁਰ ਦੇ ਮੇਨ ਬਾਜ਼ਾਰ ਵਿਚ ਕਲਾ ਕੇਂਦਰ ਦੇ ਸਾਹਮਣੇ ਰੋਹਿਤ ਟੈਲੀਕਾਮ ਦੀ ਦੁਕਾਨ 'ਤੇ ਚੋਰਾਂ ਵੱਲੋਂ ਚੋਰੀ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਚੋਰੀ ਦੀ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਰੋਹਿਤ ਟੈਲੀਕਾਮ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਜਦੋਂ ਆਪਣੀ ਦੁਕਾਨ 'ਤੇ ਆਇਆ ਤਾਂ ਦੇਖਿਆ ਕਿ ਦੁਕਾਨ ਦਾ ਸ਼ਟਰ ਪਹਿਲਾਂ ਹੀ ਖੁੱਲ੍ਹਾ ਪਿਆ ਸੀ, ਜਿਸ ਤੋਂ ਬਾਅਦ ਅੰਦਰ ਜਾ ਕੇ ਦੇਖਿਆ ਕਿ ਦੁਕਾਨ ਅੰਦਰ ਪਏ ਸਾਰੇ ਮੋਬਾਇਲ ਗ਼ਾਇਬ ਸੀ।

ਉਨ੍ਹਾਂ ਦੱਸਿਆ ਕਿ ਚੋਰਾਂ ਵੱਲੋਂ ਉਸ ਦੀ ਦੁਕਾਨ ਵਿਚਲੇ ਸਾਰੇ ਮੋਬਾਇਲ ਚੋਰੀ ਕਰ ਲਏ ਗਏ ਹਨ। ਉਨ੍ਹਾਂ ਕਿਹਾ ਚੋਰ ਡੱਬੇ ਤਾਂ ਦੁਕਾਨ ਵਿਚ ਹੀ ਛੱਡ ਕੇ ਪਰ ਦੁਕਾਨ ਅੰਦਰ ਪਏ ਮਹਿੰਗੇ-ਮਹਿੰਗੇ ਮੋਬਾਇਲ ਚੋਰੀ ਕਰਕੇ ਰਫ਼ੂਚੱਕਰ ਹੋ ਗਏ। ਉਨ੍ਹਾਂ ਇਸ ਨਾਲ ਉਸ ਦਾ 30 ਲੱਖ ਰੁਪਏ ਦੇ ਕਰੀਬ ਨੁਕਸਾਨ ਹੋਇਆ ਹੈ।

ਉਨ੍ਹਾਂ ਕਿਹਾ ਚੋਰੀ ਇਹ ਸਾਰੀ ਘਟਨਾ ਸੀਸੀਟੀਵੀ. ਕੈਮਰੇ ਵਿਚ ਕੈਦ ਹੋ ਚੁੱਕੀ ਹੈ ਜਿਸ ਤੋਂ ਸਾਫ਼ ਪਤਾ ਲੱਗ ਰਿਹਾ ਹੈ ਕਿ ਅੱਜ ਸਵੇਰੇ 5 ਵਜੇ ਦੇ ਕਰੀਬ 5 ਨੌਜਵਾਨ ਜਿਨ੍ਹਾਂ ਦੀ ਉਮਰ ਕਰੀਬ 20 ਤੋਂ 25 ਸਾਲ ਲੱਗ ਰਹੀ ਹੈ, ਉਹ ਦੁਕਾਨ ਵਿਚ ਆਏ ਤੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਨਿਕਲ ਗਏ। ਇਸ ਮੌਕੇ ਵਪਾਰ ਮੰਡਲ ਦੇ ਪ੍ਰਧਾਨ ਦਰਸ਼ਨ ਮਹਾਜਨ ਅਤੇ ਹੋਰ ਦੁਕਾਨਦਾਰਾਂ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਸ਼ਹਿਰ ਦੀ ਸੁਰੱਖਿਆ ਲਈ ਫਲੈਗ ਮਾਰਚ ਕੀਤੇ ਜਾਂਦੇ ਹਨ ਪਰ ਚੋਰਾਂ ਵੱਲੋਂ ਇਹ ਦੱਸ ਦਿੱਤਾ ਗਿਆ ਹੈ ਕਿ ਗੁਰਦਾਸਪੁਰ ਸ਼ਹਿਰ ਅੰਦਰ ਪੁਲਸ ਕਿੰਨੀ ਕੁ ਮੁਸਤੈਦ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਨਿਗਰਾਨੀ ਲਈ ਕਈ ਪੁਲਸ ਪਾਰਟੀਆਂ ਗਸ਼ਤ ਕਰਦੀਆਂ ਹਨ ਪਰ ਅੱਜ ਉਹ ਵੀ ਇਸ ਚੋਰੀ ਦੀ ਘਟਨਾ ਰੋਕਣ ਵਿਚ ਨਾਕਾਮਯਾਬ ਰਹੀਆਂ।

ਉਨ੍ਹਾਂ ਕਿਹਾ ਕਿ ਜੇਕਰ ਪੁਲਸ ਵੱਲੋਂ ਇਸ ਚੋਰੀ ਦੀ ਘਟਨਾ ਨਾ ਪਤਾ ਨਾ ਲਗਾਇਆ ਗਿਆ ਤਾਂ ਉਨ੍ਹਾਂ ਵੱਲੋਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਦਾ ਪੂਰਨ ਬਾਈਕਾਟ ਕੀਤਾ ਜਾਵੇਗਾ ਅਤੇ ਸ਼ਹਿਰ ਦੇ ਚੌਕ ਵਿਚ ਇਕ ਵੱਡਾ ਰੋਸ ਧਰਨਾ ਦਿੱਤਾ ਜਾਵੇਗਾ।

ਆਏ ਦਿਨ ਗੁਰਦਾਸਪੁਰ ਸ਼ਹਿਰ ਅੰਦਰ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਪਰ ਪੁਲਸ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਬੈਠਾ ਹੋਇਆ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਚੋਰੀ ਦੀ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਚੋਰਾਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਸਾਨੂੰ ਇਨਸਾਫ਼ ਦਿਵਾਇਆ ਜਾਵੇ।

# ਚੋਣਾਂ ਦੇ ਮੱਦੇਨਜ਼ਰ ਆਬਕਾਰੀ ਵਿਭਾਗ ਦੇ ਅਫਸਰਾਂ/ਸਟਾਫ ਨਾਲ ਕੋਆਰਡੀਨੇਸ਼ਨ ਮੀਟਿੰਗ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਮਾਣਯੋਗ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਵੱਖ-ਵੱਖ ਵਿਭਾਗਾਂ ਦੀਆਂ ਕੋਆਰਡੀਨੇਸ਼ਨ ਮੀਟਿੰਗਾਂ ਕਰਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਦਾਯਮਾ ਹਰੀਸ਼ ਕੁਮਾਰ ਆਈਪੀਐੱਸ, ਸੀਨੀਅਰ ਕਪਤਾਨ ਪੁਲਸ, ਗੁਰਦਾਸਪੁਰ ਵੱਲੋਂ ਆਪਣੇ ਦਫ਼ਤਰ ਵਿਖੇ ਆਬਕਾਰੀ ਵਿਭਾਗ ਦੇ ਅਫਸਰਾਂ/ਸਟਾਫ ਨਾਲ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਆਬਕਾਰੀ ਵਿਭਾਗ ਵੱਲੋਂ ਹਨਵੰਤ ਸਿੰਘ, ਸਹਾਇਕ ਆਬਕਾਰੀ ਕਮਿਸ਼ਨਰ ਸਮੇਤ ਸਟਾਫ, ਕਪਤਾਨ ਪੁਲਸ, ਇਨਵੈਸਟੀਗੇਸ਼ਨ, ਗੁਰਦਾਸਪੁਰ (ਨੋਡਲ ਅਫਸਰ) ਅਤੇ ਉਪ ਕਪਤਾਨ ਪੁਲਸ, ਸਥਾਨਿਕ, ਗੁਰਦਾਸਪੁਰ (ਸਹਾਇਕ ਨੋਡਲ ਅਫਸਰ) ਮੀਟਿੰਗ ਵਿੱਚ ਸ਼ਾਮਿਲ ਹੋਏ।ਇਸ ਮੀਟਿੰਗ ਵਿੱਚ ਚੋਣ ਜ਼ਾਬਤੇ ਦੌਰਾਨ ਠੇਕਾ ਸ਼ਰਾਬ ਦੀ ਮੂਵਮੈਂਟ ਬਾਰੇ, ਸਬੰਧਤ ਉਪ ਕਪਤਾਨ ਪੁਲਸ, ਗੁਰਦਾਸਪੁਰ ਤੇ ਆਬਕਾਰੀ ਇੰਸਪੈਕਟਰ ਦੀ ਦੇਖ-ਰੇਖ ਵਿੱਚ ਸਪੈਸ਼ਲ ਨਾਕੇ ਲਗਾਉਣ ਅਤੇ ਸ਼ੱਕੀ ਥਾਵਾਂ ਜਿੱਥੇ ਸ਼ਰਾਬ ਦੀ ਜਮ੍ਹਾਂਖੋਰੀ ਕੀਤੇ ਜਾਣ ਦਾ ਖਦਸ਼ਾ ਹੈ ਜਾਂ ਅਜਿਹੀਆਂ ਥਾਵਾਂ ਜਿੱਥੇ ਨਜਾਇਜ਼ ਸ਼ਰਾਬ ਤਿਆਰ ਕੀਤੀ ਜਾਂਦੀ ਹੈ, ਵਿਖੇ ਵੱਖ-ਵੱਖ ਟੀਮਾਂ ਬਣਾ ਕੇ ਰੇਡ ਕਰਕੇ ਜ਼ਾਬਤੇ ਅਨੁਸਾਰ ਕਾਰਵਾਈ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਤੋਂ ਇਲਾਵਾ ਦਾਯਮਾ ਹਰੀਸ਼ ਕੁਮਾਰ, ਆਈਪੀਐੱਸ, ਸੀਨੀਅਰ ਕਪਤਾਨ ਪੁਲਸ, ਗੁਰਦਾਸਪੁਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਨਜਾਇਜ਼ ਸ਼ਰਾਬ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ/ਮਾੜੇ ਅਨਸਰਾਂ ਦੀ ਸੂਚਨਾ ਪੁਲਸ ਵਿਭਾਗ ਨੂੰ ਦੇਣ ਤਾਂ ਜੋ ਨਸ਼ੇ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਖਿਲਾਫ ਠੋਸ ਕਾਰਵਾਈ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ-ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਜਥੇਬੰਦਕ ਚੋਣ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਅੱਜ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਜਥੇਬੰਦਕ ਚੋਣ ਪ੍ਰਕਿਰਿਆ ਸਥਾਨਕ ਸ਼ਹਿਰ ਵਿਖੇ ਸੰਪੰਨ ਹੋਈ।ਇਸ ਸੰਬੰਧੀ ਨਾਮਜ਼ਦ ਚੋਣ ਅਧਿਕਾਰੀ ਗੁਰਮੀਤ ਸਿੰਘ ਬਾਜਵਾ ਅਤੇ ਮਨਪ੍ਰੀਤ ਸਿੰਘ ਸੋਹਲ ਨੂੰ ਜ਼ਿਲ੍ਹਾ ਪ੍ਰਧਾਨ ਅਤੇ ਬਲਾਕ ਪ੍ਰਧਾਨ ਦੇ ਅਹੁਦਿਆਂ ਲਈ ਨਾਮਜ਼ਦਗੀਆਂ ਪ੍ਰਾਪਤ ਹੋਈਆਂ ਜਿਨ੍ਹਾਂ ਦੀ ਪੜਤਾਲ ਤੋਂ ਬਾਅਦ ਚੋਣ ਅਧਿਕਾਰੀਆਂ ਨੇ ਪ੍ਰੈੱਸ ਨੂੰ ਚੋਣ ਨਤੀਜਿਆਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਸੇ ਵੀ ਅਹੁਦੇ ਲਈ ਹੋਰ ਨਾਮਜ਼ਦਗੀ ਨਹੀਂ ਆਈ।ਇਸ ਕਾਰਨ ਇਹ ਚੋਣ ਅੱਜ ਹੀ ਸੰਪੰਨ ਹੋ ਗਈ ਜਿਸ ਅਨੁਸਾਰ ਜ਼ਿਲ੍ਹਾ ਪ੍ਰਧਾਨ ਕੁਲਦੀਪ ਪੁਰੋਵਾਲ ਬਿਨਾਂ ਮੁਕਾਬਲਾ ਚੁਣੇ ਗਏ।

ਬਲਾਕ ਗੁਰਦਾਸਪੁਰ-1 ਤੋਂ ਕਪਿਲ ਸ਼ਰਮਾ, ਗੁਰਦਾਸਪੁਰ-2 ਤੋਂ ਬਲਕਾਰ ਸਿੰਘ, ਦੀਨਾਨਗਰ-1ਤੋਂ ਨੂਤਨ ਕੁਮਾਰ, ਦੀਨਾਨਗਰ-2 ਤੋਂ ਪਵਨ ਕੁਮਾਰ, ਧਾਰੀਵਾਲ-1 ਤੋਂ ਬਲਵਿੰਦਰ ਕੁਮਾਰ, ਧਾਰੀਵਾਲ-2 ਤੋਂ ਨਰਿੰਦਰ ਸ਼ਰਮਾ, ਬਟਾਲਾ-1 ਤੋਂ ਗੁਰਪਰੀਤ ਰੰਗੀਲਪੁਰ, ਕਲਾਨੌਰ ਤੋਂ ਮੰਗਲਦੀਪ, ਦੋਰਾਂਗਲਾ ਤੋਂ ਜੋਤ ਪਰਕਾਸ਼ ਸਿੰਘ, ਡੇਰਾ ਬਾਬਾ ਨਾਨਕ-1 ਤੋਂ ਅਮਰਬੀਰ ਸਿੰਘ ਬੰਟੀ, ਡੇਰਾ ਬਾਬਾ ਨਾਨਕ-2 ਤੋਂ ਸੁਭਾਸ ਚੰਦਰ, ਕਾਹਨੂੰਵਾਨ-1 ਲਵਪ੍ਰੀਤ ਰੋੜਾਂਵਾਲੀ, ਕਾਹਨੂੰਵਾਨ-2 ਤੋਂ ਸੁਭਾਸ਼ ਚੰਦ ਧਾਰੀਵਾਲ, ਕਾਦੀਆਂ ਤੋਂ ਕੁਲਜੀਤ ਸਿੰਘ, ਹਰਗੋਬਿੰਦਪੁਰ ਤੋਂ ਸਤਿੰਦਰ ਕੌਰ, ਬਟਾਲਾ-2 ਤੋਂ ਕਮਲ ਦੱਬ, ਧਿਆਨਪੁਰ ਤੋਂ ਸੁੱਖਵਿੰਦਰ ਸਿੰਘ, ਫ਼ਤਿਹਗੜ੍ਹ ਚੂੜੀਆਂ ਤੋਂ ਰਸ਼ਪਾਲ ਸਿੰਘ ਚੁਣੇ ਗਏ।ਚੋਣ ਉਪਰੰਤ ਜ਼ਿਲ੍ਹਾ ਪ੍ਰਧਾਨ ਕੁਲਦੀਪ ਪੂਰੋ ਵਾਲ ਨੇ ਜ਼ਿਲ੍ਹਾ ਕਮੇਟੀ ਦਾ ਐਲਾਨ ਕਰਦਿਆਂ ਦਿਲਦਾਰ ਭੰਡਾਲ ਜਨਰਲ ਸਕੱਤਰ, ਸੁੱਖਵਿੰਦਰ ਰੰਧਾਵਾ ਵਿੱਤ ਸਕੱਤਰ, ਅਨਿਲ ਕੁਮਾਰ, ਗੁਰਪਰੀਤ ਰੰਗੀਲਪੁਰ, ਗੁਰਮੀਤ ਬਾਜਵਾ ਸੀਨੀਅਰ ਮੀਤ ਪ੍ਰਧਾਨ, ਰਾਜ ਸੁਖਵਿੰਦਰ ਸਿੰਘ, ਲਵਪ੍ਰੀਤ ਰੋੜਾਂਵਾਲੀ, ਸੁਖਦੇਵ ਸਿੰਘ ਕਲੇਰ ਮੀਤ ਪ੍ਰਧਾਨ, ਸੁਭਾਸ਼ ਚੰਦ ਪ੍ਰੈੱਸ ਸਕੱਤਰ, ਸਹਾਇਕ ਸਕੱਤਰ ਉਤਮ ਮਿਨਹਾਸ, ਜਥੇਬੰਦਕ ਸਕੱਤਰ ਪਰਸ਼ੋਤਮ ਲਾਲ, ਸਹਾਇਕ ਸਕੱਤਰ ਰਘੁਬੀਰ ਚੰਦ, ਅਮਨਦੀਪ ਧਾਰੀਵਾਲ, ਜਤਿੰਦਰ ਕੁਮਾਰ, ਦਲਜੀਤ ਖਾਲਸਾ, ਜਗਦੀਸ਼ ਰਾਜ ਬੈਂਸ, ਮਨਜੀਤ ਸਿੰਘ, ਸਲਵਿੰਦਰ ਕੁਮਾਰ, ਸਰਬਜੀਤ ਸੋਹਲ, ਕੁਲਦੀਪ ਹੰਸਪਾਲ, ਇਸਤਰੀ ਆਧਿਆਪਕਾਂ ਵਲੋਂ ਅਮਨ ਗੁਰਦਾਸਪੁਰ ਜ਼ਿਲ੍ਹਾ ਕਮੇਟੀ ਮੈਂਬਰ ਨਾਮਜ਼ਦ ਕੀਤੇ ਗਏ।

# ਕੁਲਵਿੰਦਰ ਕੌਰ ਨਾਲ ਵਾਪਰੀ ਘਟਨਾ ਖਿਲਾਫ 11 ਨੂੰ ਮਾਰਚ ਕੱਢਿਆ ਜਾਵੇਗਾ: ਮਾਸਟਰ ਦਲਜੀਤ ਸਿੰਘ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**—ਵਲਟੋਹੇ ਵਿੱਚ ਅਣਮਨੁੱਖੀ ਵਿਹਾਰ ਦਾ ਸ਼ਿਕਾਰ ਹੋਈ ਕੁਲਵਿੰਦਰ ਕੌਰ ਦੇ ਹੱਕ ਵਿਚ ਮਾਰਚ ਕੀਤਾ ਜਾਵੇਗਾ।ਅੱਜ ਪੀੜਤਾ ਕੁਲਵਿੰਦਰ ਕੌਰ ਦੇ ਘਰ ਵਿੱਚ ਆਗੂ ਸੁਖਵਿੰਦਰ ਕੌਰ ਆਂਗਣਵਾੜੀ ਵਰਕਰ ਯੂਨੀਅਨ, ਔਰਤ ਮੁਕਤੀ ਮੋਰਚੇ ਦੇ ਆਗੂ ਕੁਲਵਿੰਦਰ ਕੌਰ, ਚਰਨਜੀਤ ਕੌਰ ਆਸ਼ਾ ਵਰਕਰਜ਼ ਯੂਨੀਅਨ, ਸੁਖਵਿੰਦਰ ਕੌਰ ਕੁੱਕ ਯੂਨੀਅਨ ਆਗੂਆਂ ਦੀ ਸਾਂਝੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿੱਚ ਫੈਸਲਾ ਕੀਤਾ ਕਿ ਗਿਆਰਾਂ ਤਰੀਕ ਦਿਨ ਵੀਰਵਾਰ ਨੂੰ ਵਲਟੋਹੇ ਕਸਬੇ ਵਿੱਚ ਪੀੜਤ ਕੁਲਵਿੰਦਰ ਕੌਰ ਦਾ ਮਾਣ- ਸਨਮਾਨ ਬਹਾਲ ਕਰਵਾਉਣ ਲਈ ਅਤੇ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਲਈ ਅਤੇ ਗੁੰਡਿਆਂ ਦੇ ਹੌਂਸਲੇ ਪਸਤ ਕਰਨ ਲਈ ਗਲੀਆਂ ਅਤੇ ਬਾਜ਼ਾਰ ਵਿੱਚ ਮਾਰਚ ਕੀਤਾ ਜਾਵੇਗਾ।ਇਸ ਮੌਕੇ ਹਰਿੰਦਰ ਕੌਰ ਬੁਟਾਹਰੀ ਔਰਤ ਮੁਕਤੀ ਮੋਰਚੇ ਦੀ ਸੂਬਾਈ ਆਗੂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਮਨੀਪੁਰ ਵਿੱਚ ਨਿਰਵਸਤਰ ਕਰਕੇ ਬਾਜ਼ਾਰਾਂ 'ਚ ਫੇਰਨ ਤੋਂ ਬਾਅਦ ਅਤਿ ਮਾਨਸਿਕ ਪੀੜ ਦੇਣ ਵਾਲੀ ਘਟਨਾ ਪੰਜਾਬ ਦੇ ਕਸਬੇ ਵਲਟੋਹੇ ਵਿੱਚ ਵਾਪਰ ਗਈ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਸਰਬਸੰਮਤੀ ਨਾਲ ਮੀਟਿੰਗ ਵਿੱਚ ਸ਼ਾਮਿਲ ਆਗੂਆਂ ਅਤੇ ਔਰਤਾਂ ਨੇ ਵਿਸ਼ਵਾਸ ਦਿਵਾਇਆ ਕਿ ਗਿਆਰਾਂ ਦੇ ਐਕਸ਼ਨ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ।ਅਧਿਆਪਕ ਆਗੂ ਜਤਿੰਦਰ ਕੌਰ ਰਾਮੂਵਾਲ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।ਇਸ ਮੀਟਿੰਗ ਵਿੱਚ ਮੌਜੂਦ ਔਰਤ ਭੈਣਾਂ ਨੂੰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਤਹਿਸੀਲ ਸਕੱਤਰ ਦਲਜੀਤ ਸਿੰਘ ਦਿਆਲਪੁਰਾ ਅਤੇ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਭਜਨ ਸਿੰਘ ਚੂਸਲੇਵੜ ਨੇ ਐਕਸ਼ਨ ਦੀ ਕਾਮਯਾਬੀ ਲਈ ਹਰ ਸਹਾਇਤਾ ਦੇਣ ਦਾ ਭਰੋਸਾ ਦਵਾਇਆ।ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜ਼ਿਲਾ ਪ੍ਰਧਾਨ ਚਮਨ ਲਾਲ ਦਰਾਜਕੇ ਅਤੇ ਮਹਿਲਾ ਮੁਕਤੀ ਮੋਰਚੇ ਦੀ ਜ਼ਿਲਾ ਜਨਰਲ ਸਕੱਤਰ ਨਰਿੰਦਰ ਕੌਰ ਨੇ ਵੀ ਐਕਸ਼ਨ ਦੀ ਹਮਾਇਤ ਲਈ ਸੰਦੇਸ਼ ਭੇਜੇ।

# ਗੁਰੂ ਨਾਭਾ ਦਾਸ ਜੀ ਦੀ ਬਾਣੀ ਮਨੁੱਖਤਾ ਨੂੰ ਪਿਆਰ ਤੇ ਸਦਭਾਵਨਾ ਦਾ ਸੰਦੇਸ਼ ਦਿੰਦੀ ਹੈ : ਬਹਿਲ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਬੱਬੇਹਾਲੀ ਵਿਖੇ ਗੁਰੂ ਨਾਭਾ ਦਾਸ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਇੱਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਕੇ ਗੁਰੂ ਨਾਭਾਦਾਸ ਜੀ ਦੇ ਪ੍ਰਕਾਸ਼ ਉਤਸਵ ਦੀ ਸਮੂਹ ਸੰਗਤ ਅਤੇ ਸ਼ਰਧਾਲੂਆਂ ਨੂੰ ਵਧਾਈ ਦਿੱਤੀ।ਇਸ ਮੌਕੇ ਗੁਰੂ ਨਾਭਾ ਦਾਸ ਸੇਵਾ ਕਮੇਟੀ ਵੱਲੋਂ ਚੇਅਰਮੈਨ ਰਮਨ ਬਹਿਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਚੇਅਰਮੈਨ ਬਹਿਲ ਨੇ ਸਾਰਿਆਂ ਨੂੰ ਇਸ ਪ੍ਰਕਾਸ਼ ਉਤਸਵ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਗੁਰੂ ਨਾਭਾ ਦਾਸ ਦੀ ਬਾਣੀ ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਦਿੰਦੀ ਹੈ। ਇਸ ਲਈ ਇੱਕ ਚੰਗੇ ਸਮਾਜ ਦੀ ਸਿਰਜਨਾ ਲਈ ਸਾਨੂੰ ਸਾਰਿਆਂ ਨੂੰ ਗੁਰੂ ਨਾਭਾ ਦਾਸ ਵੱਲੋਂ ਦੱਸੇ ਰਸਤੇ 'ਤੇ ਚੱਲਣ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਮਹਾਨ ਰੂਹਾਂ ਨੇ ਮਨੁੱਖਤਾ ਦੀ ਭਲਾਈ ਲਈ ਅਤੇ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਸਾਨੂੰ ਅਹਿਮ ਸੰਦੇਸ਼ ਦਿੱਤੇ ਹਨ ਪਰ ਚਿੰਤਾ ਦੀ ਗੱਲ ਹੈ ਕਿ ਅਜੋਕੇ ਦੌਰ ਵਿੱਚ ਲੋਕ ਸਵੈ-ਹਿੱਤਾਂ ਤੱਕ ਸੀਮਤ ਹੋ ਕੇ ਆਪਣੇ ਪੀਰਾਂ ਪੈਗੰਬਰਾਂ ਦੀ ਗੁਰਬਾਣੀ ਤੋਂ ਮੂੰਹ ਮੋੜ ਰਹੇ ਹਨ।

ਉਨ੍ਹਾਂ ਇਹ ਸਮਾਗਮ ਕਰਾਉਣ ਵਾਲੇ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਧਰਮ ਅਤੇ ਅਮੀਰ ਵਿਰਸੇ ਨਾਲ ਜੁੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਸਮਾਜ ਸੇਵੀ ਅਤੇ ਹੋਰ ਪ੍ਰਬੰਧਕ ਮੌਜੂਦ ਸਨ ਜਿਨ੍ਹਾਂ ਨੇ ਚੇਅਰਮੈਨ ਰਮਨ ਬਹਿਲ ਦਾ ਸਮਾਗਮ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ।

# ਭਾਜਪਾ ਵਰਕਰਾਂ ਨੇ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਵਿੱਚ ਭਾਜਪਾ ਵਰਕਰਾਂ ਵੱਲੋਂ ਭਾਰਤੀ ਜਨਤਾ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ ਜਿਸ ਵਿੱਚ ਸੀਨੀਅਰ ਭਾਜਪਾ ਆਗੂ ਵਿਨੈ ਚੌਧਰੀ ਅਤੇ ਅਸ਼ਵਨੀ ਮਹਾਜਨ (ਸਾਬਕਾ ਮੰਡਲ ਪ੍ਰਧਾਨ) ਦੀ ਪ੍ਰਧਾਨਗੀ ਹੇਠ ਬਹੁਤ ਸਾਰੇ ਸੀਨੀਅਰ ਭਾਜਪਾ ਵਰਕਰ ਪਹੁੰਚੇ ਜਿਸ ਵਿੱਚ ਸਭ ਤੋਂ ਪੁਰਾਣੇ ਭਾਜਪਾ ਵਰਕਰ ਪੁਰਸ਼ੋਤਮ ਲਾਲ ਕਮਾਂਡੋ ਅਤੇ ਰਾਕੇਸ਼ ਮਹਾਜਨ (ਸਾਬਕਾ ਪ੍ਰਧਾਨ ਮਿਊਂਸੀਪਲ ਕਮੇਟੀ) ਸਨ।

ਇਸ ਮੌਕੇ ਪਹੁੰਚੇ ਰਾਮਜੀਤ ਸ਼ਰਮਾ, ਰਣਜੀਤ ਸਲਾਰੀਆ, ਛੱਜੂ ਰਾਮ ਮਹਾਜਨ, ਰਮੇਸ਼ ਸ਼ਰਮਾ ਸਾਬਕਾ ਐੱਮ. ਸੀ., ਅਰੁਣ ਖਜੂਰੀਆ ਸਾਬਕਾ ਮੰਡਲ ਮੀਤ ਪ੍ਰਧਾਨ, ਅੰਕੁਰ ਨਈਅਰ ਸਾਬਕਾ ਸੀਨੀਅਰ ਮੀਤ ਪ੍ਰਧਾਨ, ਅਜੈ ਧਵਨ ਸਾਬਕਾ ਮੰਡਲ ਜਨਰਲ ਸਕੱਤਰ, ਸੰਦੀਪ ਠਾਕੁਰ ਸਾਬਕਾ ਮੰਡਲ ਪ੍ਰਧਾਨ, ਚਰਨਜੀਤ ਖਜੂਰੀਆ, ਵਿਸ਼ਾਲ ਭਾਰਤ, ਮਨੂ ਸ਼ਰਮਾ ਸਾਬਕਾ ਮੰਡਲ ਸਕੱਤਰ, ਅਸ਼ੀਸ਼ ਸ਼ਰਮਾ ਸਾਬਕਾ ਮੰਡਲ ਸਕੱਤਰ, ਰਾਜੇਸ਼ ਹਿੰਦੂ ਸਾਬਕਾ ਮੰਡਲ ਸੋਸ਼ਲ ਮੀਡੀਆ ਇੰਚਾਰਜ, ਅੰਤਰਿਕਸ਼ ਚੌਧਰੀ ਅਤੇ ਮਿਥੁਨ ਕੁਮਾਰ ਆਦਿ ਵਰਕਰ ਹਾਜ਼ਰ ਸਨ।

# ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ ਦੇ 450 ਸਾਲਾ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ 14 ਨੂੰ



ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 18 ਸਤੰਬਰ 2024 ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ ਦੀ ਮਨਾਈ ਜਾ ਰਹੀ 450 ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀ ਸ਼ੁਰੂਆਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 14 ਅਪਰੈਲ ਨੂੰ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਤੋਂ ਕੀਤੀ ਜਾ ਰਹੀ ਹੈ।ਇਨ੍ਹਾਂ ਸ਼ਤਾਬਦੀ ਸਮਾਗਮਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗਠਿਤ ਕੀਤੀ ਕਮੇਟੀ ਦੇ ਚੇਅਰਮੈਨ ਭਾਈ ਰਾਜਿੰਦਰ ਸਿੰਘ ਮਹਿਤਾ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਸ਼ਾਮਲ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਬਚਨ ਸਿੰਘ ਕਰਮੂੰਵਾਲਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸ਼ਮੂਲੀਅਤ ਕਰਦੇ ਹੋਏ 14 ਅਪਰੈਲ ਨੂੰ ਗੁਰਦੁਆਰਾ ਬਾਉਲੀ ਸਾਹਿਬ ਤੋਂ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ ਲਈ ਉਲੀਕੇ ਪ੍ਰੋਗਰਾਮ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਸ਼ਤਾਬਦੀ ਨੂੰ ਸਮਰਪਿਤ 14 ਅਪਰੈਲ ਨੂੰ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਪੰਜ ਪਿਆਰੇ ਸਾਹਿਬਾਨ ਦੇ ਰੂਪ ਵਿੱਚ ਸ਼ਾਮਲ ਹੋ ਕੇ ਅੰਮ੍ਰਿਤ ਸੰਚਾਰ ਕਰਵਾਉਣਗੇ।ਇਸੇ ਤਰ੍ਹਾਂ ਸ਼ਤਾਬਦੀ ਸਬੰਧੀ ਸ੍ਰੀ ਗੁਰੂ ਅਮਰਦਾਸ ਜੀ ਨਾਲ ਸੰਬੰਧਤ ਹੋਰ ਅਸਥਾਨਾਂ 'ਤੇ ਵੀ ਗੁਰਮਤਿ ਸਮਾਗਮ ਕੀਤੇ ਜਾਣਗੇ। ਉਨ੍ਹਾ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼ਤਾਬਦੀ ਸਮਾਗਮ ਤੋਂ ਸੰਗਤ ਨੂੰ ਜਾਣੂ ਕਰਵਾਉਣ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਿੰਘਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।ਇਹ ਜਥੇ ਪਿੰਡਾਂ ਵਿੱਚ ਭੇਜੇ ਜਾਣਗੇ, ਜੋ ਗੁਰਮਤਿ ਪ੍ਰਚਾਰ ਦੇ ਨਾਲ-ਨਾਲ ਸੰਗਤਾਂ ਨੂੰ ਸ਼ਤਾਬਦੀ ਸਮਾਗਮਾਂ ਸਬੰਧੀ ਵੀ ਜਾਣਕਾਰੀ ਦੇਣਗੇ।ਭਾਈ ਮਹਿਤਾ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ 14 ਅਪਰੈਲ ਤੋਂ ਪਹਿਲਾਂ ਪ੍ਰਬੰਧਕਾਂ ਪਾਸ ਆਪਣੇ ਨਾਮ ਦਰਜ ਕਰਵਾਉਣ।ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਗੁਰਬਚਨ ਸਿੰਘ ਕਰਮੂੰਵਾਲਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਗੁਰਾ ਸਿੰਘ, ਮੀਤ ਮੈਨੇਜਰ ਸਰਬਜੀਤ ਸਿੰਘ, ਸੁਖਦੇਵ ਸਿੰਘ ਅਕਾਊਂਟੈਂਟ, ਸੁਰਿੰਦਰ ਸਿੰਘ ਬਾਠ ਆਦਿ ਮੌਜੂਦ ਸਨ।

# ਕਾਮਰੇਡ ਮੰਗਤ ਰਾਮ ਪਾਸਲਾ ਨੇ ਸਰਗਰਮ ਮੈਂਬਰਾਂ ਨਾਲ ਕੀਤੀ ਅਹਿਮ ਮੀਟਿੰਗ



]ਪਠਾਨਕੋਟ 8 ਮਾਰਚ (ਦਵਿੰਦਰ ਸਿੰਘ)-ਮੋਦੀ ਇੱਕ ਤਾਂ ਫਿਰਕਾਪ੍ਰਸਤੀ ਦੇ ਆਧਾਰ 'ਤੇ ਲੋਕ ਸਭਾ ਚੋਣਾਂ ਜਿੱਤਣਾ ਚਾਹੁੰਦਾ ਹੈ ਅਤੇ ਦੂਸਰਾ ਉਸ ਨੇ ਇੱਕ ਹੋਰ ਲਤੀਫਾ ਜੋੜ ਲਿਆ ਹੈ ਕਿ ਉਹ ਦੇਸ਼ 'ਚੋਂ ਰਿਸ਼ਵਤਖੋਰੀ ਨੂੰ ਖਤਮ ਕਰਨਾ ਚਾਹੁੰਦਾ ਹੈ ਜਦੋਂਕਿ ਭਾਰਤੀ ਜਨਤਾ ਪਾਰਟੀ ਆਪ ਸਭ ਤੋਂ ਵੱਧ ਭਰਿਸ਼ਟਾਚਾਰ ਵਿੱਚ ਨੱਕੋ-ਨੱਕ ਭਰੀ ਹੋਈ ਹੈ। ਚੋਣ ਬਾਂਡਾਂ ਰਾਹੀਂ ਕਰੋੜਾਂ ਰੁਪਏ ਇਕੱਠੇ ਕੀਤੇ ਹੋਏ ਹਨ ਅਤੇ ਆਏ ਦਿਨ ਵਿਦੇਸ਼ੀ ਅਖਬਾਰਾਂ ਵਿੱਚ ਖਬਰਾਂ ਛਪਦੀਆਂ ਹਨ ਕਿ ਭਾਜਪਾ ਦੇ ਵਿਦੇਸ਼ਾਂ ਵਿਚ ਬੈਠੇ ਮਿੱਤਰ ਕਰੋੜਾਂ ਵਿਚ ਫੰਡਾਂ ਦੇ ਰੂਪ ਵਿੱਚ ਭੇਜਦੇ ਹਨ।

ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰਐੱਮਪੀਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਪਠਾਨਕੋਟ ਜ਼ਿਲ੍ਹੇ ਦੇ ਸਰਗਰਮ ਮੈਂਬਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਪ੍ਰੈੱਸ ਬਿਆਨ ਵਿਚ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਦੇਸ਼ ਨੂੰ ਆਰਥਿਕ ਤੌਰ ਅਤੇ ਸਮਾਜਿਕ ਤੌਰ 'ਤੇ ਬਰਬਾਦ ਕਰਨ ਦਾ ਮਨ ਬਣਾ ਚੁੱਕਾ ਹੈ।ਚੰਗਾ ਹੋਵੇ ਲੋਕ ਇਸ ਸੱਚਾਈ ਨੂੰ ਸਮਝ ਲੈਣ ਕਿ ਇਨ੍ਹਾਂ ਚੋਣਾਂ ਵਿੱਚ ਮੋਦੀ ਅਤੇ ਭਾਜਪਾ ਦੇ ਸਿੱਧੇ ਜਾਂ ਅਸਿੱਧੇ ਮਿੱਤਰਾਂ ਨੂੰ ਵੀ ਭਾਂਜ ਦੇਣੀ ਹੈ।ਚੋਣਾਂ ਦੇ ਸਮੇਂ ਦੌਰਾਨ ਮੋਦੀ ਸਰਕਾਰ ਵਿਰੁੱਧ ਪਾਰਟੀ ਦੇ ਖਿਲਾਫ ਸਿਆਸੀ ਬਦਲਾਖੋਰੀ ਤਹਿਤ ਆਗੂਆਂ ਨੂੰ ਫੜ-ਫੜ ਕੇ ਜੇਲ੍ਹਾਂ ਵਿੱਚ ਬੰਦ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਆਪ ਪਾਰਟੀ ਇਕ ਪਾਸੇ ਤਾਂ ਆਲ ਇੰਡੀਆ ਗੱਠਜੋੜ ਦਾ ਅੰਗ ਹੈ ਲੇਕਿਨ ਪੰਜਾਬ ਵਿੱਚ ਆਪ ਲੋਕ ਮਨਾਂ ਅੰਦਰ ਨਹੀਂ ਉਤਰ ਰਹੀ, ਕਿਉਂਕਿ ਇਹ ਫੋਕੀ ਬਿਆਨਬਾਜ਼ੀ ਨਾਲ ਕੰਮ ਸਾਰ ਲੈਣਾ ਚਾਹੁੰਦੀ ਹੈ।ਨੌਕਰੀਆਂ ਲਾਅ ਐਂਡ ਆਰਡਰ ਦੀ ਸਥਿਤੀ, ਭਰਿਸ਼ਟਾਚਾਰ, ਨਸ਼ਿਆਂ, ਗੈਰ-ਕਾਨੂੰਨੀ ਮਾਈਨਿੰਗ ਅਤੇ ਹੋਰ ਮੁੱਦਿਆਂ ਤੇ ਮਾਨ ਸਰਕਾਰ ਨੇ ਅਮਲੀ ਰੂਪ ਵਿੱਚ ਕੁਝ ਨਹੀਂ ਹੋ ਰਿਹਾ।ਆਰਐੱਮਪੀਆਈ ਇਹ ਸਮਝਦੀ ਹੈ ਕਿ ਲੋਕਾਂ ਨੂੰ ਸਾਰੀ ਸਥਿਤੀ ਨੂੰ ਸਮਝਦੇ ਹੋਏ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਨੂੰ ਜਿਤਾਉਣਾ ਚਾਹੀਦਾ ਹੈ ਅਤੇ ਭਾਜਪਾ ਦੀ ਵਿਚਾਰਧਾਰਾ ਤੇ ਉਸਦੇ ਮਿੱਤਰਾਂ ਨੂੰ ਹਰ ਹੀਲੇ ਹਰਾਉਣਾ ਚਾਹੀਦਾ ਹੈ।ਆਰਐੱਮਪੀਆਈ ਇਨ੍ਹਾਂ ਚੋਣਾਂ ਵਿੱਚ ਸ਼ਕਤੀ ਅਨੁਸਾਰ ਜਨ ਆਧਾਰ ਬਣਾ ਕੇ ਹੇਠਾਂ ਬੂਥ ਲੈਵਲ 'ਤੇ ਆਲ ਇੰਡੀਆ ਗੱਠਜੋੜ ਦੀ ਹਰ ਸੰਭਵ ਮਦਦ ਕਰੇਗੀ, ਇਹ ਲੜਾਈ ਕਿਸੇ ਇਕੱਲੀ ਪਾਰਟੀ ਦੀ ਨਹੀਂ ਬਲਕਿ ਸੰਵਿਧਾਨ ਤੇ ਜਮਹੂਰੀਅਤ ਨੂੰ ਬਚਾਉਣ ਅਤੇ ਦੇਸ਼ ਦੀ ਹੋਂਦ ਦੀ ਲੜਾਈ ਹੈ।ਮੌਕਾਪ੍ਰਸਤ ਲੋਕਾਂ ਦੀ ਗੱਲ ਕਰਦਿਆਂ ਕਾਮਰੇਡ ਪਾਸਲਾ ਨੇ ਕਿਹਾ ਕਿ ਕੁਝ ਰਾਜਸੀ ਲੋਕਾਂ ਨੇ ਦਲਬਦਲੀ ਕਰਕੇ ਰਾਜਨੀਤੀ ਨੂੰ ਬਦਨਾਮ ਕਰ ਦਿੱਤਾ ਹੈ।ਉਹ ਕਿਸੇ ਵੀ ਦਲ ਵਿੱਚ ਹੋਣ ਲੋਕੋ ਪਛਾਣਿਆ ਜਾਵੇ, ਇਨ੍ਹਾਂ ਲੋਕਾਂ ਦਾ ਸਿਧਾਂਤ ਕੋਈ ਨਹੀਂ ਕੇਵਲ ਸੱਤਾ ਤੇ ਪੈਸੇ ਲਈ ਹੀ ਦਲ ਬਦਲੀਆਂ ਕਰਦੇ ਹਨ। ਉਨ੍ਹਾਂ ਨੇ ਲੋਕਾਂ ਦਾ ਕੀ ਭਲਾ ਕਰਨਾ ਹੈ? ਇਨ੍ਹਾਂ ਦਾ ਨੋਟਿਸ ਲੈਣਾ ਬਣਦਾ ਹੈ।ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਹਰਿੰਦਰ ਸਿੰਘ ਰੰਧਾਵਾ ਨੇ ਕੀਤੀ।ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ, ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਅਤੇ ਤਹਿਸੀਲ ਸਕੱਤਰ ਕਾਮਰੇਡ ਬਲਵੰਤ ਸਿੰਘ ਘੋਹ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਆਰ ਐੱਮ ਪੀ ਆਈ ਨੇ 'ਭਾਜਪਾ ਹਰਾਓ, ਕਾਰਪੋਰੇਟ ਭਜਾਓ ਤੇ ਦੇਸ਼ ਬਚਾਓ' ਦਾ ਦਿੱਤਾ ਹੋਕਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਆਰਐੱਮਪੀਆਈ ਤਹਿਸੀਲ ਕਮੇਟੀ ਦੀ ਜਨਰਲ ਬਾਡੀ ਦਾ ਵੱਡਾ ਇਕੱਠ ਪਾਰਟੀ ਆਗੂਆਂ ਸਾਥੀ ਸੀਤਲ ਸਿੰਘ ਤਲਵੰਡੀ, ਗੁਰਨਾਮ ਸਿੰਘ ਉਮਰਪੁਰਾ, ਬੀਬੀ ਅਜੀਤ ਕੌਰ ਕੋਟਰਜਾਦਾ, ਦੇਸ਼ ਭਗਤ ਸਿੰਘ ਗੁਰਨਾਮ ਸਿੰਘ ਦਾਲਮ, ਨੌਜਵਾਨ ਆਗੂ ਸਤਵਿੰਦਰ ਸਿੰਘ ਓਠੀਆ ਤੇ ਸਾਹਿਬ ਸਿੰਘ ਠੱਠੀ ਦੀ ਪ੍ਰਧਾਨਗੀ ਹੇਠ ਕਰਕੇ 'ਭਾਜਪਾ ਹਰਾਓ, ਕਾਰਪੋਰੇਟ ਭਜਾਓ ਤੇ ਦੇਸ਼ ਬਚਾਓ' ਦਾ ਨਾਹਰਾ ਬੁਲੰਦ ਕੀਤਾ ਗਿਆ! ਇਸ ਖਚਾਖਚ ਭਰੇ ਇਕੱਠ ਨੂੰ ਸੰਬੋਧਨ ਕਰਦਿਆਂ ਆਰਐੱਮਪੀਆਈ ਪੰਜਾਬ ਦੇ ਸੂਬਾ ਪ੍ਰਧਾਨ ਸਾਥੀ ਰਤਨ ਸਿੰਘ ਰੰਧਾਵਾ ਨੇ ਕਿਹਾ ਕਿ ਭਾਈਚਾਰਕ ਸਾਂਝ ਤੇ ਫਿਰਕੂ ਸਦਭਾਵਨਾ ਦੀ ਰਾਖੀ ਲਈ, ਅਮਨ-ਸ਼ਾਂਤੀ ਕਾਇਮ ਰੱਖਣ ਅਤੇ ਬੇਲਗਾਮ ਕਾਰਪੋਰੇਟੀ ਤੇ ਸਾਮਰਾਜੀ ਲੁੱਟ ਨੂੰ ਠੱਲ੍ਹ ਪਾਉਣ ਲਈ ਲੋਕ ਸਭਾ ਚੋਣਾਂ ਦੌਰਾਨ ਸੰਵਿਧਾਨ ਨੂੰ ਬਚਾਉਣ ਤੇ ਆਰਐੱਸਐੱਸ (ਸੰਘ) ਦੇ ਫਿਰਕੂ-ਫਾਸ਼ਵਾਦੀ ਤੇ ਵੱਖਵਾਦੀ ਏਜੰਡੇ ਨੂੰ ਭਾਂਜ ਦੇਣ ਲਈ ਇਨ੍ਹਾਂ ਚੋਣਾਂ 'ਚ ਭਾਜਪਾ ਤੇ ਇਸ ਦੀਆਂ ਸਾਥੀ ਪਾਰਟੀਆਂ ਨੂੰ ਹਰਾਇਆ ਜਾਵੇ! ਸਾਥੀ ਰੰਧਾਵਾ ਨੇ ਅੱਗੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਨੀਤੀਆਂ ਧਾਰਨ ਕਰਕੇ ਪਿਛਲੇ ਦਸਾਂ ਸਾਲਾਂ ਵਿੱਚ ਬੇਰੁਜ਼ਗਾਰੀ-ਮਹਿਗਾਈ 'ਚ ਲੱਕਤੋੜਵਾਂ ਵਾਧਾ ਹੋਇਆ ਤੇ ਅਮੀਰ-ਗਰੀਬ ਵਿੱਚ ਪਾੜਾ ਖਤਰਨਾਕ ਹੱਦ ਤੱਕ ਚੱਲਿਆ ਗਿਆ। ਤਿੰਨ ਫੀਸਦੀ ਉਪਰਲੇ ਅਮੀਰ ਲੋਕਾਂ ਕੋਲ ਚਾਲੀ ਫੀਸਦੀ ਦੇਸ਼ ਦਾ ਧਨ ਇਕੱਠਾ ਹੋ ਗਿਆ! ਇਸ ਸਮੇਂ ਇਕੱਠ 'ਚ ਬੋਲਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਦਿੱਲੀ 'ਚ 14 ਮਾਰਚ ਨੂੰ ਕਿਸਾਨਾਂ-ਮਜ਼ਦੂਰਾਂ ਦੀ ਮਹਾਂ ਪੰਚਾਇਤ ਵਿੱਚ ਜਿਹੜਾ 8 ਨੁਕਾਤੀ ਏਜੰਡਾ ਐਲਾਨ ਕੀਤਾ ਗਿਆ ਸੀ ਕਿ ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ-ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਐੱਮਐੱਸਪੀ ਦੀ ਕਾਨੂੰਨੀ ਗਰੰਟੀ, ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਚੜ੍ਹਿਆ ਕਰਜ਼ਾ ਰੱਦ ਕੀਤਾ ਜਾਵੇ ਤੇ ਮਜ਼ਦੂਰਾਂ ਲਈ ਮਨਰੇਗਾ ਸਕੀਮ 200 ਦਿਨ ਚਲਾਉਣ ਤੇ ਇਸ ਦੀ ਦਿਹਾੜੀ 6 ਸੌ ਰੁਪਏ ਕਰਨ ਲਈ ਜਿਹੀਆਂ ਹੋਰ ਮੰਗਾਂ ਨਾ ਮੰਨਣ 'ਤੇ ਉਲਟਾ ਕਿਸਾਨਾਂ-ਮਜ਼ਦੂਰਾਂ ਦੇ ਘੋਲਾਂ 'ਤੇ ਲਾਠੀਚਾਰਜ ਤੇ ਨਜਾਇਜ਼ ਮੁਕੱਦਮੇ ਦਰਜ ਕਰਨ ਵਾਲੀ ਭਾਜਪਾ ਦੀ ਸਰਕਾਰ ਨੂੰ ਚੋਣਾਂ ਵਿੱਚ ਚਲਦਾ ਕੀਤਾ ਜਾਵੇ! ਡਾ. ਅਜਨਾਲਾ ਨੇ ਅੱਗੇ ਕਿਹਾ ਕਿ ਲੋਕ ਪੱਖੀ ਸਮਾਜਿਕ ਤਬਦੀਲੀ ਲਿਆਉਣ ਲਈ ਪੰਜਾਬ ਸਮੇਤ ਦੇਸ਼ ਦੀ ਸਮਾਜਿਕ ਸਥਿਤੀ ਨੂੰ ਸਮਝਦਿਆਂ ਕਿ ਸਾਡਾ ਸਮਾਜ ਕਿਸ ਅਵਸਥਾ ਵਿੱਚ ਹੈ ਅਤੇ ਪੈਦਾਵਾਰ ਦੀ ਵਿਧੀ ਦਾ ਸਰੂਪ ਕੀ ਹੈ ਅਤੇ ਨਾਲ ਇਹ ਵੀ ਜਾਣਦਿਆਂ ਕਿ ਸਾਡੇ ਦੇਸ਼ ਵਿੱਚ ਸਰਮਾਏਦਾਰ, ਜਗੀਰਦਾਰ ਰਾਜ ਕਰਦੇ ਹਨ ਯਾਨੀ ਕਾਰਪੋਰੇਟ ਤੇ ਪੂੰਜੀਪਤੀਆਂ ਕੋਲ ਰਾਜ ਸੱਤਾ ਹੈ ਅਤੇ ਇਸ ਅਵਸਥਾ ਨੂੰ ਤਬਦੀਲ ਕਰਨ ਲਈ ਬਝਵੇਂ ਘੋਲ ਕਰਨੇ ਚਾਹੀਦੇ ਹਨ ਤਾਂ ਹੀ ਬਾਬੇ ਨਾਨਕ ਦੇ ਭਾਈ ਲਾਲੋ ਨੂੰ ਸਮਾਜ 'ਚ ਅੱਗੇ ਲਿਆਉਣ ਲਈ ਉਪਰੋਕਤ ਮਲਕ ਭਾਗੂਆਂ ਨੂੰ ਖਦੇੜਨਾ ਸਮੇਂ ਦੀ ਲੋੜ ਹੈ।!ਇਸ ਮੌਕੇ ਇਹ ਵੀ ਫੈਸਲਾ ਕੀਤਾ ਗਿਆ ਕਿ ਜਿਹੜੀ ਮਹਾਂ ਰੈਲੀ 21 ਮਈ ਨੂੰ ਜਗਰਾਉਂ ਵਿਖੇ ਐੱਸਕੇਐੱਮ ਵੱਲੋਂ ਕੀਤੀ ਜਾ ਰਹੀ ਹੈ ਉਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਸ਼ਾਮਿਲ ਹੋਣਗੇ! ਇਸ ਇਕੱਠ ਵਿੱਚ ਹੋਰਨਾਂ ਤੋਂ ਇਲਾਵਾ ਵਿਰਸਾ ਸਿੰਘ ਟਪਿਆਲਾ, ਟਹਿਲ ਸਿੰਘ ਚੇਤਨਪੁਰਾ, ਜੱਗਾ ਸਿੰਘ ਡੱਲਾ ,ਬਲਕਾਰ ਸਿੰਘ ਗੁੱਲਗੜ, ਤਰਸੇਮ ਸਿੰਘ ਕਾਮਲਪੁਰਾ, ਸੁਰਜੀਤ ਸਿੰਘ ਭੂਰੇਗਿੱਲ, ਦੇਸਾ ਸਿੰਘ ਤੇ ਚਰਨ ਸਿੰਘ ਭਿੰਡੀ ਔਲਖ, ਗਾਇਕ ਗੁਰਪਾਲ ਗਿੱਲ ਸੈਦਪੁਰ, ਜੰਗਬਹਾਦਰ ਸਿੰਘ ਮਟੀਆਂ, ਬਲਦੇਵ ਸਿੰਘ ਰਾਏਪੁਰ, ਹਰਨੇਕ ਸਿੰਘ ਨੇਪਾਲ, ਰਜਿੰਦਰ ਸਿੰਘ ਭਲਾ ਪਿੰਡ, ਬਲਬੀਰ ਸਿੰਘ ਕੱਕੜ, ਬਿਕਰਮਜੀਤ ਸਿੰਘ ਕੁਹਾਲੀ ਤੇ ਭੁਪਿੰਦਰ ਸਿੰਘ ਖਿਆਲਾ, ਨੰਬਰਦਾਰ ਪ੍ਰਧਾਨ ਮਨਿੰਦਰ ਸਿੰਘ ਸ਼ਹੂਰਾ, ਦੇਸ਼ ਭਗਤ ਪਿਆਰਾ ਸਿੰਘ ਪੱਧਰੀ ਆਦਿ ਵੀ ਹਾਜ਼ਰ ਸਨ।

# ਸ਼ਾਰਪ ਵੱਲੋਂ ਇੰਡੀਅਨ ਬਿਜ਼ਨੈੱਸ ਲਈ ਸੁਜੈਕਰਮਪੁਰੀ ਚੇਅਰਮੈਨ ਨਿਯੁਕਤ

ਚੰਡੀਗੜ੍ਹ : ਨਾਮਵਰ ਕੰਪਨੀ ਸ਼ਾਰਪ ਨੇ 1 ਮਾਰਚ, 2024 ਤੋਂ ਆਪਣੇ ਇੰਡੀਆ ਬਿਜ਼ਨੈੱਸ ਲਈ ਸੁਜੈਕਰਮਪੁਰੀ ਨੂੰ ਚੇਅਰਮੈਨ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ।ਸੁਜੈਕਰਮਪੁਰੀ ਡਿਸਪਲੇ ਬਿਜ਼ਨੈੱਸ ਦੀ ਅਗਵਾਈ ਕਰਨਗੇ ਅਤੇ ਭਾਰਤ ਵਿੱਚ ਸ਼ਾਰਪ ਦੀ ਬ੍ਰਾਂਡ ਮੌਜੂਦਗੀ ਨੂੰ ਹੋਰ ਅੱਗੇ ਲੈ ਕੇ ਜਾਣਗੇ।ਇਸ ਤੋਂ ਇਲਾਵਾ ਸਭ ਤੋਂ ਮਹੱਤਵਪੂਰਨ ਗੱਲ ਸ਼ਾਰਪ ਦੇ ਆਧੁਨਿਕ ਇੰਜੀਨੀਅਰਿੰਗ ਉਤਪਾਦਾਂ, ਕੰਪੋਨੈਂਟ ਅਤੇ ਸਲਿਊਸ਼ਨ ਦੇ ਨਿਰਮਾਣ ਅਤੇ ਤਕਨਾਲੋਜੀ ਟਰਾਂਸਫਰ ਵਿੱਚ ਰਣਨੀਤਕ ਭਾਈਵਾਲੀ ਲਿਆਉਣਾ ਹੋਵੇਗਾ ਸ਼੍ਰੀ ਕਰਮਪੁਰੀ ਤੇਲੰਗਾਨਾ ਰਾਜ ਸਰਕਾਰ ਦੇ ਅੰਦਰ ਵਿਆਪਕ ਲੀਡਰਸ਼ਿਪ ਭੂਮਿਕਾ ਨਿਭਾਉਣ ਦੇ ਨਾਲ-ਨਾਲ ਇਲੈਕਟ੍ਰਾਨਿਕਸ ਅਤੇ ਸੈਮੀਕੰਡਕਟਰ ਦੇ ਡਾਇਰੈਕਟਰ, ਟੀ-ਵਰਕਸ ਦੇ ਸੀਈਓ, ਅਤੇ ਤੇਲੰਗਾਨਾ ਫਾਈਬਰ ਗਰਿੱਡ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਵੀ ਭੂਮਿਕਾਵਾਂ ਨਿਭਾ ਚੁੱਕੇ ਹਨ, ਸ਼ਾਰਪ ਵਿੱਚ ਸ਼੍ਰੀ ਕਰਮਪੁਰੀ ਦੀ ਨਿਯੁਕਤੀ ਰਣਨੀਤਕ ਸਹਿਯੋਗ, ਨਵੀਨਤਾ ਅਤੇ ਵਿਕਾਸ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੀ ਹੈ।

# ਡਾ: ਐੱਸ. ਪੀ. ਸਿੰਘ ਓਬਰਾਏ ਨੇ ਸੁਖਜਿੰਦਰ ਸਿੰਘ ਹੇਰ ਨੂੰ ਸਰਬੱਤ ਦਾ ਭਲਾ ਟਰੱਸਟ ਦਾ ਪੰਜਾਬ ਪ੍ਰਧਾਨ ਥਾਪਿਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਆਪਣੇ ਮਿਸਾਲੀ ਸੇਵਾ ਕਾਰਜਾਂ ਕਾਰਨ ਪੂਰੀ ਦੁਨੀਆ ਅੰਦਰ ਇੱਕ ਨਿਵੇਕਲੀ ਪਛਾਣ ਰੱਖਣ ਵਾਲੇ ਡਾ.ਐਸ.ਪੀ. ਸਿੰਘ ਓਬਰਾਏ ਵੱਲੋਂ ਸੁਖਜਿੰਦਰ ਸਿੰਘ ਹੇਰ ਨੂੰ ਨਾਮਵਰ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦਾ ਪੰਜਾਬ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ. ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਦੇ ਮਿਹਨਤੀ, ਇਮਾਨਦਾਰ ਅਤੇ ਅਣਥੱਕ ਮੈਂਬਰ ਸੁਖਜਿੰਦਰ ਸਿੰਘ ਹੇਰ (ਅੰਮ੍ਰਿਤਸਰ) ਜੋ ਕਿ ਪਹਿਲਾਂ ਟਰੱਸਟ ਵਿਚ ਬਤੌਰ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਅਤੇ ਮਾਝਾ ਜ਼ੋਨ ਦੇ ਇੰਚਾਰਜ ਵੱਜੋਂ ਸੇਵਾਵਾਂ ਨਿਭਾ ਰਹੇ ਸਨ, ਹੁਣ ਉਨ੍ਹਾਂ ਦੀ ਟਰੱਸਟ ਦੇ ਸੇਵਾ ਕਾਰਜਾਂ ਪ੍ਰਤੀ ਲਗਨ ਅਤੇ ਦ੍ਰਿੜ੍ਹਤਾ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੂਬਾ ਪ੍ਰਧਾਨ ਦੀ ਵੱਡੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ।ਡਾ. ਓਬਰਾਏ ਨੇ ਦੱਸਿਆ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਸੁਖਜਿੰਦਰ ਸਿੰਘ ਹੇਰ ਆਪਣੀ ਇਹ ਜ਼ਿੰਮੇਵਾਰੀ ਪੂਰੀ ਸ਼ਿੱਦਤ ਤੇ ਤਨਦੇਹੀ ਨਾਲ ਨਿਭਾਉਣਗੇ।ਡਾ: ਓਬਰਾਏ ਦੇ ਆਦੇਸ਼ਾਂ ਨੂੰ ਅਮਲੀ ਰੂਪ ਦਿੰਦਿਆਂ ਟਰੱਸਟ ਦੇ ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੰਘ ਸਿੱਧੂ, ਜਗਦੇਵ ਸਿੰਘ ਛੀਨਾ, ਮਨਪ੍ਰੀਤ ਸਿੰਘ ਸੰਧੂ, ਸ਼ਿਸ਼ਪਾਲ ਸਿੰਘ ਲਾਡੀ, ਅਮਰਜੀਤ ਸਿੰਘ ਸੰਧੂ ਅਤੇ ਮਨਪ੍ਰੀਤ ਸਿੰਘ ਕੰਬੋਜ ਨੇ ਸੁਖਜਿੰਦਰ ਸਿੰਘ ਹੇਰ ਨੂੰ ਡਾ: ਓਬਰਾਏ ਵੱਲੋਂ ਭੇਜੇ ਸਨਮਾਨ ਚਿੰਨ੍ਹ ਸੌਂਪੇ।ਇਸ ਮੌਕੇ ਸੁਖਜਿੰਦਰ ਹੇਰ ਨੇ ਡਾ: ਓਬਰਾਏ ਵੱਲੋਂ ਸੌਂਪੀ ਜ਼ਿੰਮੇਵਾਰੀ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਡਾ: ਓਬਰਾਏ, ਟਰੱਸਟ ਦੇ ਮੈਂਬਰਾਂ ਤੇ ਲੋੜਵੰਦਾਂ ਦੀਆਂ ਆਸਾਂ 'ਤੇ ਪੂਰਾ ਉੱਤਰਨ ਦਾ ਹਰ ਸੰਭਵ ਯਤਨ ਕਰਨਗੇ।

# ਵਿਸਾਖੀ ਦਿਹਾੜੇ 'ਤੇ ਬਿੰਦਰ ਸੁਮਨ ਵੱਲੋਂ ਗੁਰਾਇਆ ਵਿਸ਼ੇਸ਼ ਸਪਲੀਮੈਂਟ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਵੱਲੋਂ : ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਬਲਾਕ ਰੁੜਕਾ ਕਲਾਂ ਜ਼ਿਲ੍ਹਾ ਜਲੰਧਰ

ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ

1. ਰਿਹਾਇਸ਼ੀ ਫੁੱਟਬਾਲ ਸਾਲਾਨਾ 5000 ਫੁੱਟਬਾਲ ਖਿਡਾਰੀਆਂ ਨੂੰ ਫਰੀ ਟਰੇਨਿੰਗ ਅਤੇ ਖੇਡ ਕਿੱਟ।
2. 25 ਪਿੰਡਾਂ ਵਿੱਚ ਫੁੱਟਬਾਲ ਟ੍ਰੇਨਿੰਗ।
3. ਰੈਸਲਿੰਗ, ਕਬੱਡੀ ਅਤੇ ਵੇਟਲਿਫਟਿੰਗ ਦੀ ਮੁਫ਼ਤ ਟ੍ਰੇਨਿੰਗ।
4. 20 ਪਿੰਡਾਂ ਦੇ ਪ੍ਰਾਇਮਰੀ ਸਕੂਲਾਂ ਵਿੱਚ ਯੂਥ ਮੈਂਟਰਾਂ ਦੀ ਨਿਯੁਕਤੀ।
5. ਬਜ਼ੁਰਗਾਂ ਅਤੇ ਸਪੈਸ਼ਲ ਬੱਚਿਆਂ ਲਈ ਮੁਫ਼ਤ ਫਿਜ਼ੀਓਥੈਰੇਪੀ ਸੈਂਟਰ।
6. ਲੜਕੀਆਂ ਲਈ ਮੁਫ਼ਤ ਕੰਪਿਊਟਰ ਸਿੱਖਿਆ।
7. ਬਜ਼ੁਰਗਾਂ ਅਤੇ ਸਪੈਸ਼ਲ ਬੱਚਿਆਂ ਲਈ ਮੁਫ਼ਤ ਫਿਜ਼ੀਓਥੈਰੇਪੀ ਸੈਂਟਰ।
8. ਹਰ ਸਾਲ ਅੱਖਾਂ ਦਾ ਅਤੇ ਬਰੈਸਟ ਕੈਂਸਰ ਦਾ ਫਰੀ ਚੈਕਅਪ ਕੈਂਪ।
9. ਲਗਭਗ 80 ਦੇ ਕਰੀਬ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਰੋਜ਼ਗਾਰ।

ਕੰਪਿਊਟਰ ਸੈਂਟਰ | ਫਿਜ਼ੀਓਥੈਰੇਪੀ ਅਤੇ ਸਪੈਸ਼ਲ ਨੀਡਜ਼ ਸੈਂਟਰ | ਵਾਈ.ਐਫ.ਸੀ.ਫੁੱਟਬਾਲ ਅਕੈਡਮੀ | ਵਾਈ.ਐਫ.ਸੀ ਕੁਸ਼ਤੀ ਅਤੇ ਕਬੱਡੀ ਅਕੈਡਮੀ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਗੋਰਾ ਕੁਨਰ | ਜੀਤਾ ਸੋਢੀ | ਸ਼ਿੰਗਾਰਾ ਸਿੰਘ ਕੁਨਰ

Ph.: 01826-264433
Mob.: 81460-49273, 98783-60175, 84279-40800

Shingar Palace
Big Hall (AC), Mini Hall
G.T. ROAD, GORAYA (Jalandhar)

ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ | ਭਗਵੰਤ ਸਿੰਘ ਮਾਨ ਮੁੱਖ ਮੰਤਰੀ, ਪੰਜਾਬ | ਬਲਕਾਰ ਸਿੰਘ ਕੈਬਨਿਟ ਮੰਤਰੀ, ਪੰਜਾਬ | ਰਾਜਵਿੰਦਰ ਸਿੰਘ ਥਿਆੜਾ

ਜਾਰੀ ਕਰਤਾ : ਸੰਜੇ ਅਟਵਾਲ ਵਾਇਸ ਪ੍ਰਧਾਨ ਆਮ ਆਦਮੀ ਪਾਰਟੀ ਐਸ ਸੀ ਵਿੰਗ ਜਲੰਧਰ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਵੱਲੋਂ : ਬਿੱਟੂ ਜਮਾਲਪੁਰੀਆ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਰਣਜੀਤ ਸਿੰਘ ਢੇਡਾ ਯੂ ਕੇ | ਸਤਨਾਮ ਸਿੰਘ ਯੂ ਐਸ ਏ | ਅਵਤਾਰ ਸਿੰਘ ਯੂ ਐਸ ਏ

RK ARCHITECTS & ASSOCIATES
Architectural Design | Interior Design | Turn Key Projects
Ar. Rishi Kalia
B.ARCH, IIA Member
COA Approved
99155-64605, 98156-01263
ar.rishikalia@gmail.com
Near Mandir Bawa Balak Nath Ji, G.T. Road, Goraya-144409.

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਅਮਰਜੀਤ ਸਿੰਘ ਸੰਧੂ | ਤੀਰਥ ਸਿੰਘ ਢੇਸੀ | ਨਛੱਤਰ ਸਿੰਘ

SHREE HANUMAT-IMT
NO TUITION FEE FOR SC/ST (Punjab)
ADMISSION OPEN
Hotel Management
Medical Lab Sciences
Fashion Designing
BBA | BCA | B.Com (Hons.)
Hostel Facility Available in Campus
Scholarship For Brilliant Students
100% Placement Assistance



FREE BUS SERVICE AVAILABLE FROM GORAYA BUS STAND ONLY
SHORT TERM COURSES
Computer, Hotel Management, Fashion Designing
G.T. ROAD, GORAYA, DISTT. JALANDHAR (PB.) 144409 INDIA
M : +91-98145-00037
www.shimt.co.in
shimt0037@gmail.com

ਸਮੂਹ ਦੇਸ਼ ਵਾਸੀਆਂ ਨੂੰ ਵਿਸਾਖੀ ਅਤੇ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ

ਪਿੰਡ ਜੌਹਲ ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਯੂ ਕੇ





ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਜਗਪਾਲ ਸਿੰਘ ਗਿੱਲ | ਦਵਿੰਦਰ ਸਿੰਘ | ਗੁਰਵਿੰਦਰ ਸਿੰਘ ਸੰਘੇੜਾ | ਸਰਵਿੰਦਰ ਪਾਲ ਸਿੰਘ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਹਰਚੰਦ ਸਿੰਘ ਬਰਸਟ | ਪ੍ਰਦੀਪ ਢੰਡਸ

ਢੰਡਾ ਬ੍ਰਦਰਜ਼ ਵੱਲੋਂ ਸਮੂਹ ਦੇਸ਼ ਵਾਸੀਆਂ ਨੂੰ ਵਿਸਾਖੀ ਅਤੇ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ

ਮਨਜੀਤ ਢੰਡਾ ਯੂ ਕੇ | ਗੁਰਪ੍ਰੀਤ ਢੰਡਾ ਯੂ ਕੇ | ਮਨਿੰਦਰ ਢੰਡਾ ਯੂ ਕੇ | ਬਲਜਿੰਦਰ ਢੰਡਾ ਯੂ ਕੇ | ਮੰਗੀ ਢੰਡਾ ਯੂ ਕੇ | ਦੀਪਾ ਢੰਡਾ ਯੂ ਕੇ | ਰਿੰਕਾ ਢੰਡਾ ਯੂ ਐਸ ਏ | ਤਿੰਦਾ ਢੰਡਾ ਯੂ ਐਸ ਏ | ਬਿੰਦਰ ਸੁਮਨ ਢੰਡਾ

ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ
ਬਾਬਾ ਸੰਗ ਢੇਸੀਆਂ, ਗੁਰਾਇਆ (ਜਲੰਧਰ)
ਨੈਕ ਐਕਰੈਡਿਟ ਬੀ ਗਰੇਡ
ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਬੰਧਿਤ ਪ੍ਰਾਪਤ ਕਲਾਸਿਜ਼
ਦਾਖ਼ਲਾ ਸ਼ੁਰੂ ਸ਼ੈਸ਼ਨ 2024-25
ਬੀ.ਏ./ ਬੀ.ਕਾਮ/ਬੀ.ਸੀ.ਏ.
B.A. / B.Com. / B.C.A.
ਐਮ.ਏ. ਪੰਜਾਬੀ/ਪੋਲ ਸਾਇੰਸ/ਅੰਗਰੇਜ਼ੀ/ਐਮ. ਐਸ. ਸੀ. ਕੰਪਿਊਟਰ ਸਾਇੰਸ/ ਪੀ. ਜੀ. ਡੀ. ਸੀ. ਏ./ ਪੀ. ਜੀ. ਡਿਪਲੋਮਾ ਇਨ ਕਾਸਮੈਟੋਲੋਜੀ
M.A. Pbi/Pol. Sc./Eng/M.Sc. Computer Science/ P.G.D.C.A./P.G. Diploma in Cosmetology
ਬਿਊਟੀ ਕਲਚਰ, ਹੇਅਰ ਐਂਡ ਕੇਅਰ, ਸਪੋਕਨ ਇੰਗਲਿਸ਼, ਆਇਲੈਟਸ
ਕੰਪਿਊਟਰ ਡਾਟਾ ਐਂਟਰੀ ਓਪਰੇਟਰ
ਸਪੋਕਨ ਇੰਗਲਿਸ਼ ਅਤੇ ਕਮਿਊਨੀਕੇਸ਼ਨ ਸਕਿਲ ਕੋਰਸ
ਆਈਲੈਟਸ... ਕਲਾਸਿਜ਼ ਵਾਸਤੇ ਵਧੀਆ ਲੈਬ
Guru nanak Khalsa girls college Baba sang Dhesian branch Rauli
ਹੋਰ ਅਦਾਰੇ
1. GURU NANAK KHALSA GIRLS COLLEGIATE SR. SEC. SCHOOL
2. GURU NANAK KHALSA PUBLIC SCHOOL
3. GURU NANAK KHALSA INSTITUTE OF SPECIAL NEED
4. GURU NANAK KHALSA TECHNICAL INSTITUTE (Co-Ed)
ਬਿਊਟੀ ਕਲਚਰ
ਡਰੈਸ ਡਿਜ਼ਾਈਨਿੰਗ
ਕੰਪਿਊਟਰ ਐਪਲੀਕੇਸ਼ਨ
ਚਾਇਲਡ ਕੇਅਰ
ਹੋਸਟਲ ਦੀ ਸਹੂਲਤ
ਲੈਬ ਦੀ ਸਹੂਲਤ
ਵੱਲੋਂ : ਪ੍ਰਧਾਨ, ਸੈਕਟਰੀ
S. Gurpartap Singh Wadala MLA President | S. Surinder Pal Singh Thamanwal Sr. Vice President | S. Udham Singh Aulakh Jr. Vice President | S. Sukhjit Singh Johal Secretary | S. Punna Singh Dhesi Joint Secretary

ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ
AN AFFILIATED SCHOOL
100% RESULT IN 5th CLASS
UNBREAKABLE RECORD OF 100% MARKS
NIHAL SINGH 1st RANK IN PUNJAB (100%) 500/500 MARKS

Ambuja Cement
Dhanday Shuttering Centre
Baldeep Singh
Authorised Dealer of Ambuja Cement Limited

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
The Dhesian Sang Co-op. Agri. M/P Society Ltd.
Sang Dhesian. Teh. Phillaur, Distt. Jaandhar
Ph. 01826-268267

GOURAV KAUSHAL
B. Com., MBA, LL.M.
ADVOCATE & LEGAL CONSULTANT
Mobile : 98768-04689
Office : 01826-512480
E-mail : advgouravkaushal@gmail.com
PUNJAB & HARYANA HIGH COURT
Chamber No. 73, 2nd Floor, Civil Courts Complex, Phillaur.
Chamber No. 616-A, New Courts, Jalandhar.
Office cum Resi.: Near Gurudwara Patti Rawal Ki, V.P.O. Rurka Kalan, Teh. Phillaur, Jalandhar

REGISTER NOW
SCHOOL ADMISSION
OPEN FOR 2024-25
YOU WILL GET
AFFORDABLE FEES STRUCTURE
SCIENCE LAB
LANGUAGE LAB
UPDATED COMPUTER LAB
LIBRARY
VALUE EDUCATION
PROFESSIONAL TRAININGS
DISCPLINED ENVIRONMENT
Call for Registration 9041060708
Enroll Now

## ਨਗਰ ਕੌਂਸਲ ਗੁਰਾਇਆ, (ਜਲੰਧਰ)

## ਪਬਲਿਕ ਨੋਟਿਸ

ਸਮੂਹ ਸ਼ਹਿਰ ਨਿਵਾਸੀਆਂ ਨੂੰ ਕਾਰਜ ਸਾਧਕ ਅਫਸਰ, ਨਗਰ ਕੌਂਸਲ ਗੁਰਾਇਆ ਵੱਲੋਂ ਵਿਸਾਖੀ ਦੇ ਸ਼ੁੱਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆ ਦਿੰਦੇ ਹੋਏ ਅਪੀਲ ਕੀਤੀ ਜਾਂਦੀ ਹੈ ਕਿ ਸ਼ਹਿਰ ਵਾਸੀਆਂ ਨੂੰ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਵੱਲ ਨਿੱਜੀ ਧਿਆਨ ਦਿੰਦੇ ਹੋਏ ਹੇਠ ਲਿਖੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ਤਾਂ ਜੋ ਵਾਤਾਵਰਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਅਤੇ ਰੋਗ ਮੁਕਤ ਰੱਖਿਆ ਜਾ ਸਕੇ।

1. ਡੇਂਗੂ ਬੁਖਾਰ ਏਡੀਜ਼ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਖੜ੍ਹੇ ਪਾਣੀ ਦੇ ਸੋਮਿਆ ਵਿੱਚ ਪੈਦਾ ਹੁੰਦਾ ਹੈ। ਆਪਣੇ ਘਰਾਂ ਦੇ ਕੂਲਰਾਂ, ਗਮਲਿਆਂ ਅਤੇ ਫਰਿਜ਼ਾਂ ਦੀਆਂ ਟ੍ਰੇਆ ਵਿੱਚ ਖੜ੍ਹੇ ਪਾਣੀ ਨੂੰ ਹਰ ਹਫਤੇ ਬਦਲੋ। ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿਓ।ਸੌਣ ਸਮੇਂ ਮੱਛਰਦਾਨੀ ਦੀ ਵਰਤੋਂ ਕਰੋ। ਨਗਰ ਕੌਂਸਲ ਵਲੋਂ ਸ਼ਾਮ ਸਮੇਂ ਕੀਤੀ ਜਾਣ ਵਾਲੀ ਫੋਗਿੰਗ ਸਮੇਂ ਘਰਾਂ ਦੇ ਦਰਵਾਜੇ ਖਿੜਕੀਆਂ ਖੁੱਲੇ ਰੱਖੇ ਜਾਣ।

2. ਪਲਾਸਟਿਕ ਅਤੇ ਡਿਸਪੋਜਲ ਦੀ ਵਰਤੋਂ ਨਾ ਕੀਤੀ ਜਾਵੇ।ਨਾਲੀਆਂ ਵਿੱਚ ਪਲਾਸਟਿਕ ਦੇ ਲਿਫਾਫੇ, ਬੋਤਲਾਂ ਆਦਿ ਨਾ ਸੁੱਟੀਆ ਜਾਣ ਜਿਸ ਨਾਲ ਨਾਲੀਆਂ ਬਲਾਕ ਹੋ ਸਕਦੀਆ ਹਨ। ਪਲਾਸਟਿਕ ਸਾਡੇ ਵਾਤਾਵਰਣ ਨੂੰ ਦੂਸ਼ਿਤ ਕਰਦਾ ਹੈ ਅਤੇ ਇਹ ਜਾਨਲੇਵਾ ਜ਼ਹਿਰ ਹੈ।

3. ਆਪਣੇ ਘਰਾਂ ਦੇ ਕੂੜੇ ਨੂੰ ਗਿੱਲਾ ਅਤੇ ਸੁੱਕਾ ਅਲੱਗ-ਅਲੱਗ ਡਸਟਬੀਨਾਂ ਵਿੱਚ ਰੱਖਿਆ ਜਾਵੇ ਅਤੇ ਨਗਰ ਕੌਂਸਲ ਦੇ ਡੋਰ ਟੂ ਡੋਰ ਕੁਲੈਕਟਰ ਨੂੰ ਹੀ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਦਿੱਤਾ ਜਾਵੇ। ਕੂੜੇ ਨੂੰ ਖੁੱਲੇ ਵਿੱਚ ਜਾਂ ਪਲਾਟਾਂ ਵਿੱਚ ਨਾ ਸੁੱਟਿਆ ਜਾਵੇ। ਨਗਰ ਕੌਂਸਲ ਗੁਰਾਇਆ ਵੱਲੋਂ ਗਿੱਲੇ ਕੂੜੇ ਤੋ ਜੈਵਿਕ ਖਾਦ ਤਿਆਰ ਕੀਤੀ ਜਾਂਦੀ ਹੈ।

4. ਪੀਣ ਵਾਲੇ ਪਾਣੀ ਦੀ ਦੁਰਵਰਤੋ ਨਾ ਕੀਤੀ ਜਾਵੇ। ਟੂਟੀਆਂ ਨੂੰ ਖੁੱਲਾ ਨਾ ਛੱਡੋ। ਪਾਣੀ ਦੀ ਵਰਤੋ ਕਰਨ ਉਪਰੰਤ ਤੁਰੰਤ ਹੀ ਟੂਟੀਆਂ ਨੂੰ ਬੰਦ ਕੀਤਾ ਜਾਵੇ ਤਾਂ ਜੋ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ।

NGT ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।ਗੁਰਾਇਆ ਸ਼ਹਿਰ ਨੂੰ ਸਾਫ ਸੁਥਰਾ ਬਣਾਈ ਰੱਖਣ ਲਈ ਨਗਰ ਕੌਂਸਲ ਦਾ ਪੂਰਾ ਸਹਿਯੋਗ ਕੀਤਾ ਜਾਵੇ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਕੌਂਸਲ ਗੁਰਾਇਆ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
ਹੈਪੀ ਮਾਹੀ
ਸਮਾਜ ਸੇਵਕ ਤੇ ਨੰਬਰਦਾਰ

ਸਮੂਹ ਦੇਸ਼ ਵਾਸੀਆਂ ਨੂੰ ਵਿਸਾਖੀ ਅਤੇ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਦੀਆਂ ਲੱਖ-ਲੱਖ ਵਧਾਈਆਂ
M/S J.K. BATRA & SONS (GORAYA)
M/S J.K. BATRA & SONS (DOSANJH KALAN)
Commission Agent
Authorised Dealer :
Mak, Varuna, Ujjala Pumps & Parkash Pipe
Ph. 01826-262490, 501490, Mob. 98142-28817
Shop No. 7-8, Dana mandi Goraya (Jal.)

S.T.S WORLD SCHOOL
Affiliated to CBSE Code: 1630781
ADMISSION OPEN
FOR CLASS - XI
LIMITED SEATS
Session-2024-25
Happy Baisakhi



VILL. RAJGOMAL, TEHSIL PHILLAUR, DISTT. JALANDHAR
WWW.STSWORLDSCHOOL.EDU.IN, STSWS@YMAIL.COM, CONT: 8427866005